ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 145
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Wednesday, 27 May, 2026) ਬੁੱਧਵਾਰ, 27 ਮਈ, 2026, 13 ਜੇਠ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਅਦਾਲਤ ਵੱਲੋਂ ਮੁਅੱਤਲ ਡੀ.ਆਈ.ਜੀ. ਭੁੱਲਰ ਖ਼ਿਲਾਫ਼ ਰੋਜ਼ਾਨਾ ਸੁਣਵਾਈ ਦੀ ਮੰਗ ਰੱਦ

ਚੰਡੀਗੜ੍ਹ, 26 ਮਈ (ਚ.ਨ.ਸ.): ਚੰਡੀਗੜ੍ਹ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਪੰਜਾਬ ਪੁਲਿਸ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਅਤੇ ਸਾਥੀ ਕ੍ਰਿਸ਼ਨੂ ਸ਼ਾਰਦਾ ਖ਼ਿਲਾਫ਼ ਚੱਲ ਰਹੇ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਸੀ.ਬੀ.ਆਈ. ਦੀ ਅਰਜ਼ੀ ਦਾ ਨਿਪਟਾਰਾ ਕਰ ਦਿੱਤਾ ਹੈ। ਸੀ.ਬੀ.ਆਈ. ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 4 ਤਹਿਤ ਅਦਾਲਤ ਨੂੰ ਅਪੀਲ ਕੀਤੀ ਸੀ ਕਿ ਇਸ ਮਾਮਲੇ ਦੀ ਸੁਣਵਾਈ ਰੋਜ਼ਾਨਾ (ਡੇਅ-ਟੂ-ਡੇਅ ਟਰਾਇਲ) ਕੀਤੀ ਜਾਵੇ ਤਾਂ ਕਿ ਕੇਸ ਜਲਦੀ ਖ਼ਤਮ ਹੋ ਸਕੇ ਪਰ ਅਦਾਲਤ ਨੇ ਇਸ ਮੰਗ ਨੂੰ ਖਾਰਜ ਕਰਦਿਆਂ (ਬਾਕੀ ਸਫ਼ਾ 2 'ਤੇ)

# ਜੰਗਬੰਦੀ ਦੇ ਬਾਵਜੂਦ ਅਮਰੀਕਾ ਵੱਲੋਂ ਈਰਾਨ ਦੀਆਂ ਕਿਸ਼ਤੀਆਂ 'ਤੇ ਹਮਲਾ



ਚੜ੍ਹਦੀਕਲਾ ਬਿਊਰੋ
================

ਤੇਲ ਅਵੀਵ , 26 ਮਈ :ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਜੰਗਬੰਦੀ ਵਾਰਤਾ ਦੇ ਵਿਚਕਾਰ ਅਮਰੀਕੀ ਫੌਜ ਨੇ ਮੰਗਲਵਾਰ ਨੂੰ ਦੱਖਣੀ ਈਰਾਨ ਵਿਖੇ ਮਿਜ਼ਾਈਲ ਸਾਈਟਾਂ ਅਤੇ ਹੋਰਮੁਜ਼ ਸਟ੍ਰੇਟ ਨੇੜੇ ਬਾਰੂਦੀ ਸੁਰੰਗਾਂ ਵਿਛਾ ਰਹੀਆਂ ਕਿਸ਼ਤੀਆਂ ਨੂੰ ਨਿਸ਼ਾਨਾ ਬਣਾਇਆ। ਇਸ ਤੋਂ ਇਲਾਵਾ ਬੰਦਰ ਬੰਦਰਗਾਹ ਨੇੜੇ ਸਰਫੇਸ-ਟੂ-ਏਅਰ ਮਿਜ਼ਾਈਲ ਸਾਈਟ 'ਤੇ ਵੀ ਹਮਲਾ ਕੀਤਾ। ਅਮਰੀਕੀ ਸੈਂਟਰਲ ਕਮਾਂਡ ਅਨੁਸਾਰ ਇਹ ਕਾਰਵਾਈ ਸੈਲਫ-ਡਿਫੈਂਸ ਯਾਨੀ ਆਤਮ-ਰੱਖਿਆ ਵਿੱਚ ਕੀਤੀ ਗਈ। ਸੈਂਟਕਾਮ ਦੇ ਬੁਲਾਰੇ ਟਿਮੋਥੀ ਹਾਕਿਨਜ਼ ਨੇ ਕਿਹਾ ਕਿ ਅਮਰੀਕੀ ਸੈਨਿਕਾਂ ਅਤੇ ਜੰਗੀ ਜਹਾਜ਼ਾਂ ਨੂੰ ਖ਼ਤਰੇ ਤੋਂ ਬਚਾਉਣ ਲਈ ਇਹ ਹਮਲੇ ਕੀਤੇ ਗਏ। ਅਮਰੀਕੀ ਫੌਜ ਦਾ ਦੋਸ਼ ਹੈ ਕਿ ਬਾਰੂਦੀ ਸੁਰੰਗਾਂ ਵਿਛਾਉਣ ਨਾਲ ਅੰਤਰਰਾਸ਼ਟਰੀ ਜਹਾਜ਼ਾਂ ਅਤੇ ਅਮਰੀਕੀ ਜੰਗੀ ਜਹਾਜ਼ਾਂ ਨੂੰ ਖ਼ਤਰਾ ਹੋ ਸਕਦਾ ਸੀ। ਹਾਲਾਂਕਿ, ਹਾਕਿਨਜ਼ ਨੇ ਇਹ ਵੀ ਕਿਹਾ ਕਿ ਸੀਜ਼ਫਾਇਰ ਦੌਰਾਨ ਅਮਰੀਕਾ ਸੰਜਮ ਵਰਤ ਰਿਹਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਇਸ ਹਮਲੇ ਨਾਲ ਦੋਵਾਂ ਦੇਸ਼ਾਂ ਦੀ ਗੱਲਬਾਤ ਵਿੱਚ ਥੋੜ੍ਹੀ ਰੁਕਾਵਟ ਜ਼ਰੂਰ ਆ ਸਕਦੀ ਹੈ, ਪਰ ਫਿਲਹਾਲ ਸ਼ਾਂਤੀ ਵਾਰਤਾ ਰੁਕਦੀ ਦਿਖਾਈ ਨਹੀਂ ਦੇ ਰਹੀ।

## ਮੋਜਤਬਾ ਖਾਮੇਨੇਈ ਵੱਲੋਂ ਅਮਰੀਕਾ ਨੂੰ 'ਸ਼ੈਤਾਨ' ਦੱਸਦਿਆਂ ਖਾੜੀ ਦੇਸ਼ਾਂ ਨੂੰ ਚਿਤਾਵਨੀ

ਤੇਹਰਾਨ, 26 ਮਈ (ਚ.ਨ.ਸ.):ਈਰਾਨ ਦੇ ਨਵੇਂ ਸੁਪਰੀਮ ਲੀਡਰ ਮੋਜਤਬਾ ਖਾਮੇਨੇਈ ਨੇ ਅਮਰੀਕਾ ਅਤੇ ਇਜ਼ਰਾਈਲ 'ਤੇ ਤਿੱਖਾ ਹਮਲਾ ਕਰਦੇ ਹੋਏ ਖਾੜੀ ਦੇਸ਼ਾਂ ਨੂੰ ਗੰਭੀਰ ਚਿਤਾਵਨੀ ਦਿੱਤੀ ਹੈ। ਈਦ-ਉਲ-ਅਜ਼ਹਾ ਦੇ ਮੌਕੇ 'ਤੇ ਆਪਣੇ ਟੈਲੀਗ੍ਰਾਮ ਚੈਨਲ ਰਾਹੀਂ ਜਾਰੀ ਕੀਤੇ ਇੱਕ ਲਿਖਤੀ ਸੰਦੇਸ਼ 'ਚ ਖਾਮੇਨੇਈ ਨੇ ਅਮਰੀਕਾ ਨੂੰ 'ਮਹਾਨ ਸ਼ੈਤਾਨ' ਅਤੇ ਇਜ਼ਰਾਈਲ ਨੂੰ ਉਸ ਦਾ 'ਸਿਖਿਅਤ ਜਾਨਵਰ' ਕਰਾਰ ਦਿੱਤਾ ਹੈ।

**ਖਾੜੀ ਦੇਸ਼ਾਂ ਨੂੰ ਸਖ਼ਤ ਚਿਤਾਵਨੀ:** ਖਾਮੇਨੇਈ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ ਕਿ ਸਾਊਦੀ ਅਰਬ, ਯੂ.ਏ.ਈ. ਤੇ ਕਤਰ ਵਰਗੇ ਗੁਆਂਢੀ ਦੇਸ਼ ਹੁਣ ਅਮਰੀਕੀ ਫੌਜੀ ਅੱਡਿਆਂ ਲਈ 'ਢਾਲ' ਵਜੋਂ ਕੰਮ ਨਹੀਂ ਕਰਨਗੇ।(ਬਾਕੀ ਸਫ਼ਾ 2 'ਤੇ)

# ਪੰਜਾਬ ਨਿਗਮ ਚੋਣਾਂ ਦੌਰਾਨ 61 ਫ਼ੀਸਦੀ ਤੋਂ ਵੱਧ ਵੋਟਿੰਗ

## 29 ਮਈ ਨੂੰ ਹੋਵੇਗਾ ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 26 ਮਈ : ਪੰਜਾਬ ਵਿੱਚ ਮੰਗਲਵਾਰ ਨੂੰ ਅੱਠ ਨਗਰ ਨਿਗਮਾਂ, 75 ਨਗਰ ਕੌਂਸਲਾਂ ਅਤੇ 20 ਨਗਰ ਪੰਚਾਇਤਾਂ ਲਈ ਵੋਟਿੰਗ ਹੋਈ। ਵੋਟਿੰਗ ਸਵੇਰੇ 8 ਵਜੇ ਸ਼ੁਰੂ ਹੋਈ ਅਤੇ ਸ਼ਾਮ 5 ਵਜੇ ਤੱਕ ਜਾਰੀ ਰਹੀ। ਰਾਜ ਚੋਣ ਕਮਿਸ਼ਨ ਮੁਤਾਬਕ ਸ਼ਾਮ 5 ਵਜੇ ਤੱਕ 61 ਫੀਸਦੀ ਤੋਂ ਵੱਧ ਵੋਟਰਾਂ ਨੇ ਵੋਟਿੰਗ ਕੀਤੀ। ਹਾਲਾਂਕਿ, ਇਹ ਅੰਕੜਾ ਬਦਲ ਸਕਦਾ ਹੈ। ਵੋਟਿੰਗ ਈਵੀਐਮ ਦੀ ਬਜਾਏ ਬੈਲਟ ਪੇਪਰਾਂ ਦੀ ਵਰਤੋਂ ਕਰਕੇ ਕੀਤੀ ਗਈ। ਨਤੀਜੇ 29 ਮਈ ਨੂੰ ਐਲਾਨੇ ਜਾਣਗੇ।

ਵੋਟਿੰਗ ਦੌਰਾਨ ਕਈ ਥਾਵਾਂ 'ਤੇ ਹਿੰਸਕ ਝੜਪਾਂ ਦੀਆਂ ਖਬਰਾਂ ਸਾਹਮਣੇ ਆਈਆਂ। ਪਟਿਆਲਾ ਦੇ ਸਮਾਣਾ ਵਿੱਚ ਪੁਲਿਸ ਅਤੇ ਭੀੜ ਵਿਚਕਾਰ ਪੱਥਰਬਾਜ਼ੀ ਹੋਈ। ਪੁਲਿਸ ਨੇ ਭੀੜ 'ਤੇ ਲਾਠੀਚਾਰਜ ਕੀਤਾ। ਹਵਾਈ ਫਾਇਰਿੰਗ ਦੀਆਂ ਵੀ ਰਿਪੋਰਟਾਂ ਆਈਆਂ, ਜਿਸ ਦੌਰਾਨ ਇੱਕ ਨੌਜਵਾਨ ਨੂੰ ਕਰੰਟ ਲੱਗ ਗਿਆ।

ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਆਜ਼ਾਦ ਤੌਰ 'ਤੇ ਕੁੱਲ 7,555 ਉਮੀਦਵਾਰ ਚੋਣ ਮੈਦਾਨ ਵਿਚ ਸਨ, ਜਿਨ੍ਹਾਂ ਦੀ ਕਿਸਮਤ ਬੈਲਟ ਬਾਕਸਾਂ ਵਿੱਚ ਬੰਦ ਹੈ। ਪ੍ਰਸ਼ਾਸਨ ਵੱਲੋਂ ਵੋਟਾਂ ਦੀ ਗਿਣਤੀ ਨੂੰ ਲੈ ਕੇ ਗਿਣਤੀ ਕੇਂਦਰਾਂ 'ਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਜਾ ਰਹੇ ਹਨ।ਤੇਜ਼ ਗਰਮੀ ਦੇ ਬਾਵਜੂਦ, ਵੋਟਰਾਂ ਵਿੱਚ ਵੋਟ ਪਾਉਣ ਲਈ ਬਹੁਤ ਉਤਸ਼ਾਹ ਸੀ। ਲੋਕ ਸਵੇਰੇ ਤੜਕੇ ਹੀ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਪੋਲਿੰਗ ਸਟੇਸ਼ਨਾਂ 'ਤੇ ਪਹੁੰਚਣੇ ਸ਼ੁਰੂ ਹੋ ਗਏ। ਤੇਜ਼ ਗਰਮੀ ਦੇ ਬਾਵਜੂਦ, ਵੋਟਰਾਂ ਦਾ ਉਤਸ਼ਾਹ ਬਰਕਰਾਰ ਰਿਹਾ, ਔਰਤਾਂ, ਨੌਜਵਾਨਾਂ ਅਤੇ ਬਜ਼ੁਰਗਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।




## ਰਾਜਪੁਰਾ, ਨਾਭਾ, ਸਮਾਣਾ ਤੇ ਪਾਤੜਾਂ ਨਗਰ ਕੌਂਸਲਾਂ 'ਚ 61.02 ਫ਼ੀਸਦੀ ਵੋਟਿੰਗ

ਪਟਿਆਲਾ/ਰਾਜਪੁਰਾ, 26 ਮਈ (ਅੰਮ੍ਰਿਤਪਾਲ ਸਿੰਘ):ਜ਼ਿਲ੍ਹਾ ਪਟਿਆਲਾ 'ਚ ਰਾਜਪੁਰਾ, ਨਾਭਾ, ਸਮਾਣਾ ਤੇ ਪਾਤੜਾਂ ਨਗਰ ਕੌਂਸਲ ਦੀਆਂ ਆਮ ਚੋਣਾਂ ਲਈ ਅੱਜ ਪਈਆਂ ਵੋਟਾਂ ਦੌਰਾਨ 61.02 ਫੀਸਦੀ ਵੋਟਰਾਂ ਨੇ ਆਪਣੀਆਂ ਵੋਟਾਂ ਪਾਈਆਂ ਹਨ। ਇਹ ਪ੍ਰਗਟਾਵਾ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਅਤੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਦਮਨਜੀਤ ਸਿੰਘ ਮਾਨ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚਾਰੇ ਸ਼ਹਿਰਾਂ ਵਿੱਚ 92 ਵਾਰਡਾਂ ਵਿੱਚ ਕੁਲ 403 ਉਮੀਦਵਾਰ ਚੋਣ ਮੈਦਾਨ ਵਿੱਚ ਸਨ। ਇਨ੍ਹਾਂ 'ਚੋਂ 88 ਵਾਰਡਾਂ ਵਿੱਚ ਅੱਜ ਵੋਟਾਂ ਪਈਆਂ ਹਨ, ਕਿਉਂਕਿ ਪਾਤੜਾਂ ਦੀਆਂ ਚਾਰ ਵਾਰਡਾਂ ਵਿੱਚ ਉਮੀਦਵਾਰ ਬਿਨ੍ਹਾਂ ਮੁਕਾਬਲਾ ਜੇਤੂ ਰਹੇ ਸਨ। ਏ.ਡੀ.ਸੀ. ਨੇ ਦੱਸਿਆ ਕਿ ਇਹਨਾਂ ਚੋਣਾਂ ਲਈ ਕੁੱਲ 228 ਬੂਥ ਸਥਾਪਿਤ ਕੀਤੇ ਗਏ ਸਨ ਅਤੇ ਇਸ ਵਿੱਚ (ਬਾਕੀ ਸਫ਼ਾ 2 'ਤੇ)

## ਦੀਨਾਨਗਰ ਸਮੇਤ 4 ਨਗਰ ਕੌਂਸਲਾਂ ਲਈ ਵੋਟਿੰਗ 13 ਜੂਨ ਨੂੰ

ਚੰਡੀਗੜ੍ਹ , 26 ਮਈ (ਚ.ਨ.ਸ.): ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਦੁਆਰਾ ਪੰਜਾਬ ਮਿਊਂਸੀਪਲ ਐਕਟ, 1911 ਦੀ ਧਾਰਾ 13-ਏ ਅਧੀਨ ਜਾਰੀ ਨੋਟੀਫਿਕੇਸ਼ਨ ਨੰਬਰ 03/01/ਈਲੈਕਸ਼ਨਸ(ਐਸ-2)/ਐਮਈਬੀ/2026/78 ਮਿਤੀ 21.05.2026 ਅਨੁਸਾਰ ਰਾਜ ਚੋਣ ਕਮਿਸ਼ਨ ਪੰਜਾਬ ਨੇ ਨਗਰ ਕੌਂਸਲ ਦੀਨਾਨਗਰ, ਨਗਰ ਕੌਂਸਲ ਗੁਰਦਾਸਪੁਰ, ਨਗਰ ਕੌਂਸਲ ਕਾਦੀਆਂ ਅਤੇ ਨਗਰ ਕੌਂਸਲ ਸ਼ਾਮ ਚੌਰਾਸੀ ਦੇ ਮੈਂਬਰਾਂ ਦੀ ਚੋਣ ਲਈ ਆਮ ਚੋਣਾਂ ਕਰਵਾਉਣ ਦੀਆਂ ਤਰੀਕਾਂ ਦਾ ਐਲਾਨ ਕੀਤਾ ਹੈ। ਚੋਣ ਸ਼ਡਿਊਲ ਅਨੁਸਾਰ, ਨਾਮਜ਼ਦਗੀ ਪੱਤਰ 30.05.2026 (ਸ਼ਨੀਵਾਰ) ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ 03:00 ਵਜੇ ਤੱਕ ਸਬੰਧਤ ਰਿਟਰਨਿੰਗ ਅਫਸਰ ਦੇ ਦਫਤਰ ਵਿਖੇ ਦਾਖਲ ਕੀਤੇ ਜਾਣੇ ਸ਼ੁਰੂ ਹੋਣਗੇ ਅਤੇ ਆਖਰੀ ਮਿਤੀ 03.06.2026 (ਬੁੱਧਵਾਰ) (ਬਾਕੀ ਸਫ਼ਾ 2 'ਤੇ)

# ਡੇਰਾ ਮੁਖੀ ਰਾਮ ਰਹੀਮ 30 ਦਿਨਾਂ ਦੀ ਪੈਰੋਲ 'ਤੇ ਜੇਲ੍ਹ 'ਚੋਂ ਆਇਆ ਬਾਹਰ

ਚੜ੍ਹਦੀਕਲਾ ਬਿਊਰੋ
================

ਰੋਹਤਕ, 26 ਮਈ : ਜਬਰ ਜਨਾਹ ਦੇ ਮਾਮਲੇ ਵਿੱਚ ਡੇਰਾ ਮੁਖੀ ਰਾਮ ਰਹੀਮ ਨੂੰ ਇੱਕ ਵਾਰ ਫਿਰ ਪੈਰੋਲ ਮਿਲ ਗਈ ਹੈ ਅਤੇ ਉਹ ਮੰਗਲਵਾਰ ਨੂੰ ਸੁਨਾਰੀਆ ਪਿੰਡ ਦੀ ਜ਼ਿਲ੍ਹਾ ਜੇਲ੍ਹ ਤੋਂ ਪੈਰੋਲ 'ਤੇ ਬਾਹਰ ਆ ਗਿਆ ਹੈ। ਰਾਮ ਰਹੀਮ ਨੂੰ 30 ਦਿਨਾਂ ਦੀ ਪੈਰੋਲ ਦਿੱਤੀ ਗਈ ਹੈ। ਅਗਸਤ, 2017 ਵਿੱਚ ਇੱਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵੱਲੋਂ ਜੇਲ੍ਹ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਇਹ 16ਵੀਂ ਵਾਰ ਹੈ ਜਦੋਂ ਉਸ ਨੂੰ ਪੈਰੋਲ ਜਾਂ ਫਰਲੋ 'ਤੇ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਹੈ। ਵੇਰਵਿਆਂ ਅਨੁਸਾਰ ਉਹ ਸਵੇਰੇ 6:35 ਵਜੇ ਦੇ ਕਰੀਬ ਜੇਲ੍ਹ ਦੇ ਬਾਹਰ ਸਖ਼ਤ ਪੁਲਿਸ ਸੁਰੱਖਿਆ ਪ੍ਰਬੰਧਾਂ ਵਿਚਕਾਰ ਇੱਕ ਐਸ.ਯੂ.ਵੀ. ਵਿੱਚ ਬਾਹਰ ਆਇਆ। ਇਸ ਤੋਂ ਪਹਿਲਾਂ ਜਨਵਰੀ ਵਿੱਚ ਵੀ ਰਾਮ ਰਹੀਮ ਨੂੰ 40 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਡੇਰਾ ਸੱਚਾ ਸੌਦਾ ਮੁਖੀ ਆਪਣੀਆਂ ਦੋ ਚੇਲੀਆਂ ਨਾਲ ਜਬਰ ਜਨਾਹ ਕਰਨ ਦੇ ਮਾਮਲੇ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਉਸ ਨੂੰ 2017 ਵਿੱਚ ਪੰਚਕੂਲਾ ਦੀ ਇੱਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਦੁਆਰਾ ਦੋਸ਼ੀ ਕਰਾਰ ਦਿੱਤਾ ਗਿਆ ਸੀ।



## ਸੰਜੀਵ ਅਰੋੜਾ ਨੇ ਹਾਈਕੋਰਟ ਤੋਂ ਕੀਤੀ ਐਫ.ਆਈ. ਆਰ. ਰੱਦ ਕਰਨ ਦੀ ਮੰਗ

ਚੰਡੀਗੜ੍ਹ , 26 ਮਈ (ਚ.ਨ.ਸ.): ਈ.ਡੀ.(ਇਨਫੋਰਸਮੈਂਟ ਡਾਇਰੈਕਟੋਰੇਟ) ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਨਿਆਂਇਕ ਹਿਰਾਸਤ ਵਿੱਚ ਚੱਲ ਰਹੇ ਪੰਜਾਬ ਦੇ ਮੰਤਰੀ ਸੰਜੀਵ ਅਰੋੜਾ ਨੇ ਹੁਣ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਰੁਖ਼ ਕੀਤਾ ਹੈ। ਉਨ੍ਹਾਂ ਨੇ ਆਪਣੇ ਖ਼ਿਲਾਫ਼ ਦਰਜ ਐਫ.ਆਈ.ਆਰ. ਨੂੰ ਰੱਦ ਕਰਨ ਦੀ ਮੰਗ ਕਰਦਿਆਂ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਸੰਜੀਵ ਅਰੋੜਾ ਖ਼ਿਲਾਫ਼ ਇਹ ਮਾਮਲਾ ਹਰਿਆਣਾ ਦੇ ਗੁਰੂਗ੍ਰਾਮ ਵਿਖੇ ਦਰਜ ਕੀਤਾ ਗਿਆ ਸੀ। ਓਹਨਾਂ ਖ਼ਿਲਾਫ਼ ਇਹ ਐਫ.ਆਈ.ਆਰ. ਨੰਬਰ ਅਤੇ ਮਿਤੀ 18-04-2026 ਨੂੰ ਪੁਲਿਸ ਥਾਣਾ ਉਦਯੋਗ ਵਿਹਾਰ, ਗੁਰੂਗ੍ਰਾਮ (ਹਰਿਆਣਾ) (ਬਾਕੀ ਸਫ਼ਾ 2 'ਤੇ)

# ਪੰਜਾਬ 'ਚ 28 ਮਈ ਤੱਕ ਗਰਮੀ ਤੋਂ ਰਾਹਤ ਨਹੀਂ, ਸ਼ੁੱਕਰਵਾਰ ਤੋਂ ਝੱਖੜ-ਮੀਂਹ ਦੀ ਪੇਸ਼ੀਨਗੋਈ

## 60-70 ਕਿਲੋਮੀਟਰ ਦੀ ਰਫ਼ਤਾਰ ਨਾਲ ਚੱਲਣਗੀਆਂ ਹਵਾਵਾਂ; 29 ਮਈ ਤੋਂ ਪਾਰਾ ਡਿੱਗੇਗਾ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 26 ਮਈ : ਮੌਸਮ ਵਿਭਾਗ ਵਲੋਂ ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਵਿੱਚ ਵੀਰਵਾਰ ਤੱਕ ਲੂ (ਹੀਟਵੇਵ) ਦਾ ਕਹਿਰ ਰਹੇਗਾ ਪਰ ਇਸ ਦੇ ਨਾਲ ਹੀ ਰਾਹਤ ਦੀ ਖ਼ਬਰ ਵੀ ਹੈ। ਮੌਸਮ ਵਿਭਾਗ ਨੇ ਦੱਸਿਆ ਕਿ ਸ਼ੁੱਕਰਵਾਰ ਤੋਂ ਤੇਜ਼ ਮੀਂਹ ਪਵੇਗਾ ਅਤੇ 60-70 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣਗੀਆਂ ਜਿਸ ਨਾਲ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਅੱਤ ਦੀ ਗਰਮੀ ਤੋਂ ਵੱਡੀ ਰਾਹਤ ਮਿਲੇਗੀ। ਪਿਛਲੇ 24 ਘੰਟਿਆਂ ਦੌਰਾਨ ਚੰਡੀਗੜ੍ਹ ਸਮੇਤ ਦੋਵਾਂ ਸੂਬਿਆਂ ਵਿੱਚ ਮੌਸਮ ਖੁਸ਼ਕ ਰਿਹਾ ਅਤੇ ਹਰਿਆਣਾ ਦੇ ਕੁਝ ਹਿੱਸਿਆਂ ਵਿੱਚ ਰਾਤ ਦਾ ਤਾਪਮਾਨ ਵੀ ਕਾਫ਼ੀ ਗਰਮ ਦਰਜ ਕੀਤਾ ਗਿਆ।

ਮੌਸਮ ਵਿਭਾਗ ਦੇ ਵਿਸ਼ੇਸ਼ ਬੁਲੇਟਿਨ ਅਨੁਸਾਰ ਅਗਲੇ ਦੋ ਦਿਨਾਂ ਦੌਰਾਨ ਕੇਂਦਰੀ, ਦੱਖਣੀ ਅਤੇ ਦੱਖਣ-ਪੱਛਮੀ ਪੰਜਾਬ ਸਮੇਤ ਪੂਰੇ ਹਰਿਆਣਾ ਵਿੱਚ ਪਾਰਾ 45 ਡਿਗਰੀ ਸੈਲਸੀਅਸ ਤੋਂ 47ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦੀ ਸੰਭਾਵਨਾ ਹੈ, ਜਦੋਂ ਕਿ ਚੰਡੀਗੜ੍ਹ ਅਤੇ ਪੰਜਾਬ ਦੇ ਬਾਕੀ ਹਿੱਸਿਆਂ ਵਿੱਚ ਤਾਪਮਾਨ 42 ਡਿਗਰੀ ਸੈਲਸੀਅਸ ਤੋਂ 45ਡਿਗਰੀ ਸੈਲਸੀਅਸ ਦੇ ਵਿਚਕਾਰ ਰਹੇਗਾ। ਬੁੱਧਵਾਰ ਨੂੰ ਮੌਸਮ ਵਿੱਚ ਕੋਈ ਖਾਸ ਬਦਲਾਅ ਨਹੀਂ ਹੋਵੇਗਾ ਪਰ ਉਸ ਤੋਂ ਬਾਅਦ ਅਗਲੇ ਤਿੰਨ ਦਿਨਾਂ ਵਿੱਚ ਤਾਪਮਾਨ ਵਿੱਚ 5 ਤੋਂ 7 ਡਿਗਰੀ ਸੈਲਸੀਅਸ ਦੀ ਗਿਰਾਵਟ ਆਵੇਗੀ, ਜਿਸ ਨਾਲ ਸ਼ੁੱਕਰਵਾਰ ਤੋਂ ਲੂ ਦਾ ਪ੍ਰਕੋਪ ਖ਼ਤਮ ਹੋ ਜਾਵੇਗਾ। (ਬਾਕੀ ਸਫ਼ਾ 2 'ਤੇ)



## ਸੀ.ਐਨ.ਜੀ. ਦੀ ਕੀਮਤ 'ਚ 2 ਰੁ: ਦਾ ਵਾਧਾ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 26 ਮਈ :ਦੇਸ਼ ਦੀ ਰਾਜਧਾਨੀ ਵਿੱਚ ਸੀ.ਐਨ.ਜੀ. ਦੀ ਕੀਮਤ ਵਿੱਚ 2 ਰੁਪਏ ਪ੍ਰਤੀ ਕਿੱਲੋ ਦਾ ਵਾਧਾ ਕੀਤਾ ਗਿਆ ਹੈ, ਜੋ ਕਿ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਵਿੱਚ ਚੌਥੀ ਵਾਰ ਹੋਇਆ ਵਾਧਾ ਹੈ। ਇੰਦਰਪ੍ਰਸਥ ਗੈਸ ਲਿਮਟਿਡ ਮੁਤਾਬਕ, ਹੁਣ ਸੀ.ਐਨ.ਜੀ. ਦੀ ਕੀਮਤ 83.09 ਰੁਪਏ ਪ੍ਰਤੀ ਕਿੱਲੋ ਹੋਵੇਗੀ। 15 ਮਈ ਤੋਂ ਬਾਅਦ ਇਹ ਚੌਥਾ ਵਾਧਾ ਹੈ, ਜਿਸ ਨਾਲ ਹੁਣ ਤੱਕ ਕੁੱਲ ਮਿਲਾ ਕੇ ਕੀਮਤਾਂ ਵਿੱਚ 4 ਰੁਪਏ ਪ੍ਰਤੀ ਕਿੱਲੋ ਦਾ ਵਾਧਾ ਹੋ ਚੁੱਕਾ ਹੈ। ਸੀ.ਐਨ.ਜੀ. ਦੀਆਂ ਵਧੀਆਂ ਕੀਮਤਾਂ ਦਾ ਅਸਰ ਦਿੱਲੀ ਅਤੇ ਮੁੰਬਈ ਵਰਗੇ ਸ਼ਹਿਰਾਂ ਦੇ ਜਨਤਕ ਟਰਾਂਸਪੋਰਟ (ਪਬਲਿਕ ਟਰਾਂਸਪੋਰਟ) 'ਤੇ ਵੀ ਪਵੇਗਾ, ਕਿਉਂਕਿ ਉੱਥੇ ਵੱਡੀ ਗਿਣਤੀ ਵਿੱਚ ਬੱਸਾਂ ਅਤੇ ਟੈਕਸੀਆਂ ਇਸੇ ਬਾਲਣ (ਫ਼ਿਊਲ) 'ਤੇ ਚੱਲਦੀਆਂ ਹਨ। ਦੂਜੇ ਪਾਸੇ, ਗਲੋਬਲ ਕੱਚੇ ਤੇਲ ਦੇ ਬਾਜ਼ਾਰ ਵਿੱਚ ਉਤਾਰ-ਚੜ੍ਹਾਅ ਅਤੇ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਭੂ-ਰਾਜਨੀਤਿਕ ਤਣਾਅ ਦਰਮਿਆਨ ਸੋਮਵਾਰ ਨੂੰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵੀ ਇੱਕ ਵਾਰ ਫਿਰ ਵਾਧਾ ਕੀਤਾ ਗਿਆ, ਜੋ ਕਿ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਵਿੱਚ ਚੌਥਾ ਵਾਧਾ ਹੈ। ਇਸ ਤਾਜ਼ਾ ਬਦਲਾਅ ਤੋਂ ਬਾਅਦ ਦਿੱਲੀ ਵਿੱਚ ਪੈਟਰੋਲ ਦੀਆਂ ਕੀਮਤਾਂ 100 ਰੁਪਏ ਦਾ ਅੰਕੜਾ ਪਾਰ ਕਰ ਗਈਆਂ ਹਨ। ਪੈਟਰੋਲ 2.61 ਰੁਪਏ ਮਹਿੰਗਾ (ਬਾਕੀ ਸਫ਼ਾ 2 'ਤੇ)




## ਮੱਧ ਪ੍ਰਦੇਸ਼ 'ਚ ਖੂਹ ਪੁੱਟਦਿਆਂ ਹੋਏ ਹਾਦਸੇ ਦੌਰਾਨ ਪੰਜ ਮਜ਼ਦੂਰਾਂ ਦੀ ਮੌਤ

ਪੰਨਾ, 26 ਮਈ (ਚ.ਨ.ਸ.): ਪੰਨਾ: ਮੱਧ ਪ੍ਰਦੇਸ਼ ਦੇ ਪੰਨਾ ਜ਼ਿਲ੍ਹੇ ਦੇ ਅਜੈਗੜ੍ਹ ਥਾਣਾ ਖੇਤਰ ਵਿੱਚ ਇੱਕ ਵੱਡੇ ਹਾਦਸੇ ਦੀ ਖ਼ਬਰ ਹੈ। ਅਜੈਗੜ੍ਹ ਥਾਣੇ ਅਧੀਨ ਪੈਂਦੇ ਪਿੰਡ ਬਿਹਾਰਪੁਰਵਾ ਵਿੱਚ ਇੱਕ ਨਿਰਮਾਣ ਅਧੀਨ ਖੂਹ ਦੇ ਧਸਣ ਕਾਰਨ ਦਰਦਨਾਕ ਹਾਦਸਾ ਵਾਪਰ ਗਿਆ, ਜਿਸ ਵਿੱਚ 5 ਲੋਕਾਂ ਦੀ ਦਰਦਨਾਕ ਮੌਤ ਹੋ ਗਈ ਹੈ। ਸਾਰੇ ਮਜ਼ਦੂਰ ਰੇਤ ਦੀ ਖੱਡ ਵਰਗੇ ਖੂਹ ਵਿੱਚ ਕੰਮ ਕਰ ਰਹੇ ਸਨ, ਜਦੋਂ ਅਚਾਨਕ ਉੱਥੋਂ ਦੀ ਮਿੱਟੀ ਧਸ ਗਈ ਅਤੇ ਸਾਰੇ ਮਲਬੇ ਹੇਠਾਂ ਜ਼ਿੰਦਾ ਦੱਬ ਗਏ। ਹਾਦਸੇ ਵਿੱਚ ਪੰਜ ਲੋਕਾਂ ਦੀ ਮੌਤ ਤੋਂ ਬਾਅਦ ਪੂਰੇ ਪਿੰਡ ਵਿੱਚ ਅਫਰਾ-ਤਫਰੀ ਮਚ ਗਈ। ਸੂਚਨਾ ਮਿਲਦੇ ਹੀ ਪ੍ਰਸ਼ਾਸਨ ਅਤੇ ਪੁਲਿਸ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਰਾਹਤ ਤੇ ਬਚਾਅ ਕਾਰਜ ਸ਼ੁਰੂ ਕੀਤਾ ਗਿਆ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ।ਪੰਨਾ ਵਿੱਚ ਖੂਹ ਧਸਣ (ਬਾਕੀ ਸਫ਼ਾ 2 'ਤੇ)

# ਲਹਿੰਦੇ ਪੰਜਾਬ ਦੀ ਸਰਕਾਰ ਨੇ ਕੱਟੜਪੰਥੀਆਂ ਦੇ ਵਿਰੋਧ ਤੋਂ ਬਚਣ ਲਈ ਲਾਹੌਰ ਦੀਆਂ ਸੜਕਾਂ ਦੇ ਨਾਮ ਬਦਲਣ ਦੀ ਯੋਜਨਾ ਟਾਲੀ

ਚੜ੍ਹਦੀਕਲਾ ਬਿਊਰੋ
================

ਲਾਹੌਰ,26 ਮਈ :ਕੁਝ 'ਕੱਟੜਪੰਥੀ ਅਨਸਰਾਂ' ਦੇ ਦਬਾਅ ਅੱਗੇ ਝੁਕਦੇ ਹੋਏ, ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਲਾਹੌਰ ਦੀਆਂ ਸੜਕਾਂ ਅਤੇ ਕਈ ਗਲੀਆਂ ਦੇ ਅਸਲੀ ਇਤਿਹਾਸਕ ਨਾਮ ਬਹਾਲ ਕਰਨ ਦੀ ਆਪਣੀ ਯੋਜਨਾ ਨੂੰ ਟਾਲ ਦਿੱਤਾ ਹੈ। ਇਸ ਯੋਜਨਾ ਦਾ ਉਦੇਸ਼ ਸ਼ਹਿਰ ਦੀ ਵੰਡ ਤੋਂ ਪਹਿਲਾਂ ਦੀ ਵਿਰਾਸਤ ਨੂੰ ਸੁਰਜੀਤ ਕਰਨਾ ਸੀ। ਇੱਕ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ ਹੈ।

ਲਾਹੌਰ ਹੈਰੀਟੇਜ ਏਰੀਆਜ਼ ਰਿਵਾਈਵਲ (ਐਲ.ਐਚ.ਏ.ਆਰ.) ਨੇ ਹਾਲ ਹੀ ਵਿੱਚ ਹੋਈ ਆਪਣੀ ਇੱਕ ਮੀਟਿੰਗ ਵਿੱਚ, ਜਿਸ ਦੀ ਸਾਂਝੀ ਪ੍ਰਧਾਨਗੀ ਪੀ.ਐੱਮ.ਐੱਲ.-ਐੱਨ ਦੇ ਪ੍ਰਧਾਨ ਅਤੇ ਤਿੰਨ ਵਾਰ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਅਤੇ ਉਨ੍ਹਾਂ ਦੀ ਬੇਟੀ, ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਕੀਤੀ ਸੀ, ਲਾਹੌਰ ਅਤੇ ਇਸ ਦੇ ਆਲੇ-ਦੁਆਲੇ ਦੀਆਂ ਸੜਕਾਂ ਅਤੇ ਗਲੀਆਂ ਦੇ ਅਸਲੀ ਇਤਿਹਾਸਕ ਨਾਮ ਬਹਾਲ ਕਰਨ ਦੀ ਮਨਜ਼ੂਰੀ ਦਿੱਤੀ ਸੀ। ਮੁੱਖ ਮੰਤਰੀ ਦਫ਼ਤਰ ਨੇ ਇੱਕ ਬਿਆਨ ਵਿੱਚ ਮੀਡੀਆ ਨੂੰ ਇਸ ਫੈਸਲੇ ਬਾਰੇ ਜਾਣਕਾਰੀ ਦਿੱਤੀ ਸੀ। ਹਾਲਾਂਕਿ, ਸਰਕਾਰ ਹੁਣ ਇਸ ਫੈਸਲੇ ਤੋਂ ਪਿੱਛੇ ਹਟਦੀ (ਯੂ-ਟਰਨ ਲੈਂਦੀ) ਨਜ਼ਰ ਆ ਰਹੀ ਹੈ, ਅਤੇ ਇਹ ਕਹਿ ਰਹੀ ਹੈ ਕਿ ਉਹ ਲਾਹੌਰ ਦੀਆਂ ਸੜਕਾਂ ਅਤੇ ਗਲੀਆਂ ਦੇ ਅਸਲੀ ਨਾਮ ਬਹਾਲ ਕਰਨ 'ਤੇ ਅਜੇ ਵੀ ਵਿਚਾਰ ਕਰ ਰਹੀ ਹੈ।

ਲਾਹੌਰ ਦੇ ਡਿਪਟੀ ਕਮਿਸ਼ਨਰ ਕੈਪਟਨ (ਸੇਵਾਮੁਕਤ) ਮੁਹੰਮਦ ਅਲੀ ਇਜਾਜ਼ ਨੇ ਸੋਮਵਾਰ ਨੂੰ ਇੱਕ ਅਖ਼ਬਾਰ ਨੂੰ ਦੱਸਿਆ, 'ਅਜੇ ਤੱਕ ਅਜਿਹਾ ਕੋਈ ਫੈਸਲਾ ਨਹੀਂ ਲਿਆ ਗਿਆ ਹੈ।'

ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਸ਼ਰੀਫ਼ ਅਤੇ ਮਰੀਅਮ ਦੋਵਾਂ ਨੇ ਅਸਲੀ ਨਾਮ ਬਹਾਲ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ (ਬਾਕੀ ਸਫ਼ਾ 2 'ਤੇ)



## ਲੈਫ. ਜਨਰਲ ਹਰਜੀਤ ਸਿੰਘ ਸਾਹੀ ਨੇ ਪੱਛਮੀ ਕਮਾਨ ਦੇ ਚੀਫ਼ ਆਫ਼ ਸਟਾਫ਼ ਦਾ ਅਹੁਦਾ ਸੰਭਾਲਿਆ

ਪੰਚਕੂਲਾ, 26 ਮਈ (ਚ.ਨ.ਸ.): ਲੈਫਟੀਨੈਂਟ ਜਨਰਲ ਹਰਜੀਤ ਸਿੰਘ ਸਾਹੀ, ਪੀ.ਵੀ.ਐਸ.ਐਮ., ਯੂ.ਵਾਈ. ਐਸ.ਐਮ., ਏ.ਵੀ.ਐਸ.ਐਮ., ਵਾਈ.ਐਸ.ਐਮ., ਐਸ.ਐਮ. ਨੇ 26 ਮਈ, 2026 ਨੂੰ ਚੰਡੀਮੰਦਰ ਮਿਲਟਰੀ ਸਟੇਸ਼ਨ ਵਿਖੇ ਮੁੱਖ ਦਫ਼ਤਰ ਪੱਛਮੀ ਕਮਾਨ ਦੇ ਚੀਫ਼ ਆਫ਼ ਸਟਾਫ਼ ਦਾ ਅਹੁਦਾ ਸੰਭਾਲਿਆ। ਉਨ੍ਹਾਂ ਨੇ ਲੈਫਟੀਨੈਂਟ ਜਨਰਲ ਪੁਨੀਤ ਆਹੂਜਾ, ਏ.ਵੀ.ਐਸ.ਐਮ., ਐਸ.ਐਮ., ਵੀ.ਐਸ.ਐਮ. ਦੀ ਜਗ੍ਹਾ ਲਈ ਹੈ, ਜਿਨ੍ਹਾਂ ਨੇ ਆਰਮੀ ਹੈੱਡਕੁਆਰਟਰ ਵਿੱਚ ਮਹਾਨਿਰਦੇਸ਼ਕ ਰਣਨੀਤਕ ਯੋਜਨਾਬੰਦੀ (ਡਾਇਰੈਕਟਰ ਜਨਰਲ ਸਟ੍ਰੈਟੇਜਿਕ ਪਲੈਨਿੰਗ) ਦਾ ਅਹੁਦਾ ਸੰਭਾਲਣ ਲਈ ਕਾਰਜਭਾਰ ਗ੍ਰਹਿਣ ਕੀਤਾ ਹੈ।ਪੰਜਾਬ ਪਬਲਿਕ ਸਕੂਲ, ਨਾਭਾ ਅਤੇ ਭਾਰਤੀ ਮਿਲਟਰੀ ਅਕੈਡਮੀ, (ਬਾਕੀ ਸਫ਼ਾ 2 'ਤੇ)

## 328 ਪਾਵਨ ਸਰੂਪਾਂ ਸਬੰਧੀ ਬਣੀ ਸਿੱਟ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਅਧਿਕਾਰਾਂ 'ਚ ਦੇ ਰਹੀ ਹੈ ਦਖ਼ਲ: ਐਡਵੋਕੇਟ ਧਾਮੀ

ਗੁਰਦਿਆਲ ਸਿੰਘ
================

ਅੰਮ੍ਰਿਤਸਰ, 26 ਮਈ :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਕਾਰਗੁਜ਼ਾਰੀ 'ਤੇ ਗੰਭੀਰ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਹੈ ਕਿ ਸਿੱਟ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਅਤੇ ਪ੍ਰਬੰਧਕੀ ਮਾਮਲਿਆਂ ਵਿੱਚ ਗੈਰ-ਜ਼ਰੂਰੀ ਦਖਲਅੰਦਾਜ਼ੀ ਕਰ ਰਹੀ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜਾਂਚ ਦੇ ਨਾਮ ਹੇਠ ਸਿੱਖਾਂ ਦੀ ਪ੍ਰਮੁੱਖ ਧਾਰਮਿਕ ਸੰਸਥਾ ਦੀ ਸੰਵਿਧਾਨਕ ਹਸਤੀ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਕਿਸੇ ਵੀ ਸੂਰਤ ਵਿੱਚ ਸਵੀਕਾਰ ਨਹੀਂ ਕੀਤਾ ਜਾ ਸਕਦਾ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਸ਼ੁਰੂ ਤੋਂ ਹੀ ਪੂਰੀ ਸੁਹਿਰਦਤਾ ਅਤੇ ਪਾਰਦਰਸ਼ਤਾ ਨਾਲ ਜਾਂਚ ਟੀਮ ਨੂੰ ਸਹਿਯੋਗ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਨੂੰ ਮੁੱਖ ਰੱਖਦਿਆਂ ਸਿੱਟ ਨੂੰ ਹਰ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕੀਤੀ ਗਈ, ਪਰੰਤੂ ਦੁੱਖ ਦੀ ਗੱਲ ਹੈ ਕਿ ਸਿੱਟ ਨੇ ਇਸ ਸਹਿਯੋਗ ਨੂੰ ਸਮਝਣ ਦੀ ਬਜਾਏ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਅਤੇ ਅੰਦਰੂਨੀ ਮਾਮਲਿਆਂ ਨੂੰ ਆਪਣੇ ਏਜੰਡੇ ਦਾ ਹਿੱਸਾ ਬਣਾ ਲਿਆ ਹੈ।

ਉਨ੍ਹਾਂ ਕਿਹਾ ਕਿ ਸਿੱਟ ਵੱਲੋਂ ਲਗਾਤਾਰ ਅਜਿਹੀਆਂ ਜਾਣਕਾਰੀਆਂ ਮੰਗੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ 328 ਪਾਵਨ ਸਰੂਪਾਂ ਦੇ ਮਾਮਲੇ ਨਾਲ ਦੂਰ-ਦੂਰ (ਬਾਕੀ ਸਫ਼ਾ 2 'ਤੇ)



ਔਰਤਾਂ 'ਤੇ ਅਪਮਾਨਜਨਕ ਟਿੱਪਣੀ ਦਾ ਮਾਮਲਾ

## ਯੋਗਰਾਜ ਸਿੰਘ ਦੀ ਚੰਡੀਗੜ੍ਹ ਅਦਾਲਤ ਵੱਲੋਂ ਅਗਾਊਂ ਜ਼ਮਾਨਤ ਅਰਜ਼ੀ ਖਾਰਜ

ਚੰਡੀਗੜ੍ਹ, 26 ਮਈ (ਚ.ਨ.ਸ.): ਚੰਡੀਗੜ੍ਹ ਦੀ ਇੱਕ ਅਦਾਲਤ ਨੇ ਅੱਜ ਸਾਬਕਾ ਕ੍ਰਿਕਟਰ ਅਤੇ ਦਿੱਗਜ ਅਦਾਕਾਰ ਯੋਗਰਾਜ ਸਿੰਘ ਵੱਲੋਂ ਦਾਇਰ ਕੀਤੀ ਅਗਾਊਂ ਜ਼ਮਾਨਤ ਦੀ ਅਰਜ਼ੀ ਖਾਰਜ ਕਰ ਦਿੱਤੀ ਹੈ। ਇਹ ਅਰਜ਼ੀ ਚੰਡੀਗੜ੍ਹ ਵਿੱਚ ਉਨ੍ਹਾਂ ਖ਼ਿਲਾਫ਼ ਦਰਜ ਉਸ ਐਫ.ਆਈ.ਆਰ. ਦੇ ਸਬੰਧ ਵਿੱਚ ਸੀ, ਜਿਸ ਵਿੱਚ ਇੱਕ ਵੈੱਬ ਸੀਰੀਜ਼ ਦੀ ਵਾਇਰਲ ਵੀਡੀਓ ਕਲਿੱਪ ਦੌਰਾਨ ਔਰਤਾਂ ਖ਼ਿਲਾਫ਼ ਕਥਿਤ ਤੌਰ 'ਤੇ ਇਤਰਾਜ਼ਯੋਗ ਟਿੱਪਣੀਆਂ ਕਰਨ ਦੇ ਦੋਸ਼ ਲਾਏ ਗਏ ਹਨ। ਕ੍ਰਿਕਟ ਜਗਤ ਦੇ ਮਹਾਨ ਖਿਡਾਰੀ ਯੁਵਰਾਜ ਸਿੰਘ ਦੇ ਪਿਤਾ, (ਬਾਕੀ ਸਫ਼ਾ 2 'ਤੇ)



# ਪੰਜਾਬੀ ਸਮਾਜ 'ਚ ਬਦਲਦਾ ਮਨੋਵਿਗਿਆਨਕ ਸੁਭਾਅ: ਗੁੱਸਾ ਅਤੇ ਲੜਾਈ ਦੀ ਵਧਦੀ ਪਸੰਦ ਖ਼ਤਰਨਾਕ ਰੁਝਾਨ

## ਨਗਰ ਪਾਲਿਕਾ ਅਤੇ ਪੰਚਾਇਤ ਚੋਣਾਂ ਦੇ ਮੌਕੇ 'ਤੇ ਪੋਲਿੰਗ ਬੂਥਾਂ 'ਤੇ ਗੁੱਸਾ, ਗੁੰਡਾਗਰਦੀ, ਆਪਸੀ ਲੜਾਈਆਂ ਅਤੇ ਪੁਲਿਸ ਦਾ ਲਾਠੀਚਾਰਜ ਇੱਕ ਚਿੰਤਾਜਨਕ ਤਸਵੀਰ ਪੇਸ਼ ਕਰਦੈ

ਪ੍ਰੋ.ਡਾ.ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ
==============

ਨਗਰ ਪਾਲਿਕਾ ਅਤੇ ਪੰਚਾਇਤ ਚੋਣਾਂ ਦੇ ਮੌਕੇ 'ਤੇ ਪੋਲਿੰਗ ਬੂਥਾਂ ਉੱਤੇ ਜੋ ਗੁੱਸਾ, ਗੁੰਡਾਗਰਦੀ, ਆਪਸੀ ਲੜਾਈਆਂ ਅਤੇ ਪੁਲਿਸ ਦਾ ਲਾਠੀ ਚਾਰਜ ਹੋਇਆ ਹੈ, ਉਹ ਪੰਜਾਬ ਦੀ ਇੱਕ ਚਿੰਤਾਜਨਕ ਤਸਵੀਰ ਪੇਸ਼ ਕਰਦਾ ਹੈ। ਇਹ ਘਟਨਾਵਾਂ ਸਿਰਫ ਚੋਣਾਂ ਦੀ ਅਸਥਾਈ ਉਤੇਜਨਾ ਨਹੀਂ, ਸਗੋਂ ਪੰਜਾਬੀ ਸਮਾਜ ਵਿੱਚ ਡੂੰਘੇ ਮਨੋਵਿਗਿਆਨਕ ਬਦਲਾਅ ਦਾ ਪ੍ਰਤੀਬਿੰਬ ਹਨ। ਕਦੇ ਇੱਕ ਵਾਰ ਗੱਲਬਾਤ, ਸਹਿਣਸ਼ੀਲਤਾ ਅਤੇ ਭਾਈਚਾਰਕ ਏਕਤਾ ਲਈ ਮਸ਼ਹੂਰ ਪੰਜਾਬੀ ਸਮਾਜ ਹੁਣ ਗੁੱਸੇ ਅਤੇ ਤਾਕਤਵਾਦ ਨੂੰ ਪਹਿਲੀ ਪਸੰਦ ਬਣਾਉਂਦਾ ਨਜ਼ਰ ਆ ਰਿਹਾ ਹੈ। ਸਰਕਾਰੀ ਤੰਤਰ ਵੀ ਇਸ ਰੁਝਾਨ ਤੋਂ ਬਚਿਆ ਨਹੀਂ ਲੱਗਦਾ। ਅੱਜ ਮਨੋਵਿਗਿਆਨਕ ਤੌਰ ਤੇ ਇਸ ਬਦਲਾਅ ਦਾ ਮੁੱਖ ਕਾਰਨ ਲੰਬੇ ਸਮੇਂ ਤੋਂ ਇਕੱਠੀ ਹੋ ਰਹੀ ਫਰਸਟ੍ਰੇਸ਼ਨ ਹੈ।

ਅੱਜ ਪੰਜਾਬ ਵਿੱਚ ਬੇਰੁਜ਼ਗਾਰੀ, ਖੇਤੀ ਸੰਕਟ, ਨਸ਼ਿਆਂ ਦੀ ਲਹਿਰ, ਪਰਵਾਸ ਅਤੇ ਆਰਥਿਕ ਅਸਥਿਰਤਾ ਨੇ ਲੋਕਾਂ ਦੇ ਅੰਦਰ ਇੱਕ ਗਹਿਰੀ ਅਸੁਰੱਖਿਆ ਉਤਪੰਨ ਕਰ ਦਿੱਤੀ ਹੈ। ਜਦੋਂ ਇੱਕ ਵਿਅਕਤੀ ਆਪਣੀਆਂ ਆਸਾਂ ਨੂੰ ਪੂਰਾ ਨਹੀਂ ਕਰ ਸਕਦਾ ਤਾਂ ਉਸ ਵਿੱਚ ਗੁੱਸਾ ਇੱਕ ਰੱਖਿਆਤਮਕ ਤੰਤਰ ਵਜੋਂ ਉਭਰਦਾ ਹੈ। ਇਹ ਗੁੱਸਾ ਛੋਟੀ-ਛੋਟੀ ਗੱਲ ਤੇ ਵਿਸਫੋਟ ਹੋ ਜਾਂਦਾ ਹੈ।

ਚੋਣਾਂ ਵਰਗੇ ਮੌਕਿਆਂ 'ਤੇ ਇਹ ਵਿਸਫੋਟਕ ਰੂਪ ਧਾਰ ਲੈਂਦਾ ਹੈ ਕਿਉਂਕਿ ਇੱਥੇ ਸੱਤਾ ਅਤੇ ਪ੍ਰਤੀਨਿਧਿਤਵ ਦਾ ਮੁੱਦਾ ਸਿੱਧਾ ਵਿਅਕਤੀਗਤ ਇੱਜ਼ਤ ਅਤੇ ਫਾਇਦੇ ਨਾਲ ਜੁੜਿਆ ਹੋਇਆ ਹੈ।ਸਮਾਜ ਦੀ ਵਿਗਿਆਨਕ ਤੌਰ 'ਤੇ ਪੰਜਾਬੀ ਸਭਿਆਚਾਰ ਵਿੱਚ ਇੱਕ ਵੱਡੀ ਤਬਦੀਲੀ ਆ ਰਹੀ ਹੈ। ਪਹਿਲਾਂ ਪਿੰਡ ਅਤੇ ਸ਼ਹਿਰੀ ਭਾਈਚਾਰੇ ਵਿੱਚ ਬਜ਼ੁਰਗਾਂ ਅਤੇ ਆਗੂਆਂ ਦੀ ਮੀਡੀਏਸ਼ਨ ਰਾਹੀਂ ਝਗੜੇ ਹੱਲ ਹੋ ਜਾਂਦੇ ਸਨ। ਹੁਣ ਵਿਅਕਤੀਵਾਦ ਅਤੇ ਤੁਰੰਤ ਫਾਇਦੇ ਦੀ ਭਾਵਨਾ ਨੇ ਸਹਿਣਸ਼ੀਲਤਾ ਨੂੰ ਕਮਜ਼ੋਰ ਕਰ ਦਿੱਤਾ ਹੈ। ਸੋਸ਼ਲ ਮੀਡੀਆ ਨੇ ਇਸ ਨੂੰ ਹੋਰ ਵਧਾਇਆ ਹੈ।

ਅੱਜ ਇੱਕ ਛੋਟੀ ਜਿਹੀ ਘਟਨਾ ਵੀ ਵਾਇਰਲ ਹੋ ਕੇ ਵੱਡੀ ਲੜਾਈ ਵਿੱਚ ਬਦਲ ਜਾਂਦੀ ਹੈ। ਲੋਕ ਆਪਣੀ ਇੱਜ਼ਤ (ਆਨਰ) ਨੂੰ ਬਚਾਉਣ ਲਈ ਤੁਰੰਤ ਹਥਿਆਰ ਉਠਾਉਣ ਲਈ ਤਿਆਰ ਹੋ ਜਾਂਦੇ ਹਨ। ਇਹ ਇੱਕ ਤਰ੍ਹਾਂ ਦਾ 'ਪ੍ਰੀਮੀਟਿਵ ਫਾਈਟ ਰਿਸਪਾਂਸ' ਹੈ ਜੋ ਆਧੁਨਿਕ ਸਮਾਜ ਵਿੱਚ ਵੀ (ਬਾਕੀ ਸਫ਼ਾ 2 'ਤੇ)

# ਸਥਾਨਕ ਸਰਕਾਰਾਂ ਦੀਆਂ ਚੋਣਾਂ ਦਾ ਕੀ ਹੋਵੇਗਾ ਵਿਧਾਨ ਸਭਾ ਚੋਣਾਂ 'ਤੇ ਪ੍ਰਭਾਵ ?

ਦਰਸ਼ਨ ਸਿੰਘ ਦਰਸ਼ਕ
==================

ਪਟਿਆਲਾ, 26 ਮਈ:ਭਾਰਤੀ ਲੋਕਤੰਤਰ ਵਿੱਚ ਸਥਾਨਕ ਸਰਕਾਰਾਂ ਦੀਆਂ ਚੋਣਾਂ ਸਿਰਫ਼ ਨਗਰ ਨਿਗਮਾਂ ਅਤੇ ਪੰਚਾਇਤਾਂ ਦੀ ਸਥਾਪਨਾ ਤੱਕ ਸੀਮਤ ਨਹੀਂ ਹੁੰਦੀਆਂ- ਇਹ ਅਸਲ ਵਿੱਚ ਸੂਬੇ ਦੀ ਸਿਆਸਤ ਦੀ ਧੜਕਣ ਨੂੰ ਮਹਿਸੂਸ ਕਰਨ ਦਾ ਸਭ ਤੋਂ ਸਿੱਧਾ ਰਾਹ ਹਨ। ਪੰਜਾਬ ਵਿੱਚ ਦਸੰਬਰ 2024 ਵਿੱਚ ਹੋਈਆਂ ਨਗਰ ਨਿਗਮ ਚੋਣਾਂ ਅਤੇ ਅਕਤੂਬਰ 2024 ਦੀਆਂ ਗ੍ਰਾਮ ਪੰਚਾਇਤ ਚੋਣਾਂ ਦੇ ਨਤੀਜੇ ਅਤੇ ਦਸੰਬਰ 2025 ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਚੋਣਾਂ-ਇਹ ਸਾਰੀਆਂ ਮਿਲ ਕੇ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀ ਦਿਸ਼ਾ ਅਤੇ ਦਸ਼ਾ ਤੈਅ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਦਸੰਬਰ 2024 ਦੀਆਂ ਨਗਰ ਨਿਗਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਪੰਜਾਬ ਦੀਆਂ 46 ਸ਼ਹਿਰੀ ਸੰਸਥਾਵਾਂ ਵਿੱਚੋਂ ਕੁੱਲ ਸੀਟਾਂ ਦਾ ਲਗਭਗ 55 ਫ਼ੀਸਦੀ ਹਿੱਸਾ ਜਿੱਤਿਆ। ਪਟਿਆਲਾ ਨਗਰ ਨਿਗਮ ਵਿੱਚ ਪੂਰਨ ਬਹੁਮਤ ਹਾਸਲ ਕੀਤਾ, ਜਦਕਿ ਜਲੰਧਰ ਅਤੇ ਲੁਧਿਆਣਾ ਵਿੱਚ ਸਭ ਤੋਂ ਵੱਡੀ ਪਾਰਟੀ ਬਣੀ। 41 ਨਗਰ ਪਾਲਿਕਾਵਾਂ ਅਤੇ ਨਗਰ ਪੰਚਾਇਤਾਂ ਵਿੱਚੋਂ 29 ਵਿੱਚ ਬਹੁਮਤ ਹਾਸਲ ਕੀਤਾ। ਇਹ ਆਂਕੜੇ ਪਹਿਲੀ ਨਜ਼ਰੇ ਬਹੁਤ ਚੰਗੇ ਲੱਗਦੇ ਹਨ, ਪਰ ਇਸ ਦੇ ਅੰਦਰ ਕੁਝ ਹੋਰ ਵੀ ਦਿੱਖਦਾ ਹੈ।

ਅੰਮ੍ਰਿਤਸਰ ਅਤੇ ਫ਼ਗਵਾੜਾ ਵਿੱਚ ਕਾਂਗਰਸ ਸਭ ਤੋਂ ਵੱਧ ਸੀਟਾਂ ਜਿੱਤ ਕੇ ਵੀ ਮੇਅਰ ਦੀ ਕੁਰਸੀ ਤੋਂ ਵਾਂਝੀ ਰਹੀ, ਕਿਉਂਕਿ ਅਧਿਕਾਰਤ ਪ੍ਰਕਿਰਿਆਵਾਂ ਅਤੇ ਕੌਂਸਲਰਾਂ ਦੀ ਖਿੱਚ-ਧੂਹ ਰਾਹੀਂ ਆਪ ਨੇ ਇਹ ਅਹੁਦੇ ਹਾਸਲ ਕੀਤੇ। ਕਾਂਗਰਸ ਨੇ ਇਸਨੂੰ 'ਲੋਕਤੰਤਰ ਦਾ ਕਤਲ' ਕਿਹਾ। ਇਹ ਵਿਵਾਦ ਦੱਸਦਾ ਹੈ ਕਿ ਪੰਜਾਬ ਵਿੱਚ ਸ਼ਹਿਰੀ ਵੋਟਰ ਅਜੇ ਵੰਡਿਆ ਹੋਇਆ ਹੈ। 2027 ਵਿੱਚ ਜੇ ਇਹ ਭਾਵਨਾ ਕਾਂਗਰਸ ਹਾਮੀਆਂ ਵਿੱਚ ਗਹਿਰੀ ਹੋਈ, ਤਾਂ ਕਈ ਸ਼ਹਿਰੀ ਹਲਕਿਆਂ ਵਿੱਚ ਆਪ ਲਈ ਮੁਸ਼ਕਲ ਵਧ ਸਕਦੀ ਹੈ।



ਦਸੰਬਰ 2025 ਵਿੱਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਖ਼ਾਸ ਕਰਕੇ ਪੇਂਡੂ ਖੇਤਰਾਂ ਵਿੱਚ ਆਪਣੀ ਮੌਜੂਦਗੀ ਦਰਜ ਕਰਵਾਈ। ਮਾਲਵਾ ਅਤੇ ਦੁਆਬਾ ਦੇ ਕੁਝ ਜ਼ਿਲਿਆਂ ਵਿੱਚ ਅਕਾਲੀ ਦਲ ਨੇ ਚੰਗਾ ਪ੍ਰਦਰਸ਼ਨ ਕਰਕੇ ਇਹ ਸੁਨੇਹਾ ਦਿੱਤਾ ਕਿ 2022 ਵਿੱਚ ਜ਼ੀਰੋ ਹੋਣ ਤੋਂ ਬਾਅਦ ਵੀ ਪਿੰਡਾਂ ਵਿੱਚ ਉਸਦੀਆਂ ਜੜ੍ਹਾਂ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈਆਂ। ਅਕਾਲੀ ਦਲ ਦੇ ਆਗੂਆਂ ਦਾ ਦਾਅਵਾ ਹੈ ਕਿ ਇਹ ਨਤੀਜੇ 2027 ਵਿੱਚ ਪਾਰਟੀ ਦੀ ਮੁੜ-ਸੁਰਜੀਤੀ ਦਾ ਆਧਾਰ ਬਣਨਗੇ। ਦੂਜੇ ਪਾਸੇ, ਸਿਆਸੀ ਮਾਹਰ ਇਹ ਵੀ ਮੰਨਦੇ ਹਨ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਅਤੇ ਪੁਨਰ ਸੁਰਜੀਤ ਅਕਾਲੀ ਦਲ ਨਾਲ ਟਕਰਾਓ ਉਸਦੀ ਸੰਭਾਵਿਤ ਵਾਪਸੀ ਵਿੱਚ ਰੁਕਾਵਟ ਬਣ ਸਕਦੀ ਹੈ।

ਕਾਂਗਰਸ ਲਈ ਸਥਾਨਕ ਚੋਣਾਂ ਦੇ ਨਤੀਜੇ ਮਿਲੇ-ਜੁਲੇ ਰਹੇ ਹਨ। ਅੰਮ੍ਰਿਤਸਰ ਵਿੱਚ ਨਗਰ ਨਿਗਮ ਵਿੱਚ ਸਭ ਤੋਂ ਵੱਧ ਸੀਟਾਂ (85 ਵਿੱਚੋਂ 43) ਜਿੱਤ ਕੇ ਕਾਂਗਰਸ ਨੇ ਆਪਣੀ ਸ਼ਹਿਰੀ ਤਾਕਤ ਦਾ ਸਬੂਤ ਦਿੱਤਾ। ਪਰ ਮਾਝੇ ਤੋਂ ਬਾਹਰ ਮਾਲਵਾ ਖੇਤਰ ਵਿੱਚ ਕਾਂਗਰਸ ਕਮਜ਼ੋਰ ਦਿਖੀ। 2027 ਲਈ ਇਹ ਸੰਕੇਤ ਦਿੰਦਾ ਹੈ ਕਿ (ਬਾਕੀ ਸਫ਼ਾ 2 'ਤੇ)

# ਪੰਜਾਬ ਦੇ ਕਿਸਾਨ ਆਗੂਆਂ ਵੱਲੋਂ ਸੈਣੀ ਨਾਲ ਮੁਲਾਕਾਤ ਦੌਰਾਨ ਮੁੱਦਿਆਂ 'ਤੇ ਚਰਚਾ

## ਸੂਬੇ 'ਚ ਭਾਜਪਾ ਸਰਕਾਰ ਬਣਨ 'ਤੇ ਕਿਸਾਨਾਂ ਦੇ ਮੁੱਦਿਆਂ ਅਤੇ ਸਮੱਸਿਆਵਾਂ ਨੂੰ ਤਰਜੀਹ ਦੇ ਆਧਾਰ 'ਤੇ ਹੱਲ ਕਰਾਂਗੇ : ਸੈਣੀ

ਚੰਡੀਗੜ੍ਹ, 26 ਮਈ (ਚ.ਨ.ਸ.): ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨਾਲ ਪੰਜਾਬ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਵਫ਼ਦ ਨੇ ਸੰਤ ਕਬੀਰ ਕੁਟੀਰ ਵਿਖੇ ਸ਼ਿਸ਼ਟਾਚਾਰ ਮੁਲਾਕਾਤ ਕੀਤੀ ਹੈ। ਇਸ ਦੌਰਾਨ ਕਿਸਾਨਾਂ ਨਾਲ ਜੁੜੇ ਵੱਖ-ਵੱਖ ਮੁੱਦਿਆਂ, ਖੇਤੀਬਾੜੀ ਵਿਵਸਥਾ ਅਤੇ ਪੰਜਾਬ ਦੇ ਕਿਸਾਨਾਂ ਦੀ ਮੌਜੂਦਾ ਸਥਿਤੀ ਨੂੰ ਲੈ ਕੇ ਵਿਸਤਾਰ ਚਰਚਾ ਹੋਈ। ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਵਾਲਿਆਂ ਵਿੱਚ ਦੋਆਬਾ ਕਿਸਾਨ ਯੂਨੀਅਨ, ਕਿਸਾਨ ਬਚਾਓ ਮੋਰਚਾ ਅਤੇ ਕੰਬੋਜ ਬਿਰਾਦਰੀ ਦੇ ਮੈਂਬਰ ਸ਼ਾਮਲ ਹਨ। ਵਫ਼ਦ ਨੇ ਪੰਜਾਬ ਵਿੱਚ ਕਿਸਾਨਾਂ ਦੇ ਸਾਹਮਣੇ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਅਤੇ ਚੁਣੌਤੀਆਂ ਨੂੰ ਮੁੱਖ ਮੰਤਰੀ ਦੇ ਸਾਹਮਣੇ ਰੱਖਿਆ। ਇਸ 'ਤੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਭਾਜਪਾ ਸਰਕਾਰ ਦੀਆਂ ਸਰਵਉੱਚ ਤਰਜੀਹਾਂ ਵਿੱਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਲਗਾਤਾਰ ਕਿਸਾਨ ਪੱਖੀ ਨੀਤੀਆਂ ਰਾਹੀਂ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ।



ਮੁੱਖ ਮੰਤਰੀ ਨੇ ਵਫ਼ਦ ਨੂੰ ਦੱਸਿਆ ਕਿ ਹਰਿਆਣਾ ਵਿੱਚ ਸਰਕਾਰ ਕਿਸਾਨਾਂ ਦੀਆਂ ਫ਼ਸਲਾਂ ਦੀ ਖ਼ਰੀਦ ਘੱਟੋ-ਘੱਟ ਸਮਰਥਨ ਮੁੱਲ 'ਤੇ ਯਕੀਨੀ ਬਣਾ ਰਹੀ ਹੈ। ਇਸ ਦੇ ਨਾਲ-ਨਾਲ ਕੁਦਰਤੀ ਆਫ਼ਤ ਜਾਂ ਫ਼ਸਲ ਦੇ ਖ਼ਰਾਬੇ ਦੀ ਸਥਿਤੀ ਵਿੱਚ ਕਿਸਾਨਾਂ ਨੂੰ ਸਮੇਂ-ਸਮੇਂ 'ਤੇ ਮੁਆਵਜ਼ਾ ਵੀ ਪ੍ਰਦਾਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਅਜਿਹੀਆਂ ਵਿਵਸਥਾਵਾਂ ਵਿਕਸਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਯਕੀਨੀ ਹੋ ਸਕੇ ਅਤੇ ਖੇਤੀ ਨੂੰ ਵਧੇਰੇ ਲਾਹੇਵੰਦ ਬਣਾਇਆ ਜਾ ਸਕੇ। ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਿਸਾਨ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਕਿਸਾਨਾਂ ਦਾ ਹਿੱਤ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀਆਂ ਤਰਜੀਹਾਂ ਵਿੱਚ ਹਮੇਸ਼ਾ ਸ਼ਾਮਲ ਰਿਹਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਨ 'ਤੇ ਕਿਸਾਨਾਂ ਨਾਲ ਜੁੜੇ ਮੁੱਦਿਆਂ ਅਤੇ ਸਮੱਸਿਆਵਾਂ ਦੇ ਹੱਲ ਨੂੰ ਤਰਜੀਹ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਅਤੇ ਰਾਜ ਦੀਆਂ ਭਾਜਪਾ ਸਰਕਾਰਾਂ ਕਿਸਾਨਾਂ ਦੀ ਭਲਾਈ, ਖੇਤੀਬਾੜੀ ਖੇਤਰ ਦੇ ਵਿਕਾਸ ਅਤੇ ਪੇਂਡੂ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਵਚਨਬੱਧਤਾ ਨਾਲ ਕੰਮ ਕਰ ਰਹੀਆਂ ਹਨ। ਵਫ਼ਦ ਵਿੱਚ ਦੋਆਬਾ ਕਿਸਾਨ ਯੂਨੀਅਨ (ਡੀ.ਕੇ.ਯੂ.) ਪੰਜਾਬ ਦੇ ਪ੍ਰਧਾਨ ਕੁਲਦੀਪ ਸਿੰਘ ਬਾਜਿਦਪੁਰ, ਜਨਰਲ ਸਕੱਤਰ ਕੁਲਦੀਪ ਸਿੰਘ ਦਿਆਲਾ, ਯੂਥ ਪ੍ਰਧਾਨ ਜਸਕਰਨ ਸਿੰਘ, ਕਿਸਾਨ ਬਚਾਓ ਮੋਰਚਾ ਦੇ ਪ੍ਰਧਾਨ ਕ੍ਰਿਪਾ ਸਿੰਘ ਨੱਥੂਵਾਲਾ, ਜਨਰਲ ਸਕੱਤਰ ਗੋਮਾ ਸਿੰਘ, ਉਪ ਪ੍ਰਧਾਨ ਬੇਅੰਤ ਸਿੰਘ, ਚੇਅਰਪਰਸਨ ਸਲਿੰਦਰ ਕੌਰ, ਸਾਬਕਾ ਚੇਅਰਮੈਨ ਜਰਨੈਲ ਸਿੰਘ ਸੰਧਾ ਅਤੇ ਭਾਜਪਾ ਕਿਸਾਨ ਮੋਰਚਾ ਦੇ ਸੂਬਾ ਉਪ ਪ੍ਰਧਾਨ ਲਖਵਿੰਦਰ ਸਿੰਘ ਮੋਮੀ ਸ਼ਾਮਲ ਸਨ।

ਬੰਗਾਲ 'ਚ ਸਿਆਸੀ ਭੂਚਾਲ !

# ਮਮਤਾ ਬੈਨਰਜੀ ਦੀ ਪਾਰਟੀ ਟੀ.ਐਮ.ਸੀ. ਦੇ 12 ਸਾਂਸਦ ਭਾਜਪਾ ਦੇ ਸੰਪਰਕ 'ਚ ਹੋਣ ਦੀ ਚਰਚਾ

ਕੋਲਕਾਤਾ, 26 ਮਈ (ਚ.ਨ.ਸ.): ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਕਰਾਰੀ ਹਾਰ ਤੋਂ ਬਾਅਦ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਵਿੱਚ ਅੰਦਰੂਨੀ ਸੰਕਟ ਹੋਰ ਵਧਦਾ ਦਿਖਾਈ ਦੇ ਰਿਹਾ ਹੈ। ਸਿਆਸੀ ਗਲਿਆਰਿਆਂ ਵਿੱਚ ਚਰਚਾ ਹੈ ਕਿ ਲੋਕ ਸਭਾ ਵਿੱਚ ਤ੍ਰਿਣਮੂਲ ਦੇ ਕਈ ਸੰਸਦ ਮੈਂਬਰ ਭਾਜਪਾ ਦੇ ਸੰਪਰਕ ਵਿੱਚ ਹਨ ਅਤੇ ਉਨ੍ਹਾਂ ਵਿੱਚੋਂ ਇੱਕ ਵੱਡਾ ਸਮੂਹ ਪਾਰਟੀ ਛੱਡ ਸਕਦਾ ਹੈ। ਸੂਤਰਾਂ ਅਨੁਸਾਰ, ਲੋਕ ਸਭਾ ਵਿੱਚ ਤ੍ਰਿਣਮੂਲ ਦੇ ਕੁੱਲ 29 ਸੰਸਦ ਮੈਂਬਰਾਂ ਵਿੱਚੋਂ ਕਰੀਬ 12 ਸੰਸਦ ਮੈਂਬਰ ਭਾਜਪਾ ਵਿੱਚ ਸ਼ਾਮਲ ਹੋਣ ਜਾਂ ਸਮਰਥਨ ਦੇਣ ਦੀ ਯੋਜਨਾ ਬਣਾ ਚੁੱਕੇ ਹਨ। ਇਸ ਤੋਂ ਇਲਾਵਾ ਪੰਜ-ਛੇ ਹੋਰ ਸੰਸਦ ਮੈਂਬਰਾਂ ਨਾਲ ਵੀ ਗੱਲਬਾਤ ਚੱਲ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਦਲ-



ਬਦਲ ਵਿਰੋਧੀ ਕਾਨੂੰਨ ਦੀ ਕਾਰਵਾਈ ਤੋਂ ਬਚਣ ਲਈ ਘੱਟੋ-ਘੱਟ 19-20 ਸੰਸਦ ਮੈਂਬਰਾਂ ਨੂੰ ਇੱਕਜੁੱਟ ਕਰਨ ਦੀ ਰਣਨੀਤੀ ਬਣਾਈ ਜਾ ਰਹੀ ਹੈ। ਸਿਆਸੀ ਸੂਤਰਾਂ ਦਾ ਦਾਅਵਾ ਹੈ ਕਿ ਤ੍ਰਿਣਮੂਲ ਲੀਡਰਸ਼ਿਪ ਨੂੰ ਵੀ ਇਸ ਸੰਭਾਵੀ ਬਗਾਵਤ ਦੀ ਭਿਣਕ ਲੱਗ ਚੁੱਕੀ ਹੈ ਅਤੇ ਪਾਰਟੀ ਨੂੰ ਇੱਕਜੁੱਟ ਰੱਖਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਚਰਚਾ ਹੈ ਕਿ ਇਨ੍ਹਾਂ ਵਿੱਚ ਸਾਬਕਾ ਮੁੱਖ ਮੰਤਰੀ ਤੇ ਟੀਐਮਸੀ ਸੁਪਰੀਮੋ ਮਮਤਾ ਬੈਨਰਜੀ ਅਤੇ ਉਨ੍ਹਾਂ ਦੇ ਭਤੀਜੇ ਤੇ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਦੇ ਕਰੀਬੀ ਮੰਨੇ ਜਾਣ ਵਾਲੇ ਕੁਝ ਸੰਸਦ ਮੈਂਬਰ ਵੀ ਸ਼ਾਮਲ ਹਨ। ਭਾਜਪਾ ਲਈ ਇਸ ਨੂੰ ਸਿਆਸੀ ਤੌਰ 'ਤੇ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ। ਲੋਕ ਸਭਾ ਵਿੱਚ ਭਾਜਪਾ ਕੋਲ ਇਸ ਸਮੇਂ 240 ਸੰਸਦ ਮੈਂਬਰ ਹਨ ਅਤੇ ਸਰਕਾਰ ਸਹਿਯੋਗੀ ਪਾਰਟੀਆਂ ਦੇ ਸਮਰਥਨ ਨਾਲ ਚੱਲ ਰਹੀ ਹੈ। ਅਜਿਹੇ ਵਿੱਚ ਜੇਕਰ ਤ੍ਰਿਣਮੂਲ ਦੇ ਸੰਸਦ ਮੈਂਬਰ ਵੱਡੀ ਗਿਣਤੀ ਵਿੱਚ ਭਾਜਪਾ ਦੇ ਨਾਲ ਆਉਂਦੇ ਹਨ, ਤਾਂ ਪਾਰਟੀ ਦੀ ਤਾਕਤ ਹੋਰ ਵੱਧ ਜਾਵੇਗੀ ਅਤੇ ਸਹਿਯੋਗੀਆਂ 'ਤੇ ਨਿਰਭਰਤਾ ਘਟੇਗੀ।

# ਪਹਿਲੇ ਸਫ਼ੇ ਦੀ ਬਾਕੀ

### ਅਦਾਲਤ ਵੱਲੋਂ ਮੁਅੱਤਲ ਡੀ.ਆਈ.ਜੀ. ਭੁੱਲਰ

ਸਪੱਸ਼ਟ ਕਿਹਾ ਕਿ ਕੇਸ ਦੇ ਮੌਜੂਦਾ ਪੜਾਅ 'ਤੇ ਰੋਜ਼ਾਨਾ ਸੁਣਵਾਈ ਦੀ ਇਜਾਜ਼ਤ ਦੇਣਾ ਵਿਹਾਰਕ ਤੌਰ 'ਤੇ ਸੰਭਵ ਨਹੀਂ ਹੈ।
ਅਦਾਲਤ ਨੇ ਆਪਣੇ ਹੁਕਮ ਵਿੱਚ ਸਪਸ਼ਟ ਕੀਤਾ ਕਿ ਮੁਲਜ਼ਮ ਪਹਿਲਾਂ ਹੀ ਜੇਲ੍ਹ (ਹਿਰਾਸਤ) ਵਿੱਚ ਹਨ, ਇਸ ਲਈ ਕੇਸ ਵਿੱਚ ਦੇਰੀ ਨੂੰ ਰੋਕਣ ਲਈ ਅਦਾਲਤ ਖੁਦ ਹੀ ਇੱਕ ਸਖ਼ਤ ਸਮਾਂ-ਸਾਰਣੀ ਤੈਅ ਕਰ ਕੇ ਕਾਰਵਾਈ ਚਲਾ ਰਹੀ ਹੈ। ਅਜਿਹੀ ਸਥਿਤੀ ਵਿੱਚ, ਸੀ.ਬੀ.ਆਈ. ਵੱਲੋਂ ਰੋਜ਼ਾਨਾ ਸੁਣਵਾਈ ਲਈ ਦਬਾਅ ਪਾਉਣਾ ਗਲਤ ਹੈ। ਜੱਜ ਨੇ ਕਿਹਾ ਕਿ ਕਾਨੂੰਨ ਮੁਤਾਬਕ ਰੋਜ਼ਾਨਾ ਸੁਣਵਾਈ ਦੇ ਨਿਰਦੇਸ਼ ਉਦੋਂ ਦਿੱਤੇ ਜਾਂਦੇ ਹਨ ਜਦੋਂ ਮੁਲਜ਼ਮਾਂ 'ਤੇ ਦੋਸ਼ ਤੈਅ ਹੋ ਚੁੱਕੇ ਹੋਣ ਅਤੇ ਗਵਾਹੀਆਂ ਦਾ ਦੌਰ ਸ਼ੁਰੂ ਹੋਣਾ ਹੋਵੇ। ਇਸ ਲਈ ਇਸ ਸ਼ੁਰੂਆਤੀ ਪੜਾਅ 'ਤੇ ਸੀ.ਬੀ.ਆਈ. ਦੀ ਇਹ ਮੰਗ ਪ੍ਰਵਾਨ ਨਹੀਂ ਕੀਤੀ ਜਾ ਸਕਦੀ।
ਸੀ.ਬੀ.ਆਈ. ਨੇ ਅਦਾਲਤ ਨੂੰ ਦੱਸਿਆ ਸੀ ਕਿ ਉਨ੍ਹਾਂ ਨੇ ਜਾਂਚ ਮੁਕੰਮਲ ਕਰਕੇ 3 ਦਸੰਬਰ, 2025 ਨੂੰ ਚਾਰਜਸ਼ੀਟ ਦਾਇਰ ਕਰ ਦਿੱਤੀ ਸੀ ਅਤੇ ਅਦਾਲਤ ਨੇ 13 ਮਾਰਚ, 2026 ਨੂੰ ਇਸ ਦਾ ਨੋਟਿਸ ਵੀ ਲੈ ਲਿਆ ਸੀ। ਇਸ ਤੋਂ ਪਹਿਲਾਂ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਭੁੱਲਰ ਦੀ ਜ਼ਮਾਨਤ ਰੱਦ ਕਰਦਿਆਂ ਖ਼ਦਸ਼ਾ ਪ੍ਰਗਟਾਇਆ ਸੀ ਕਿ ਕੇਸ ਅਜੇ ਬਿਲਕੁਲ ਸ਼ੁਰੂਆਤੀ ਦੌਰ ਵਿੱਚ ਹੈ ਅਤੇ ਜੇਕਰ ਮੁਲਜ਼ਮ ਬਾਹਰ ਆਇਆ ਤਾਂ ਉਹ ਮੁੱਖ ਗਵਾਹਾਂ ਨੂੰ ਡਰਾ-ਧਮਕਾ ਕੇ ਪ੍ਰਭਾਵਿਤ ਕਰ ਸਕਦਾ ਹੈ।
ਇਸ ਤੋਂ ਬਾਅਦ 10 ਅਪ੍ਰੈਲ, 2026 ਨੂੰ ਸੁਪਰੀਮ ਕੋਰਟ ਨੇ ਵੀ ਭੁੱਲਰ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਸੀ ਪਰ ਨਾਲ ਹੀ ਇਹ ਹੁਕਮ ਦਿੱਤਾ ਸੀ ਕਿ ਜੇਕਰ ਅਗਲੇ ਦੋ ਮਹੀਨਿਆਂ ਦੇ ਅੰਦਰ ਟਰਾਇਲ (ਅਦਾਲਤੀ ਸੁਣਵਾਈ) ਸ਼ੁਰੂ ਨਹੀਂ ਹੁੰਦਾ ਤਾਂ ਮੁਲਜ਼ਮ ਰਾਹਤ ਲਈ ਦੁਬਾਰਾ ਹਾਈ ਕੋਰਟ ਜਾ ਸਕਦਾ ਹੈ। ਸੀ.ਬੀ.ਆਈ. ਨੇ ਇਸੇ ਹੁਕਮ ਦਾ ਹਵਾਲਾ ਦੇ ਕੇ ਕੇਸ ਤੇਜ਼ੀ ਨਾਲ ਚਲਾਉਣ ਦੀ ਮੰਗ ਕੀਤੀ ਸੀ।
ਦੂਜੇ ਪਾਸੇ ਭੁੱਲਰ ਦੇ ਵਕੀਲਾਂ (ਸੀਨੀਅਰ ਐਡਵੋਕੇਟ ਸਰਤੇਜ ਸਿੰਘ ਨਰੂਲਾ ਅਤੇ ਐੱਸ.ਪੀ.ਐੱਸ. ਭੁੱਲਰ) ਨੇ ਸੀ.ਬੀ.ਆਈ. ਦੀ ਇਸ ਮੰਗ ਦਾ ਜ਼ੋਰਦਾਰ ਵਿਰੋਧ ਕੀਤਾ। ਉਨ੍ਹਾਂ ਦਲੀਲ ਦਿੱਤੀ ਕਿ ਸੀ.ਬੀ.ਆਈ. ਦੀ ਇਹ ਅਰਜ਼ੀ ਬੇਬੁਨਿਆਦ ਹੈ ਅਤੇ ਇਹ ਸਿਰਫ਼ ਮੁਲਜ਼ਮ ਨੂੰ ਲੰਮੇ ਸਮੇਂ ਤੱਕ ਜੇਲ੍ਹ ਵਿੱਚ ਰੱਖਣ ਦੀ ਇੱਕ ਚਾਲ ਹੈ। ਅਦਾਲਤ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫਿਲਹਾਲ ਰੋਜ਼ਾਨਾ ਸੁਣਵਾਈ ਦੀ ਮੰਗ ਨੂੰ ਅਸਵੀਕਾਰ ਕਰ ਦਿੱਤਾ ਹੈ।
ਦੱਸਣਯੋਗ ਹੈ ਕਿ ਸੀ.ਬੀ.ਆਈ. ਨੇ ਇਹ ਮਾਮਲਾ 16 ਅਕਤੂਬਰ, 2025 ਨੂੰ ਆਕਾਸ਼ ਬੱਤਾ ਦੀ ਸ਼ਿਕਾਇਤ 'ਤੇ ਦਰਜ ਕੀਤਾ ਸੀ। ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਅਤੇ ਸਾਥੀ ਕ੍ਰਿਸ਼ਨੂ ਸ਼ਾਰਦਾ ਨੂੰ 5 ਲੱਖ ਰੁਪਏ ਦੀ ਰਿਸ਼ਵਤ ਮੰਗਣ ਅਤੇ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਗਿਆ ਸੀ।

### ਮੋਜਤਬਾ ਖਾਮੇਨੇਈ ਵੱਲੋਂ ਅਮਰੀਕਾ ਨੂੰ 'ਸ਼ੈਤਾਨ' ਦੱਸਦਿਆਂ

ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਨ੍ਹਾਂ ਦੇਸ਼ਾਂ ਨੇ ਆਪਣੀ ਧਰਤੀ 'ਤੇ ਮੌਜੂਦ ਅਮਰੀਕੀ ਫੌਜੀ ਅੱਡਿਆਂ ਨੂੰ ਈਰਾਨ ਵਿਰੁੱਧ ਵਰਤਣ ਦੀ ਇਜਾਜ਼ਤ ਦਿੱਤੀ, ਤਾਂ ਈਰਾਨ ਉਨ੍ਹਾਂ ਨੂੰ ਵੀ ਨਹੀਂ ਬਖ਼ਸ਼ੇਗਾ। ਉਨ੍ਹਾਂ ਦਾਅਵਾ ਕੀਤਾ ਕਿ ਮੱਧ ਪੂਰਬ ਵਿੱਚ ਅਮਰੀਕਾ ਦਾ ਪੁਰਾਣਾ ਦਬਦਬਾ ਹਮੇਸ਼ਾ ਲਈ ਖਤਮ ਹੋ ਚੁੱਕਾ ਹੈ।
ਇਜ਼ਰਾਈਲ ਦੀ ਹੋਂਦ 'ਤੇ ਸਵਾਲ: ਈਰਾਨੀ ਆਗੂ ਨੇ ਆਪਣੇ ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਦੀ ਸ਼ਲਾਘਾ ਕਰਦਿਆਂ ਦਾਅਵਾ ਕੀਤਾ ਕਿ ਇਜ਼ਰਾਈਲ ਅਗਲੇ 25 ਸਾਲਾਂ ਤੱਕ ਹੋਂਦ ਵਿੱਚ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਸਮੇਂ ਦਾ ਪਹੀਆ ਹੁਣ ਪਿੱਛੇ ਨਹੀਂ ਘੁੰਮੇਗਾ ਅਤੇ ਇਸ ਖੇਤਰ ਵਿੱਚ ਅਮਰੀਕਾ ਲਈ ਕੋਈ ਵੀ ਥਾਂ ਸੁਰੱਖਿਅਤ ਨਹੀਂ ਰਹੇਗੀ।
ਜੰਗਬੰਦੀ ਦੀਆਂ ਕੋਸ਼ਿਸ਼ਾਂ ਵਿਚਾਲੇ ਤਿੱਖੀ ਬਿਆਨਬਾਜ਼ੀ: ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਕਈ ਦੇਸ਼ ਈਰਾਨ ਅਤੇ ਅਮਰੀਕਾ ਵਿਚਾਲੇ ਜੰਗਬੰਦੀ ਕਰਵਾਉਣ ਲਈ ਕੋਸ਼ਿਸ਼ਾਂ ਕਰ ਰਹੇ ਹਨ। ਰਿਪੋਰਟਾਂ ਅਨੁਸਾਰ, ਦੋਵਾਂ ਪੱਖਾਂ ਵਿਚਾਲੇ ਇੱਕ ਸਮਝੌਤੇ ਵੱਲ ਵਧਣ ਦੇ ਸੰਕੇਤ ਮਿਲੇ ਹਨ, ਜਿਸ ਨਾਲ ਜੰਗ ਰੁਕ ਸਕਦੀ ਹੈ ਅਤੇ ਗੱਲਬਾਤ ਲਈ 60 ਦਿਨਾਂ ਦਾ ਸਮਾਂ ਮਿਲ ਸਕਦਾ ਹੈ। ਜ਼ਿਕਰਯੋਗ ਹੈ ਕਿ 58 ਸਾਲਾ ਸੁਪਰੀਮ ਲੀਡਰ ਖਾਮੇਨੇਈ ਜੰਗ ਸ਼ੁਰੂ ਹੋਣ ਤੋਂ ਬਾਅਦ ਜਨਤਕ ਤੌਰ 'ਤੇ ਸਾਹਮਣੇ ਨਹੀਂ ਆਏ ਹਨ ਅਤੇ ਉਨ੍ਹਾਂ ਦੇ ਬਿਆਨ ਸਿਰਫ਼ ਲਿਖਤੀ ਰੂਪ ਵਿੱਚ ਹੀ ਜਾਰੀ ਕੀਤੇ ਜਾ ਰਹੇ ਹਨ।

### ਰਾਜਪੁਰਾ, ਨਾਭਾ, ਸਮਾਣਾ ਤੇ ਪਾਤੜਾਂ ਨਗਰ ਕੌਂਸਲਾਂ 'ਚ

ਤਕਰੀਬਨ 2 ਲੱਖ 15 ਹਜ਼ਾਰ ਵੋਟਰ ਵੋਟਾਂ ਪਾਉਣ ਲਈ ਯੋਗ ਸਨ। ਰਾਜਪੁਰਾ ਵਿਖੇ 135 ਉਮੀਦਵਾਰ, ਸਮਾਣਾ ਵਿਖੇ 108, ਨਾਭਾ ਵਿਖੇ 99 ਅਤੇ ਪਾਤੜਾਂ ਵਿਖੇ 61 ਉਮੀਦਵਾਰ ਚੋਣ ਲੜ ਰਹੇ ਸਨ। ਉਨ੍ਹਾਂ ਦੱਸਿਆ ਕਿ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਵੋਟਰਾਂ ਨੇ ਪੂਰੇ ਉਤਸ਼ਾਹ ਨਾਲ ਵੋਟਾਂ ਪਾਈਆਂ ਅਤੇ ਪੂਰਾ ਚੋਣ ਅਮਲ ਅਮਨ-ਅਮਾਨ ਤੇ ਸ਼ਾਂਤੀ ਪੂਰਵਕ ਸਫ਼ਲਤਾ ਨਾਲ ਨੇਪਰੇ ਚੜ੍ਹ ਗਿਆ ਹੈ।
ਦਮਨਜੀਤ ਸਿੰਘ ਮਾਨ ਨੇ ਕਿਹਾ ਕਿ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਨਿਗਰਾਨੀ ਅਤੇ ਐਸ.ਐਸ.ਪੀ. ਸ੍ਰੀ ਵਰੁਣ ਸ਼ਰਮਾ ਦੀ ਦੇਖਰੇਖ ਹੇਠ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿੱਚ ਇਨ੍ਹਾਂ ਚੋਣਾਂ ਨੂੰ ਨਿਰਪੱਖ, ਸੁਤੰਤਰ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣ ਲਈ ਸਾਰੇ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ। ਉਨ੍ਹਾਂ ਨੇ ਦੱਸਿਆ ਕਿ ਨਗਰ ਕੌਂਸਲ ਰਾਜਪੁਰਾ ਵਿਖੇ 59.70 ਫੀਸਦੀ ਵੋਟਾਂ ਪਈਆਂ ਹਨ, ਨਾਭਾ ਵਿਖੇ 64.28 ਫੀਸਦੀ, ਸਮਾਣਾ ਵਿਖੇ 55 ਫੀਸਦੀ ਅਤੇ ਨਗਰ ਕੌਂਸਲ ਪਾਤੜ
ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ-ਕਮ-ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹਾ ਪਟਿਆਲਾ ਅਧੀਨ ਮਿਉਂਸਪਲ ਕੌਂਸਲ ਨਾਭਾ ਅਧੀਨ 23 ਵਾਰਡਾਂ ਵਿੱਚ ਐਸ.ਡੀ.ਐਮ ਤੇ ਰਿਟਰਨਿੰਗ ਅਫਸਰ ਅਰਵਿੰਦਪਾਲ ਸਿੰਘ ਸੋਮਲ ਨੇ ਇਹ ਚੋਣ ਕਰਵਾਈ। ਮਿਉਂਸਪਲ ਕੌਂਸਲ ਪਾਤੜਾਂ ਅਧੀਨ 17 ਵਾਰਡਾਂ ਵਿੱਚ ਐਸ.ਡੀ.ਐਮ ਤੇ ਰਿਟਰਨਿੰਗ ਅਫ਼ਸਰ ਕਾਲਾ ਰਾਮ ਕਾਂਸਲ ਨੇ, ਮਿਉਂਸਪਲ ਕੌਂਸਲ ਰਾਜਪੁਰਾ ਅਧੀਨ 31 ਵਾਰਡਾਂ ਵਿੱਚ ਐਸ.ਡੀ.ਐਮ ਤੇ ਰਿਟਰਨਿੰਗ ਅਫ਼ਸਰ ਸੁਖਜਿੰਦਰ ਸਿੰਘ ਟਿਵਾਣਾ ਅਤੇ ਮਿਉਂਸਪਲ ਕਾਉਂਸਲ ਸਮਾਣਾ ਅਧੀਨ 21 ਵਾਰਡਾਂ ਵਿੱਚ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਤੇ ਰਿਟਰਨਿੰਗ ਰਸ਼ਪਿੰਦਰ ਸਿੰਘ ਨੇ ਇਹ ਚੋਣ ਕਰਵਾਈ ਹੈ। ਉਨ੍ਹਾਂ ਕਿਹਾ ਕਿ ਪਾਤੜਾਂ ਵਿਖੇ ਵਾਰਡ ਨੰਬਰ 1, 4, 12 ਅਤੇ 17 ਵਿੱਚ ਉਮੀਦਵਾਰ ਬਿਨ੍ਹਾਂ ਮੁਕਾਬਲਾ ਜੇਤੂ ਰਹੇ ਸਨ।
ਦਮਨਜੀਤ ਸਿੰਘ ਮਾਨ ਨੇ ਕਿਹਾ ਕਿ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਸ਼ਡਿਊਲ ਦੇ ਅਨੁਸਾਰ, ਇਨ੍ਹਾਂ ਚੋਣਾਂ ਲਈ ਅੱਜ ਪੋਲ ਹੋਈਆਂ ਵੋਟਾਂ ਦੀ ਗਿਣਤੀ 29.05.2026 (ਸ਼ੁੱਕਰਵਾਰ) ਨੂੰ ਗਿਣਤੀ ਕੇਂਦਰਾਂ 'ਤੇ ਕੀਤੀ ਜਾਵੇਗੀ। ਨਗਰ ਕੌਂਸਲ ਪਾਤੜਾਂ ਦੀਆਂ ਵੋਟਾਂ ਦੀ ਗਿਣਤੀ ਸਰਕਾਰੀ ਕਿਰਤੀ ਕਾਲਜ ਨਿਆਲ ਵਿਖੇ ਹੋਵੇਗੀ, ਨਾਭਾ ਦੀਆਂ ਵੋਟਾਂ ਦੀ ਗਿਣਤੀ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਕਰਵਾਈ ਜਾਵੇਗੀ, ਸਮਾਣਾ ਨਗਰ ਕੌਂਸਲ ਦੀਆਂ ਵੋਟਾਂ ਦੀ ਗਿਣਤੀ ਪਬਲਿਕ ਕਾਲਜ ਸਮਾਣਾ ਅਤੇ ਰਾਜਪੁਰਾ ਨਗਰ ਕੌਂਸਲ ਦੀਆਂ ਵੋਟਾਂ ਦੀ ਗਿਣਤੀ ਐਸ ਡੀ ਐਮ ਦਫ਼ਤਰ ਦੇ ਹਾਲ ਵਿਖੇ ਕਰਵਾਈ ਜਾਵੇਗੀ\

### ਦੀਨਾਨਗਰ ਸਮੇਤ 4 ਨਗਰ ਕੌਂਸਲਾਂ ਲਈ

ਦੁਪਹਿਰ 03:00 ਵਜੇ ਤੱਕ ਦਾਖਲ ਕੀਤੇ ਜਾ ਸਕਦੇ ਹਨ। ਨਾਮਜਦਗੀਆਂ ਦੀ ਜਾਂਚ 04.06.2026 (ਵੀਰਵਾਰ) ਨੂੰ ਹੋਵੇਗੀ। ਨਾਮਜਦਗੀਆਂ ਵਾਪਸ ਲੈਣ ਦੀ ਮਿਤੀ 05.06.2026 (ਸ਼ੁੱਕਰਵਾਰ) ਦੁਪਹਿਰ 03:00 ਵਜੇ ਤੱਕ ਹੋਵੇਗੀ। ਇਨ੍ਹਾਂ ਨਗਰ ਕੌਂਸਲਾਂ ਦੀਆਂ ਚੋਣਾਂ 13.06.2026 (ਸ਼ਨੀਵਾਰ) ਨੂੰ ਸਵੇਰੇ 08:00 ਵਜੇ ਤੋਂ ਸਾਮ 04:00 ਵਜੇ ਤੱਕ ਹੋਣਗੀਆਂ। ਵੋਟਾਂ ਦੀ ਗਿਣਤੀ ਵੋਟਾਂ ਪੈਣ ਤੋਂ ਤੁਰੰਤ ਬਾਅਦ ਉਸੇ ਦਿਨ ਕੀਤੀ ਜਾਵੇਗੀ।
ਕਮਿਸਨ ਨੇ ਇਨ੍ਹਾਂ ਚੋਣਾਂ ਨੂੰ ਆਜਾਦ, ਨਿਰਪੱਖ ਅਤੇ ਸਾਂਤੀਪੂਰਨ ਢੰਗ ਨਾਲ ਕਰਵਾਉਣ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਹਨ।
ਚੋਣ ਸ਼ਡਿਊਲ ਦੇ ਐਲਾਨ ਨਾਲ, ਇਨ੍ਹਾਂ ਨਗਰ ਕੌਂਸਲਾਂ ਦੇ ਅਧਿਕਾਰ ਖੇਤਰ ਵਿੱਚ, ਜਿੱਥੇ ਚੋਣਾਂ ਹੋਣੀਆਂ ਹਨ, ਆਦਰਸ ਚੋਣ ਜਾਬਤਾ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਿਆ ਹੈ ਅਤੇ ਇਹ ਚੋਣ ਪ੍ਰਕਿਰਿਆ ਦੇ ਮੁਕੰਮਲ ਹੋਣ ਤੱਕ ਲਾਗੂ ਰਹੇਗਾ।

### ਸੀ.ਐਨ.ਜੀ. ਦੀ ਕੀਮਤ 'ਚ

ਹੋ ਕੇ 102.12 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 2.71 ਰੁਪਏ ਦੇ ਵਾਧੇ ਨਾਲ 95.20 ਰੁਪਏ ਪ੍ਰਤੀ ਲੀਟਰ 'ਤੇ ਪਹੁੰਚ ਗਿਆ ਹੈ। ਦਿੱਲੀ ਤੋਂ ਇਲਾਵਾ ਕੋਲਕਾਤਾ, ਮੁੰਬਈ ਅਤੇ ਚੇਨਈ ਵਰਗੇ ਹੋਰ ਵੱਡੇ ਮਹਾਨਗਰਾਂ ਵਿੱਚ ਵੀ ਅਜਿਹਾ ਹੀ ਵਾਧਾ ਦੇਖਣ ਨੂੰ ਮਿਲਿਆ ਹੈ, ਜਿਸ ਨਾਲ ਆਮ ਖਪਤਕਾਰਾਂ ਅਤੇ ਟਰਾਂਸਪੋਰਟ ਕਾਰੋਬਾਰੀਆਂ 'ਤੇ ਬੋਝ ਹੋਰ ਵਧ ਗਿਆ ਹੈ।

### ਪੰਜਾਬ 'ਚ 28 ਮਈ ਤੱਕ ਗਰਮੀ ਤੋਂ

ਬਠਿੰਡਾ ਅਤੇ ਸਿਰਸਾ ਸਭ ਤੋਂ ਗਰਮ: ਮੰਗਲਵਾਰ ਨੂੰ ਪੰਜਾਬ ਦਾ ਬਠਿੰਡਾ ਸ਼ਹਿਰ 45 ਡਿਗਰੀ ਸੈਲਸੀਅਸ ਤਾਪਮਾਨ ਨਾਲ ਸਭ ਤੋਂ ਗਰਮ ਰਿਹਾ, ਜੋ ਕਿ ਸੋਮਵਾਰ ਦੇ 44.ਡਿਗਰੀ ਸੈਲਸੀਅਸ ਨਾਲੋਂ ਥੋੜ੍ਹਾ ਵੱਧ ਸੀ। ਸੂਬੇ ਦਾ ਔਸਤਨ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ 2.4 ਡਿਗਰੀ ਸੈਲਸੀਅਸ ਉੱਪਰ ਚੱਲ ਰਿਹਾ ਹੈ, ਜਦੋਂ ਕਿ ਅੰਮ੍ਰਿਤਸਰ ਵਿੱਚ ਸਭ ਤੋਂ ਘੱਟ (ਘੱਟੋ-ਘੱਟ) ਤਾਪਮਾਨ 22. ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਹਰਿਆਣਾ ਵਿੱਚ ਸਿਰਸਾ 46 ਡਿਗਰੀ ਸੈਲਸੀਅਸ ਤਾਪਮਾਨ ਨਾਲ ਸਭ ਤੋਂ ਗਰਮ ਰਿਹਾ। ਰੋਹਤਕ ਵਿੱਚ ਸਭ ਤੋਂ ਘੱਟ ਤਾਪਮਾਨ 23 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।
ਦੂਜੇ ਪਾਸੇ, ਚੰਡੀਗੜ੍ਹ ਵਿੱਚ ਮੰਗਲਵਾਰ ਨੂੰ ਵੱਧ ਤੋਂ ਵੱਧ ਤਾਪਮਾਨ 41.63 ਦਰਜ ਕੀਤਾ ਗਿਆ, ਜੋ ਕਿ ਸੋਮਵਾਰ ਨਾਲੋਂ 1.ਡਿਗਰੀ ਸੈਲਸੀਅਸ ਘੱਟ ਸੀ। ਇੱਥੇ ਘੱਟੋ-ਘੱਟ ਤਾਪਮਾਨ 22.7 ਡਿਗਰੀ ਸੈਲਸੀਅਸ ਰਿਹਾ, ਜੋ ਕਿ ਆਮ ਨਾਲੋਂ 3ਡਿਗਰੀ ਸੈਲਸੀਅਸ ਘੱਟ ਸੀ, ਜਿਸ ਕਾਰਨ ਰਾਤ ਨੂੰ ਗਰਮੀ ਤੋਂ ਥੋੜ੍ਹੀ ਰਾਹਤ ਰਹੀ। ਹਵਾ ਵਿੱਚ ਨਮੀ ਦੀ ਮਾਤਰਾ 10 ਤੋਂ 59 ਫੀਸਦੀ ਦੇ ਵਿਚਕਾਰ ਦਰਜ ਕੀਤੀ ਗਈ।
ਬੁੱਧਵਾਰ ਨੂੰ ਆਸਮਾਨ ਸਾਫ਼ ਰਹੇਗਾ ਅਤੇ ਤਾਪਮਾਨ 43ਡਿਗਰੀ ਸੈਲਸੀਅਸ ਤੱਕ ਪਹੁੰਚਣ ਨਾਲ ਤਪਸ਼ ਵਧੇਗੀ। ਵੀਰਵਾਰ ਤੋਂ ਮੌਸਮ ਬਦਲਣਾ ਸ਼ੁਰੂ ਹੋਵੇਗਾ; ਆਸਮਾਨ ਵਿੱਚ ਅੰਸ਼ਕ ਤੌਰ 'ਤੇ ਬੱਦਲ ਛਾਏ ਰਹਿਣਗੇ ਅਤੇ ਹਲਕੀ ਬਾਰਿਸ਼ ਦੀ ਸੰਭਾਵਨਾ ਹੈ, ਜਿਸ ਨਾਲ ਵੱਧ ਤੋਂ ਵੱਧ ਤਾਪਮਾਨ ਡਿੱਗ ਕੇ 40ਡਿਗਰੀ ਸੈਲਸੀਅਸ 'ਤੇ ਆ ਜਾਵੇਗਾ। ਇਸ ਤੋਂ ਬਾਅਦ ਸ਼ੁੱਕਰਵਾਰ ਨੂੰ ਪਾਰਾ ਡਿੱਗ ਕੇ 37ਡਿਗਰੀ ਸੈਲਸੀਅਸ, ਸ਼ਨਿਚਰਵਾਰ ਨੂੰ 35 ਡਿਗਰੀ ਸੈਲਸੀਅਸ ਅਤੇ ਐਤਵਾਰ ਨੂੰ 36 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਵੇਗਾ।
ਮੌਸਮ ਵਿਭਾਗ ਨੇ ਬੁੱਧਵਾਰ ਲਈ ਲੂ ਦਾ ਓਰੈਂਜ ਅਲਰਟ ਜਾਰੀ ਰੱਖਿਆ ਹੈ। ਵੀਰਵਾਰ ਨੂੰ ਦੋਹਰਾ ਖ਼ਤਰਾ ਹੈ, ਕਿਉਂਕਿ ਕੁਝ ਥਾਵਾਂ 'ਤੇ ਲੂਅ ਚੱਲੇਗੀ ਅਤੇ ਨਾਲ ਹੀ ਰਾਤ ਤੱਕ 60-70 ਕਿਲੋਮੀਟਰ ਦੀ ਰਫ਼ਤਾਰ ਨਾਲ ਝੱਖੜ ਚੱਲਣ ਅਤੇ ਗੜ੍ਹੇਮਾਰੀ ਹੋਣ ਦਾ ਓਰੈਂਜ ਅਲਰਟ ਹੈ। ਸ਼ੁੱਕਰਵਾਰ ਅਤੇ ਸ਼ਨਿੱਚਰਵਾਰ ਨੂੰ ਪੂਰੇ ਖੇਤਰ ਵਿੱਚ ਮੀਂਹ ਅਤੇ ਗੜ੍ਹੇਮਾਰੀ ਦੀ ਸੰਭਾਵਨਾ ਦੇ ਚੱਲਦਿਆਂ ਓਰੈਂਜ ਅਲਰਟ ਜਾਰੀ ਰਹੇਗਾ। ਐਤਵਾਰ ਨੂੰ ਇਹ ਯੈਲੋ ਅਲਰਟ ਵਿੱਚ ਬਦਲ ਜਾਵੇਗਾ ਅਤੇ ਸਿਰਫ਼ ਕੁਝ ਥਾਵਾਂ 'ਤੇ ਹਲਕਾ ਮੀਂਹ ਪਵੇਗਾ। ਸੋਮਵਾਰ ਤੋਂ ਮੌਸਮ ਦੁਬਾਰਾ ਖੁਸ਼ਕ ਹੋ ਜਾਵੇਗਾ।
ਦੱਸਣਯੋਗ ਹੈ ਕਿ ਪਿਛਲੇ 24 ਘੰਟਿਆਂ ਵਿੱਚ ਚੰਡੀਗੜ੍ਹ ਵਿੱਚ ਕੋਈ ਮੀਂਹ ਨਹੀਂ ਪਿਆ ਪਰ 1 ਮਾਰਚ ਤੋਂ ਹੁਣ ਤੱਕ ਇੱਥੇ 105 ਐਮ.ਐਮ. ਬਾਰਿਸ਼ ਹੋ ਚੁੱਕੀ ਹੈ, ਜੋ ਕਿ ਆਮ ਨਾਲੋਂ 101.1 ਫੀਸਦੀ ਵੱਧ ਹੈ। ਬੁੱਧਵਾਰ ਨੂੰ ਸੂਰਜ ਡੁੱਬਣ ਦਾ ਸਮਾਂ ਸ਼ਾਮ 7:16 ਵਜੇ ਅਤੇ ਵੀਰਵਾਰ ਨੂੰ ਸੂਰਜ ਚੜ੍ਹਨ ਦਾ ਸਮਾਂ ਸਵੇਰੇ 5:23 ਵਜੇ ਹੋਵੇਗਾ।

### ਸੰਜੀਵ ਅਰੋੜਾ ਨੇ ਹਾਈਕੋਰਟ ਤੋਂ ਕੀਤੀ ਐਫ.ਆਈ.

ਵਿਖੇ ਭਾਰਤੀ ਨਿਆਏ ਸੰਹਿਤਾ ਦੀਆਂ ਧਾਰਾਵਾਂ 238ਏ, 316-2, 318-4, 336-3, 338, 340 ਅਤੇ 61 ਤਹਿਤ ਦਰਜ ਹੋਈ ਹੈ।
ਅੱਜ ਇਸ ਮਾਮਲੇ 'ਤੇ ਹੋਈ ਸੁਣਵਾਈ ਦੌਰਾਨ ਹਾਈਕੋਰਟ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਦੋਵਾਂ ਮੁੱਖ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਹਨ: ਅਦਾਲਤ ਨੇ ਹਰਿਆਣਾ ਸਰਕਾਰ ਅਤੇ ਈ.ਡੀ. ਨੂੰ ਨੋਟਿਸ ਜਾਰੀ ਕਰਕੇ ਇਸ ਮਾਮਲੇ ਵਿੱਚ ਉਨ੍ਹਾਂ ਦਾ ਜਵਾਬ ਤਲਬ ਕੀਤਾ ਹੈ। ਇਸ ਦੇ ਨਾਲ ਹੀ, ਪਟੀਸ਼ਨਕਰਤਾ ਵੱਲੋਂ ਇਸ ਐਫ.ਆਈ.ਆਰ. 'ਤੇ ਸਟੇਅ (ਰੋਕ) ਲਗਾਉਣ ਦੀ ਮੰਗ ਬਾਰੇ ਵੀ ਅਦਾਲਤ ਵੱਲੋਂ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਗਿਆ ਹੈ।
ਪੰਜਾਬ ਦੇ ਮੰਤਰੀ ਸੰਜੀਵ ਅਰੋੜਾ ਨੂੰ ਪਿਛਲੇ ਦਿਨੀਂ ਈ.ਡੀ.ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਤੋਂ ਬਾਅਦ ਉਹ ਇਸ ਵੇਲੇ ਜੇਲ੍ਹ (ਨਿਆਂਇਕ ਹਿਰਾਸਤ) ਵਿੱਚ ਹਨ। ਹੁਣ ਹਾਈਕੋਰਟ ਵੱਲੋਂ ਜਾਰੀ ਕੀਤੇ ਗਏ ਨੋਟਿਸਾਂ ਤੋਂ ਬਾਅਦ ਇਸ ਮਾਮਲੇ ਵਿੱਚ ਅਗਲੀ ਸੁਣਵਾਈ 29 ਜੁਲਾਈ ਨੂੰ ਹੋਵੇਗੀ।

### ਯੋਗਰਾਜ ਸਿੰਘ ਦੀ ਚੰਡੀਗੜ੍ਹ ਅਦਾਲਤ

ਅਦਾਕਾਰ ਯੋਗਰਾਜ ਸਿੰਘ ਨੇ ਚੰਡੀਗੜ੍ਹ ਵਿੱਚ ਐੱਫ.ਆਈ.ਆਰ. ਦਰਜ ਹੋਣ ਤੋਂ ਬਾਅਦ 16 ਮਈ, 2026 ਨੂੰ ਅਗਾਊਂ ਜ਼ਮਾਨਤ ਲਈ ਜ਼ਿਲ੍ਹਾ ਅਦਾਲਤ ਤੱਕ ਪਹੁੰਚ ਕੀਤੀ ਸੀ।
ਵਕੀਲ ਉਜਵਲ ਭਸੀਨ ਅਤੇ ਜਤਿਨ ਵਰਮਾ ਵੱਲੋਂ 14 ਮਈ, 2026 ਨੂੰ ਦਿੱਤੀ ਗਈ ਇੱਕ ਰਸਮੀ ਸ਼ਿਕਾਇਤ ਤੋਂ ਬਾਅਦ, ਚੰਡੀਗੜ੍ਹ ਪੁਲਿਸ ਨੇ ਸੈਕਟਰ 36 ਦੇ ਥਾਣੇ ਵਿੱਚ ਭਾਰਤੀ ਨਿਆ ਸੰਹਿਤਾ ਦੀ ਧਾਰਾ 79 ਅਤੇ ਇਨਫਰਮੇਸ਼ਨ ਟੈਕਨਾਲੋਜੀ ਐਕਟ, 2000 ਦੀ ਧਾਰਾ 62ਏ ਤਹਿਤ ਇਹ ਮਾਮਲਾ ਦਰਜ ਕੀਤਾ ਸੀ। ਸ਼ਿਕਾਇਤਕਰਤਾਵਾਂ ਨੇ ਦੋਸ਼ ਲਾਇਆ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇਸ ਕਲਿੱਪ ਵਿੱਚ ਯੋਗਰਾਜ ਸਿੰਘ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਨਾ ਸਿਰਫ਼ ਅਸ਼ਲੀਲ ਹਨ, ਬਲਕਿ ਔਰਤਾਂ ਪ੍ਰਤੀ ਨਫ਼ਰਤ ਨੂੰ ਵਧਾਉਂਦੀਆਂ ਹਨ ਅਤੇ ਸਮਾਜ ਵਿੱਚ ਔਰਤਾਂ ਦੇ ਸਨਮਾਨ ਨੂੰ ਠੇਸ ਪਹੁੰਚਾਉਂਦੀਆਂ ਹਨ। ਇਸ ਵਾਇਰਲ ਕਲਿੱਪ ਵਿੱਚ ਯੋਗਰਾਜ ਦਾ ਕਿਰਦਾਰ ਇੱਕ ਮਹਿਲਾ ਪੁਲਿਸ ਅਧਿਕਾਰੀ 'ਤੇ ਕਥਿਤ ਤੌਰ 'ਤੇ ਟਿੱਪਣੀ ਕਰਦਾ ਨਜ਼ਰ ਆ ਰਿਹਾ ਹੈ।
ਯੋਗਰਾਜ ਦੇ ਵਕੀਲ ਨੇ ਬਚਾਅ ਪੱਖ ਵਿੱਚ ਦਲੀਲ ਦਿੱਤੀ ਕਿ ਅਦਾਕਾਰ ਸਿਰਫ਼ ਪਰਦੇ 'ਤੇ ਇੱਕ ਕਾਲਪਨਿਕ ਕਿਰਦਾਰ ਨਿਭਾ ਰਿਹਾ ਸੀ ਅਤੇ ਉਹ ਇੱਕ ਪੇਸ਼ੇਵਰ ਅਦਾਕਾਰ ਵਜੋਂ ਕੰਟਰੈਕਟ (ਇਕਰਾਰਨਾਮੇ) ਨਾਲ ਪੂਰੀ ਤਰ੍ਹਾਂ ਬੱਝਿਆ ਹੋਇਆ ਸੀ। ਵਕੀਲ ਨੇ ਦਾਅਵਾ ਕੀਤਾ ਕਿ ਮੁਲਜ਼ਮ ਨੂੰ ਇਸ ਕੇਸ ਵਿੱਚ ਝੂਠਾ ਫਸਾਇਆ ਗਿਆ ਹੈ ਅਤੇ ਉਨ੍ਹਾਂ ਕੋਲੋਂ ਕੁਝ ਵੀ ਬਰਾਮਦ ਕੀਤਾ ਜਾਣਾ ਬਾਕੀ ਨਹੀਂ ਹੈ। ਹਾਲਾਂਕਿ, ਸਰਕਾਰੀ ਪੱਖ (ਸਟੇਟ) ਨੇ ਅਦਾਲਤ ਵਿੱਚ ਦਾਇਰ ਕੀਤੇ ਆਪਣੇ ਜਵਾਬ ਵਿੱਚ ਕਿਹਾ ਕਿ ਇਸ ਕੇਸ ਵਿੱਚ ਮੁਲਜ਼ਮ ਦੀ ਆਵਾਜ਼ ਦੇ ਸੈਂਪਲ ਲੈਣੇ ਬਹੁਤ ਜ਼ਰੂਰੀ ਹਨ। ਇਸ ਦੇ ਨਾਲ ਹੀ ਸਰਕਾਰ ਨੇ ਇਹ ਦਲੀਲ ਵੀ ਦਿੱਤੀ ਕਿ ਜਾਂਚ ਲਈ ਇਸ ਕਥਿਤ ਵੀਡੀਓ ਨਾਲ ਸਬੰਧਤ ਅਸਲ ਰਿਕਾਰਡ ਦੀ ਵੀ ਲੋੜ ਹੈ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਮੁਲਜ਼ਮ ਯੋਗਰਾਜ ਸਿੰਘ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ।

### 328 ਪਾਵਨ ਸਰੂਪਾਂ ਸਬੰਧੀ ਬਣੀ ਸਿੱਟ ਸ਼੍ਰੋਮਣੀ ਕਮੇਟੀ ਦੇ

ਤੱਕ ਕੋਈ ਸਬੰਧ ਨਹੀਂ ਬਣਦਾ।
ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਸਿੱਟ ਵੱਲੋਂ ਸ਼੍ਰੋਮਣੀ ਕਮੇਟੀ ਦੇ ਵਿੱਤੀ ਖਾਤਿਆਂ, ਬੈਂਕ ਲੈਣ-ਦੇਣ ਅਤੇ ਸਮੁੱਚੇ ਆਰਥਿਕ ਵੇਰਵਿਆਂ ਦੀ ਮੰਗ ਕਰਨਾ ਉਸ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਕਦੇ ਸਿੱਟ ਆਪਣੇ ਨੁਮਾਇੰਦਿਆਂ ਨੂੰ ਬੈਂਕਾਂ ਵਿੱਚ ਭੇਜ ਕੇ ਖਾਤਿਆਂ ਦੀ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਕਦੇ ਪੱਤਰਾਂ ਰਾਹੀਂ ਵਿਸਥਾਰਪੂਰਵਕ ਵਿੱਤੀ ਵੇਰਵੇ ਮੰਗੇ ਜਾ ਰਹੇ ਹਨ।
ਹੁਣ ਸਿੱਟ ਵੱਲੋਂ ਨਿੱਜੀ ਚੈਨਲਾਂ ਈਟੀਸੀ ਅਤੇ ਜੀ ਨੈਕਸਟ ਮੀਡੀਆ ਨਾਲ ਬੀਤੇ ਲੰਬੇ ਸਮੇਂ ਦੌਰਾਨ ਗੁਰਬਾਣੀ ਕੀਰਤਨ ਸਬੰਧੀ ਕੀਤੇ ਗਏ ਸਮਝੌਤਿਆਂ ਦੇ ਵੇਰਵੇ ਵੀ ਮੰਗੇ ਗਏ ਹਨ, ਜਿਨ੍ਹਾਂ ਦਾ 328 ਪਾਵਨ ਸਰੂਪਾਂ ਨਾਲ ਕੋਈ ਸੰਬੰਧ ਨਹੀਂ ਬਣਦਾ।
ਇਥੋਂ ਤਕ ਕਿ ਜਿਹੜੀ ਜਾਣਕਾਰੀਆਂ ਪਹਿਲਾਂ ਹੀ ਸਿੱਟ ਨੂੰ ਦਿੱਤੀਆਂ ਜਾ ਚੁੱਕੀਆਂ ਹਨ, ਉਨ੍ਹਾਂ ਬਾਰੇ ਬਾਰ-ਬਾਰ ਦੁਬਾਰਾ ਪੱਤਰ ਭੇਜ ਕੇ ਫਿਰ ਜਾਣਕਾਰੀ ਮੰਗੀ ਜਾ ਰਹੀ ਹੈ।
ਇਹ ਸਭ ਕੁਝ ਜਾਂਚ ਦੇ ਮੂਲ ਮਕਸਦ ਤੋਂ ਬਾਹਰ ਜਾ ਕੇ ਕੀਤਾ ਜਾ ਰਿਹਾ ਹੈ। ਜਾਂਚ ਟੀਮ ਦੇ ਸਵਾਲ ਅਤੇ ਮਨਮਰਜ਼ੀ ਨਾਲ ਮੰਗੀਆਂ ਜਾ ਰਹੀਆਂ ਜਾਣਕਾਰੀਆਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਉਹ ਅਸਲ ਜਾਂਚ ਤੋਂ ਹਟ ਕੇ ਕਿਸੇ ਹੋਰ ਮਨਸੂਬੇ ਤਹਿਤ ਕੰਮ ਕਰ ਰਹੀ ਹੈ।
ਐਡਵੋਕੇਟ ਧਾਮੀ ਨੇ ਕਿਹਾ ਕਿ ਇੰਝ ਮਹਿਸੂਸ ਹੁੰਦਾ ਹੈ ਕਿ ਪੰਜਾਬ ਸਰਕਾਰ ਸਿੱਟ ਦੇ ਜ਼ਰੀਏ ਸਿੱਖਾਂ ਦੀ ਸਿਰਮੌਰ ਸੰਸਥਾ ਦੇ ਸੰਵਿਧਾਨਕ ਅਧਿਕਾਰਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਸ਼੍ਰੋਮਣੀ ਕਮੇਟੀ ਦਾ ਮਾਮਲਾ ਨਹੀਂ, ਸਗੋਂ ਸਿੱਖ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ ਅਤੇ ਅਧਿਕਾਰਾਂ ਨਾਲ ਜੁੜਿਆ ਸੰਵੇਦਨਸ਼ੀਲ ਵਿਸ਼ਾ ਹੈ। ਉਨ੍ਹਾਂ ਆਖਿਆ ਕਿ ਸਿੱਟ ਆਪਣੇ ਅਧਿਕਾਰਾਂ ਤੋਂ ਬਾਹਰ ਨਾ ਜਾਵੇ ਅਤੇ ਕੇਵਲ 328 ਪਾਵਨ ਸਰੂਪਾਂ ਦੀ ਜਾਂਚ ਤਕ ਹੀ ਸੀਮਤ ਰਹੇ।

### ਲੈਫ. ਜਨਰਲ ਹਰਜੀਤ ਸਿੰਘ ਸਾਹੀ ਨੇ

ਦੇਹਰਾਦੂਨ ਦੇ ਸਾਬਕਾ ਵਿਦਿਆਰਥੀ ਲੈਫਟੀਨੈਂਟ ਜਨਰਲ ਸਾਹੀ ਨੂੰ ਦਸੰਬਰ 1988 ਵਿੱਚ ਰਾਜਪੂਤ ਰੈਜੀਮੈਂਟ ਦੀ 23ਵੀਂ ਬਟਾਲੀਅਨ ਵਿੱਚ ਕਮਿਸ਼ਨ ਮਿਲਿਆ ਸੀ ਅਤੇ ਵਰਤਮਾਨ ਵਿੱਚ ਉਹ ਰਾਜਪੂਤ ਰੈਜੀਮੈਂਟ ਦੇ ਕਰਨਲ ਦੇ ਵੱਕਾਰੀ ਅਹੁਦੇ 'ਤੇ ਤਾਇਨਾਤ ਹਨ।
ਜਨਰਲ ਅਧਿਕਾਰੀ ਨੂੰ ਉੱਤਰੀ, ਪੱਛਮੀ ਅਤੇ ਪੂਰਬੀ ਖੇਤਰਾਂ ਸਮੇਤ ਸਿਆਚਿਨ ਗਲੇਸ਼ੀਅਰ ਵਿੱਚ ਵਿਆਪਕ ਅਪਰੇਸ਼ਨਲ (ਕਾਰਜਸ਼ੀਲ) ਅਨੁਭਵ ਹਾਸਲ ਹੈ। ਉਨ੍ਹਾਂ ਨੇ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ (LOC) ਅਤੇ ਕਾਊਂਟਰ ਇੰਸਰਜੈਂਸੀ ਫੋਰਸ (ਕਿਲੋ) ਵਿੱਚ ਆਪਣੀ ਬਟਾਲੀਅਨ ਅਤੇ ਇੱਕ ਇਨਫੈਂਟਰੀ ਬ੍ਰਿਗੇਡ ਦੀ ਕਮਾਨ ਸੰਭਾਲੀ। ਉਨ੍ਹਾਂ ਨੂੰ ਭਾਰਤੀ ਫ਼ੌਜ ਦੀ ਸਭ ਤੋਂ ਵੱਡੀ ਕੋਰ, 3 ਕੋਰ, ਦੀ ਕਮਾਨ ਸੰਭਾਲਣ ਦਾ ਵਿਸ਼ੇਸ਼ ਮਾਣ ਹਾਸਲ ਹੈ, ਜਿਸ ਦੀ ਜ਼ਿੰਮੇਵਾਰੀ ਪੂਰਬੀ ਸਰਹੱਦਾਂ, ਭਾਰਤ-ਮਿਆਂਮਾਰ ਸਰਹੱਦ ਅਤੇ ਉੱਤਰ-ਪੂਰਬ ਦੇ ਛੇ ਰਾਜਾਂ ਦੇ ਅੰਦਰੂਨੀ ਖੇਤਰਾਂ ਤੱਕ ਫੈਲੀ ਹੋਈ ਹੈ। ਮਈ 2023 ਵਿੱਚ ਮਣੀਪੁਰ ਵਿੱਚ ਹੋਏ ਜਾਤੀ ਸੰਘਰਸ਼ ਦੌਰਾਨ ਉਨ੍ਹਾਂ ਨੇ ਆਪਣੇ ਜ਼ਿੰਮੇਵਾਰੀ ਵਾਲੇ ਖੇਤਰ ਵਿੱਚ ਬੁਨਿਆਦੀ ਢਾਂਚੇ ਦੇ ਸੁਧਾਰ ਅਤੇ ਸਥਿਰਤਾ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।
ਇਸ ਨਿਯੁਕਤੀ ਤੋਂ ਪਹਿਲਾਂ ਉਹ ਆਰਮੀ ਵਾਰ ਕਾਲਜ, ਮਹੂ ਦੇ ਕਮਾਂਡੈਂਟ ਵਜੋਂ ਸੇਵਾ ਨਿਭਾ ਰਹੇ ਸਨ, ਜਿੱਥੇ ਉਨ੍ਹਾਂ ਨੇ ਪੇਸ਼ੇਵਰ ਮਿਲਟਰੀ ਸਿੱਖਿਆ ਨੂੰ ਉੱਭਰਦੀਆਂ ਅਪਰੇਸ਼ਨਲ ਲੋੜਾਂ ਅਤੇ ਤਕਨੀਕੀ ਤਰੱਕੀ ਦੇ ਅਨੁਕੂਲ ਬਣਾਉਣ ਲਈ ਕਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ। ਉਨ੍ਹਾਂ ਦੀ ਅਗਵਾਈ ਹੇਠ ਸੰਸਥਾ ਨੂੰ 15 ਜਨਵਰੀ, 2026 ਨੂੰ ਵੱਕਾਰੀ 'ਚੀਫ਼ ਆਫ਼ ਦਾ ਆਰਮੀ ਸਟਾਫ਼ ਯੂਨਿਟ ਅਪ੍ਰੀਸੀਏਸ਼ਨ' ਨਾਲ ਸਨਮਾਨਿਤ ਕੀਤਾ ਗਿਆ ਸੀ।
ਜਨਰਲ ਅਧਿਕਾਰੀ ਨੇ ਕਈ ਮਹੱਤਵਪੂਰਨ ਸਟਾਫ਼ ਨਿਯੁਕਤੀਆਂ 'ਤੇ ਵੀ ਕੰਮ ਕੀਤਾ ਹੈ, ਜਿਨ੍ਹਾਂ ਵਿੱਚ ਇੱਕ ਅਪਰੇਸ਼ਨਲ ਕੋਰ ਦੇ ਬ੍ਰਿਗੇਡੀਅਰ ਜਨਰਲ ਸਟਾਫ਼, ਵਧੀਕ ਮਹਾਨਿਰਦੇਸ਼ਕ ਮਿਲਟਰੀ ਅਪਰੇਸ਼ਨਜ਼ ਅਤੇ ਆਰਮੀ ਹੈੱਡਕੁਆਰਟਰ ਵਿੱਚ ਮਹਾਨਿਰਦੇਸ਼ਕ ਸੂਚਨਾ ਯੁੱਧ (ਇਨਫਾਰਮੇਸ਼ਨ ਵਾਰਫੇਅਰ) ਸ਼ਾਮਲ ਹਨ।
ਉਨ੍ਹਾਂ ਨੇ ਸਾਰੇ ਮਹੱਤਵਪੂਰਨ ਪੇਸ਼ੇਵਰ ਕੋਰਸ ਪੂਰੇ ਕੀਤੇ ਹਨ, ਜਿਨ੍ਹਾਂ ਵਿੱਚ DSSC ਵੈਲਿੰਗਟਨ ਦਾ ਸਟਾਫ਼ ਕੋਰਸ, ਆਰਮੀ ਵਾਰ ਕਾਲਜ ਮਹੂ ਦਾ ਹਾਇਰ ਕਮਾਂਡ ਕੋਰਸ ਅਤੇ ਨੈਸ਼ਨਲ ਡਿਫੈਂਸ ਕਾਲਜ, ਨਵੀਂ ਦਿੱਲੀ ਦਾ NDC ਕੋਰਸ ਸ਼ਾਮਲ ਹੈ। ਲੈਫਟੀਨੈਂਟ ਜਨਰਲ ਸਾਹੀ ਕੋਲ ਦੋ ਐਮ.ਫਿਲ ਡਿਗਰੀਆਂ ਅਤੇ ਰੱਖਿਆ ਤੇ ਰਣਨੀਤਕ ਅਧਿਐਨ ਵਿੱਚ ਮਾਸਟਰ ਡਿਗਰੀ ਹੈ।
ਉਨ੍ਹਾਂ ਦੀਆਂ ਵਿਲੱਖਣ ਸੇਵਾਵਾਂ ਲਈ ਉਨ੍ਹਾਂ ਨੂੰ ਪਰਮ ਵਿਸ਼ਿਸ਼ਟ ਸੇਵਾ ਮੈਡਲ, ਉੱਤਮ ਯੁੱਧ ਸੇਵਾ ਮੈਡਲ, ਅਤਿ ਵਿਸ਼ਿਸ਼ਟ ਸੇਵਾ ਮੈਡਲ, ਯੁੱਧ ਸੇਵਾ ਮੈਡਲ ਅਤੇ ਸੈਨਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਹੈ।
ਅਹੁਦਾ ਸੰਭਾਲਣ ਤੋਂ ਬਾਅਦ, ਲੈਫਟੀਨੈਂਟ ਜਨਰਲ ਸਾਹੀ ਨੇ ਵੀਰ ਸਮ੍ਰਿਤੀ ਯੁੱਧ ਸਮਾਰਕ 'ਤੇ ਫੁੱਲਮਾਲਾ ਭੇਟ ਕਰਕੇ ਦੇਸ਼ ਦੀ ਸੇਵਾ ਵਿੱਚ ਸਰਵਉੱਚ ਕੁਰਬਾਨੀ ਦੇਣ ਵਾਲੇ ਬਹਾਦਰ ਸੈਨਿਕਾਂ ਨੂੰ ਸ਼ਰਧਾਂਜਲੀ ਦਿੱਤੀ। ਉਨ੍ਹਾਂ ਨੇ ਅਪਰੇਸ਼ਨਲ ਤਿਆਰੀ, ਸਮਰੱਥਾ ਦੇ ਵਿਕਾਸ ਅਤੇ ਸਾਰੇ ਰੈਂਕਾਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

### ਲਹਿੰਦੇ ਪੰਜਾਬ ਦੀ ਸਰਕਾਰ ਨੇ

ਅਤੇ ਮੁੱਖ ਮੰਤਰੀ ਦਫ਼ਤਰ ਨੇ 20 ਮਾਰਚ ਨੂੰ ਇਸ ਸਬੰਧ ਵਿੱਚ ਬਕਾਇਦਾ ਇੱਕ ਪ੍ਰੈਸ ਨੋਟ ਜਾਰੀ ਕੀਤਾ ਸੀ, ਤਾਂ ਇਜਾਜ਼ ਨੇ ਜ਼ੋਰ ਦੇ ਕੇ ਕਿਹਾ ਕਿ 'ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ ਕਿਉਂਕਿ ਮਾਮਲਾ ਵਿਚਾਰ ਅਧੀਨ ਹੈ।' ਹਾਲਾਂਕਿ, ਇੱਕ ਅਧਿਕਾਰਤ ਸਰੋਤ ਨੇ ਦੱਸਿਆ ਕਿ ਵਲੌਗਰਾਂ ਸਮੇਤ ਕੁਝ ਕੱਟੜਪੰਥੀ ਅਨਸਰਾਂ ਨੇ ਲਾਹੌਰ ਦੀਆਂ ਸੜਕਾਂ ਅਤੇ ਗਲੀਆਂ ਦੇ ਵੰਡ ਤੋਂ ਪਹਿਲਾਂ ਦੇ 'ਹਿੰਦੂ ਅਤੇ ਸਿੱਖ' ਨਾਮ ਬਹਾਲ ਕਰਨ ਲਈ ਮਰੀਅਮ ਨਵਾਜ਼ ਦੀ ਸਖ਼ਤ ਆਲੋਚਨਾ ਕੀਤੀ ਸੀ। ਉਨ੍ਹਾਂ ਕਿਹਾ, 'ਕਿਉਂਕਿ ਆਲੋਚਕਾਂ ਨੇ ਸਰਕਾਰ ਦੇ ਇਸ ਫੈਸਲੇ ਨੂੰ ਧਾਰਮਿਕ ਰੰਗਤ ਦੇ ਦਿੱਤੀ, ਇਸ ਲਈ ਮਰੀਅਮ ਨਵਾਜ਼ ਪ੍ਰਸ਼ਾਸਨ ਬੈਕਫੁੱਟ 'ਤੇ ਆ ਗਿਆ ਹੈ ਅਤੇ ਵਿਰੋਧ ਤੋਂ ਬਚਣ ਲਈ ਫੈਸਲੇ ਨੂੰ ਟਾਲ ਦਿੱਤਾ ਹੈ।'
ਕੱਟੜਪੰਥੀ ਅਨਸਰਾਂ ਦੇ ਵਿਰੋਧ ਤੋਂ ਬਾਅਦ, ਐਲ.ਐਚ.ਏ.ਆਰ. ਨੇ ਹਾਲ ਹੀ ਵਿੱਚ ਵਿਦਵਾਨਾਂ, ਇਤਿਹਾਸਕਾਰਾਂ, ਆਰਕੀਟੈਕਟਾਂ, ਸ਼ਹਿਰੀ ਯੋਜਨਾਕਾਰਾਂ ਅਤੇ ਹੋਰ ਪ੍ਰਮੁੱਖ ਵਿਅਕਤੀਆਂ ਦਾ ਇੱਕ ਇਕੱਠ ਬੁਲਾਇਆ ਅਤੇ ਲਾਹੌਰ ਭਰ ਦੀਆਂ ਸੜਕਾਂ, ਗਲੀਆਂ ਅਤੇ ਇਲਾਕਿਆਂ ਦੇ ਅਸਲੀ ਨਾਮ ਬਹਾਲ ਕਰਨ ਦੇ 'ਪ੍ਰਸਤਾਵ' 'ਤੇ ਉਨ੍ਹਾਂ ਦੇ ਸੁਝਾਅ ਮੰਗੇ।
ਐਲ.ਐਚ.ਏ.ਆਰ. ਨੇ ਮੀਟਿੰਗ ਤੋਂ ਬਾਅਦ ਇੱਕ ਬਿਆਨ ਵਿੱਚ ਕਿਹਾ, 'ਇਸ ਮੰਚ ਨੇ ਲਾਹੌਰ ਦੀ ਅਮੀਰ ਵਿਰਾਸਤ ਅਤੇ ਪਛਾਣ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇੱਕ ਵਿਆਪਕ ਪਹਿਲਕਦਮੀ ਦੇ ਹਿੱਸੇ ਵਜੋਂ, ਸ਼ਹਿਰ ਦੇ ਰਵਾਇਤੀ ਨਾਮਕਰਨ ਨੂੰ ਸੁਰਜੀਤ ਕਰਨ ਦੇ ਸੱਭਿਆਚਾਰਕ, ਇਤਿਹਾਸਕ ਅਤੇ ਨਾਗਰਿਕ ਮਹੱਤਵ ਦੀ ਪੜਚੋਲ ਕੀਤੀ।
ਲਾਹੌਰ ਦੀਆਂ ਇਤਿਹਾਸਕ ਗਲੀਆਂ ਅਤੇ ਸੜਕਾਂ, ਜਿਨ੍ਹਾਂ ਦੇ ਨਾਮ ਅਤੀਤ ਵਿੱਚ ਲਗਾਤਾਰ ਆਈਆਂ ਸਰਕਾਰਾਂ ਵੱਲੋਂ ਬਦਲ ਦਿੱਤੇ ਗਏ ਸਨ, ਉਨ੍ਹਾਂ ਵਿੱਚ ਕਵੀਨਜ਼ ਰੋਡ, ਜੇਲ੍ਹ ਰੋਡ, ਡੇਵਿਸ ਰੋਡ, ਲਾਰੈਂਸ ਰੋਡ, ਐਮਪ੍ਰੈਸ ਰੋਡ, ਕ੍ਰਿਸ਼ਨ ਨਗਰ, ਸੰਤਨਗਰ, ਧਰਮਪੁਰਾ, ਬ੍ਰੈਂਡਰਥ ਰੋਡ, ਰਾਮ ਗਲੀ, ਟੈਂਪਲ ਸਟ੍ਰੀਟ, ਲਕਸ਼ਮੀ ਚੌਕ, ਜੈਨ ਮੰਦਿਰ ਰੋਡ, ਕੁਮਹਾਰਪੁਰਾ, ਮੋਹਨ ਲਾਲ ਬਾਜ਼ਾਰ, ਸੁੰਦਰ ਦਾਸ ਰੋਡ, ਭਗਵਾਨ ਪੁਰਾ, ਸ਼ਾਂਤੀ ਨਗਰ ਅਤੇ ਆਊਟਫਾਲ ਰੋਡ ਸ਼ਾਮਲ ਹਨ।

### ਮੱਧ ਪ੍ਰਦੇਸ਼ 'ਚ ਖੂਹ ਪੁੱਟਦਿਆਂ ਹੋਏ ਹਾਦਸੇ

ਕਾਰਨ ਮਾਰੇ ਗਏ ਲੋਕਾਂ ਦੇ ਨਾਮ ਵੀ ਸਾਹਮਣੇ ਆ ਗਏ ਹਨ। ਮ੍ਰਿਤਕਾਂ ਵਿੱਚ ਚੁੰਨੂ ਯਾਦਵ, ਰਾਮਪਾਲ ਯਾਦਵ, ਰਾਜਕੁਮਾਰ ਯਾਦਵ, ਆਸ਼ੀਸ਼ ਯਾਦਵ ਅਤੇ ਚੁਨਵਾਦ ਪਾਲ ਸ਼ਾਮਲ ਹਨ। ਪ੍ਰਸ਼ਾਸਨ ਦੇ ਪਹੁੰਚਣ ਤੋਂ ਪਹਿਲਾਂ ਹੀ ਸਥਾਨਕ ਲੋਕਾਂ ਨੇ ਦੱਬੇ ਹੋਏ ਲੋਕਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ। ਜੇਸੀਬੀ ਲਗਾ ਕੇ ਖੁਦਾਈ ਕੀਤੀ ਗਈ ਅਤੇ ਬਚਾਅ ਟੀਮ ਦੇ ਆਉਣ 'ਤੇ ਉਨ੍ਹਾਂ ਨੂੰ ਕੰਮ ਸੌਂਪਿਆ ਗਿਆ।

### ਸਥਾਨਕ ਸਰਕਾਰਾਂ ਦੀਆਂ ਚੋਣਾਂ ਦਾ ਕੀ ਹੋਵੇਗਾ

ਕਾਂਗਰਸ ਨੂੰ ਮਾਝੇ ਵਿੱਚ ਆਪਣੀ ਬੁਨਿਆਦ ਤੋਂ ਅੱਗੇ ਜਾ ਕੇ ਮਾਲਵੇ ਅਤੇ ਦੁਆਬੇ ਵਿੱਚ ਖ਼ਾਸ ਮਿਹਨਤ ਕਰਨੀ ਪਵੇਗੀ।
ਸਿਆਸੀ ਮਾਹਰ ਮੰਨਦੇ ਹਨ ਕਿ ਸਥਾਨਕ ਚੋਣਾਂ ਵਿੱਚ ਕਾਂਗਰਸ ਦੀ ਕਾਰਗੁਜ਼ਾਰੀ ਦੱਸਦੀ ਹੈ ਕਿ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਟੱਕਰ ਆਪ ਅਤੇ ਕਾਂਗਰਸ ਵਿਚਕਾਰ ਰਹੇਗੀ, ਪਰ ਅਕਾਲੀ ਦਲ ਤੀਜੀ ਤਾਕਤ ਵਜੋਂ ਵੋਟਾਂ ਵੰਡਣ ਵਿੱਚ ਅਹਿਮ ਭੂਮਿਕਾ ਨਿਭਾਏਗਾ। ਪਰ ਜੇਕਰ ਅਕਾਲੀ-ਭਾਜਪਾ ਗੱਠਜੋੜ ਹੋ ਜਾਂਦਾ ਹੈ ਤਾਂ ਇਹ ਆਪ ਅਤੇ ਕਾਂਗਰਸ ਲਈ ਵੱਡੀ ਚੁਣੌਤੀ ਬਣ ਸਕਦਾ ਹੈ।
ਭਾਰਤੀ ਜਨਤਾ ਪਾਰਟੀ ਜੋ ਪੰਜਾਬ ਵਿਚ ਆਪਣੇ ਤੌਰ ਉੱਤੇ ਸੱਤਾ ਵਿੱਚ ਆਉਣ ਦੇ ਦਾਅਵੇ ਕਰਦੀ ਹੈ, ਉਸ ਦੀ ਨਗਰ ਨਿਗਮ ਚੋਣਾਂ, ਪੰਚਾਇਤ ਚੋਣਾਂ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਕਾਰਗੁਜ਼ਾਰੀ ਤਸੱਲੀਬਖ਼ਸ਼ ਨਹੀਂ ਰਹੀ। ਮਿਊਂਸੀਪਲ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ ਕੁੱਲ 1,316 ਉਮੀਦਵਾਰ ਮੈਦਾਨ ਵਿੱਚ ਖੜ੍ਹੇ ਕੀਤੇ ਹਨ। ਇਸ ਵਿੱਚ 8 ਨਗਰ ਨਿਗਮਾਂ ਲਈ 367 ਅਤੇ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਲਈ 1,226 ਉਮੀਦਵਾਰ ਸ਼ਾਮਲ ਸਨ। ਭਾਜਪਾ ਨੂੰ ਆਸ ਹੈ ਕਿ ਇਨ੍ਹਾਂ ਚੋਣਾਂ ਵਿਚ ਉਸ ਦੀ ਕਾਰਗੁਜ਼ਾਰੀ ਵਧੀਆ ਰਹੇਗੀ, ਕਿਉਂਕਿ ਇਹ ਚੋਣਾਂ ਜ਼ਿਆਦਾਤਰ ਸ਼ਹਿਰੀ ਇਲਾਕਿਆਂ ਵਿਚ ਹੋ ਰਹੀਆਂ ਹਨ।
ਸਿਆਸੀ ਮਾਹਰ ਮੰਨਦੇ ਹਨ ਕਿ ਸਥਾਨਕ ਚੋਣਾਂ ਦੇ ਨਤੀਜੇ ਵਿਧਾਨ ਸਭਾ ਚੋਣਾਂ ਦਾ 'ਲਿਟਮਸ ਟੈਸਟ' ਹੁੰਦੇ ਹਨ, ਕਿਉਂਕਿ ਇਹ ਚੋਣਾਂ ਜ਼ਮੀਨੀ ਪੱਧਰ ਉੱਤੇ ਲੋਕਾਂ ਦੇ ਮਨੋਭਾਵ ਅਤੇ ਹਮਾਇਤ ਦਾ ਸਭ ਤੋਂ ਸੱਚਾ ਅਕਸ਼ ਹੁੰਦੀਆਂ ਹਨ। ਇਸ ਲਈ ਨਗਰ ਪਾਲਿਕਾ ਚੋਣਾਂ ਦੇ ਨਤੀਜੇ ਖ਼ਾਸ ਤੌਰ ਉੱਤੇ ਮਹੱਤਵਪੂਰਨ ਮੰਨੇ ਜਾ ਰਹੇ ਹਨ, ਜਿੱਥੇ ਆਪ ਵਿਧਾਇਕਾਂ ਲਈ ਇਹ ਇਹ ਚੋਣਾਂ ਤੋਂ ਪਹਿਲਾਂ ਅਸਲੀ ਪਰਖ ਹੋਵੇਗੀ।
ਸਥਾਨਕ ਚੋਣਾਂ ਵਿੱਚ ਜਿੱਤ ਪਾਰਟੀ ਦੇ ਬੂਥ ਪੱਧਰੀ ਕੰਮ ਅਤੇ ਵਰਕਰਾਂ ਦੀ ਸ਼ਕਤੀ ਦਿਖਾਉਂਦੀ ਹੈ। ਆਪ ਨੇ ਜਿੱਥੇ ਜ਼ਿਆਦਾ ਸੀਟਾਂ ਜਿੱਤੀਆਂ, ਉਹੀ ਖੇਤਰ 2027 ਵਿੱਚ ਉਸ ਲਈ ਮਜ਼ਬੂਤ ਗੜ੍ਹ ਸਾਬਤ ਹੋਣਗੇ। ਪਰ ਜਿੱਥੇ ਵਿਰੋਧੀ ਧਿਰਾਂ ਨੇ ਬਿਹਤਰ ਪ੍ਰਦਰਸ਼ਨ ਕੀਤਾ, ਉਹ ਹਲਕੇ ਚੁਣੌਤੀਭਰੇ ਰਹਿਣਗੇ।
ਸਥਾਨਕ ਚੋਣਾਂ ਵਿੱਚ ਵੋਟਰ ਨਾਲੀਆਂ, ਸੜਕਾਂ, ਪਾਣੀ, ਸਫ਼ਾਈ ਅਤੇ ਬਿਜਲੀ ਦੇ ਮੁੱਦਿਆਂ ਉੱਤੇ ਵੋਟ ਦਿੰਦੇ ਹਨ। ਜੇ ਲੋਕਾਂ ਦੀ ਸੰਤੁਸ਼ਟੀ ਜ਼ਮੀਨੀ ਪੱਧਰ ਉੱਤੇ ਘੱਟ ਰਹੀ, ਤਾਂ ਇਹ ਭਾਵਨਾ 2027 ਵਿੱਚ ਵਿਧਾਨ ਸਭਾ ਚੋਣਾਂ ਵਿੱਚ ਵੀ ਪ੍ਰਗਟ ਹੋਵੇਗੀ। ਆਪ ਸਰਕਾਰ ਲਈ 'ਆਪ ਦੀ ਸਰਕਾਰ, ਆਪ ਦੇ ਦੁਆਰ' ਵਰਗੀਆਂ ਯੋਜਨਾਵਾਂ ਦੀ ਅਸਲੀਅਤ ਸਥਾਨਕ ਚੋਣਾਂ ਵਿੱਚ ਨੰਗੀ ਹੋ ਜਾਂਦੀ ਹੈ।
ਸਥਾਨਕ ਚੋਣਾਂ ਵਿੱਚ ਵੱਖ-ਵੱਖ ਪਾਰਟੀਆਂ ਦਾ ਪ੍ਰਦਰਸ਼ਨ ਦੱਸਦਾ ਹੈ ਕਿ ਕਿਹੜੀਆਂ ਪਾਰਟੀਆਂ ਆਪਸ ਵਿੱਚ ਗੱਠਜੋੜ ਕਰਕੇ ਆਪ ਨੂੰ ਚੁਣੌਤੀ ਦੇ ਸਕਦੀਆਂ ਹਨ। ਕਾਂਗਰਸ ਅਤੇ ਅਕਾਲੀ ਦਲ ਦੋਵੇਂ ਇਕੱਲੇ-ਇਕੱਲੇ ਆਪ ਨੂੰ ਹਰਾਉਣ ਦੀ ਸਥਿਤੀ ਵਿੱਚ ਨਹੀਂ ਦਿੱਖਦੇ, ਇਸ ਲਈ ਗੱਠਜੋੜ ਦੀ ਸੰਭਾਵਨਾ ਮਹੱਤਵਪੂਰਨ ਸਵਾਲ ਬਣ ਜਾਂਦੀ ਹੈ।
ਫ਼ਰਵਰੀ 2025 ਵਿੱਚ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਪ ਦੀ ਭਾਰੀ ਹਾਰ, 62 ਤੋਂ 22 ਸੀਟਾਂ ਉੱਤੇ ਸਿਮਟ ਜਾਣਾ-ਪੰਜਾਬ ਵਿੱਚ ਆਪ ਲਈ ਇੱਕ ਵੱਡੀ ਚੇਤਾਵਨੀ ਹੈ। ਦਿੱਲੀ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਅਤੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੇ ਜੋ ਨੁਕਸਾਨ ਕੀਤਾ, ਉਸਦੀ ਗੂੰਜ ਪੰਜਾਬ ਵਿੱਚ ਵੀ ਸੁਣਾਈ ਦਿੱਤੀ। ਸਥਾਨਕ ਚੋਣਾਂ ਦੱਸਦੀਆਂ ਹਨ ਕਿ ਇਸ ਅਸਰ ਤੋਂ ਭਗਵੰਤ ਮਾਨ ਸਰਕਾਰ ਕਿੰਨੀ ਕੁ ਬਾਹਰ ਨਿਕਲੀ ਹੈ।
ਭਾਵੇਂ ਕਿ ਸਥਾਨਕ ਚੋਣਾਂ ਵਿੱਚ ਭਾਜਪਾ ਦਾ ਪ੍ਰਦਰਸ਼ਨ ਪੰਜਾਬ ਵਿੱਚ ਅਜੇ ਸੀਮਤ ਰਿਹਾ ਹੈ, ਪਰ ਕੇਂਦਰ ਸਰਕਾਰ ਦੀ ਤਾਕਤ ਅਤੇ ਫ਼ੰਡਾਂ ਦੇ ਜ਼ੋਰ ਨਾਲ ਭਾਜਪਾ ਕੁਝ ਹਲਕਿਆਂ ਵਿੱਚ ਵੋਟਾਂ ਵੰਡਣ ਦਾ ਕੰਮ ਕਰ ਸਕਦੀ ਹੈ। ਖ਼ਾਸ ਕਰਕੇ ਹਿੰਦੂ ਵੋਟਰਾਂ ਵਾਲੇ ਸ਼ਹਿਰੀ ਹਲਕਿਆਂ ਵਿੱਚ ਭਾਜਪਾ ਤੀਜੀ ਤਾਕਤ ਵਜੋਂ ਅਹਿਮ ਬਣ ਸਕਦੀ ਹੈ।
ਪੰਜਾਬ ਦੀ ਸਿਆਸਤ ਵਿੱਚ ਪੇਂਡੂ ਅਤੇ ਸ਼ਹਿਰੀ ਵੋਟਰ ਅਕਸਰ ਵੱਖਰੇ ਰੁਝਾਨ ਦਿਖਾਉਂਦੇ ਹਨ। ਗ੍ਰਾਮ ਪੰਚਾਇਤ ਚੋਣਾਂ (ਅਕਤੂਬਰ 2024) ਵਿੱਚ ਬਹੁਤ ਸਾਰੇ ਉਮੀਦਵਾਰ ਆਜ਼ਾਦ ਜਿੱਤੇ, ਜੋ ਦੱਸਦਾ ਹੈ ਕਿ ਪਿੰਡਾਂ ਵਿੱਚ ਵੋਟਰ ਪਾਰਟੀ ਨਾਲੋਂ ਵਿਅਕਤੀ ਨੂੰ ਵੱਧ ਮਹੱਤਵ ਦਿੰਦੇ ਹਨ। ਇਹ ਰੁਝਾਨ ਵਿਧਾਨ ਸਭਾ ਚੋਣਾਂ ਵਿੱਚ ਵੀ ਕੁਝ ਹੱਦ ਤੱਕ ਦਿਖ ਸਕਦਾ ਹੈ - ਜਿੱਥੇ ਸਥਾਨਕ ਐੱਮ ਐੱਲ ਏ ਦੀ ਕਾਰਗੁਜ਼ਾਰੀ ਉਸਦੀ ਜਿੱਤ-ਹਾਰ ਤੈਅ ਕਰੇਗੀ।
ਕਿਸਾਨ ਅੰਦੋਲਨ ਦੀ ਵਿਰਾਸਤ ਵੀ ਪੇਂਡੂ ਚੋਣਾਂ ਵਿੱਚ ਦਿਖਦੀ ਹੈ। ਜਿੱਥੇ ਕਿਸਾਨ ਜਥੇਬੰਦੀਆਂ ਨੇ ਕਿਸੇ ਖ਼ਾਸ ਪਾਰਟੀ ਉੱਤੇ ਅਸਰ ਪਾਇਆ, ਉਹੀ ਅਸਰ 2027 ਵਿੱਚ ਵੀ ਮਹੱਤਵਪੂਰਨ ਰਹੇਗਾ। ਸਾਰੇ ਵਿਸ਼ਲੇਸ਼ਣ ਨੂੰ ਇਕੱਠਾ ਕਰਕੇ ਕੁਝ ਨਤੀਜੇ ਕੱਢੇ ਜਾ ਸਕਦੇ ਹਨ। ਪਹਿਲਾ, ਆਪ ਅਜੇ ਵੀ ਮੁੱਖ ਪਾਰਟੀ ਹੈ, ਪਰ 2022 ਵਾਲੀ ਇਕੱਲੀ ਤਰੰਗ ਨਹੀਂ ਦੁਹਰਾਵੇਗੀ। ਦੂਜਾ, 2027 ਵਿੱਚ ਤਿਕੋਣਾ ਮੁਕਾਬਲਾ 'ਆਪ' ਕਾਂਗਰਸ ਅਤੇ ਅਕਾਲੀ ਦਲ- ਵਿਧਾਨ ਸਭਾ ਸੀਟਾਂ ਦੀ ਵੰਡ ਨੂੰ ਦਿਲਚਸਪ ਬਣਾ ਦੇਵੇਗਾ। ਤੀਜਾ, ਜੋ ਪਾਰਟੀ ਸਥਾਨਕ ਸਰਕਾਰਾਂ ਵਿੱਚ ਚੰਗੇ ਕੰਮ ਦਾ ਰਿਕਾਰਡ ਦਿਖਾਏਗੀ, ਉਹ ਵਿਧਾਨ ਸਭਾ ਵਿੱਚ ਵੀ ਫ਼ਾਇਦੇ ਵਿੱਚ ਰਹੇਗੀ। ਚੌਥਾ, ਨੌਜਵਾਨ ਵੋਟਰ ਅਤੇ ਔਰਤ ਵੋਟਰ - ਜੋ ਸਥਾਨਕ ਚੋਣਾਂ ਵਿੱਚ ਵੱਡੀ ਗਿਣਤੀ ਵਿੱਚ ਹਿੱਸਾ ਲੈਂਦੇ ਹਨ-2027 ਵਿੱਚ ਨਿਰਣਾਇਕ ਭੂਮਿਕਾ ਨਿਭਾਉਣਗੇ।
ਸਥਾਨਕ ਸਰਕਾਰਾਂ ਦੀਆਂ ਚੋਣਾਂ ਮਹਿਜ਼ ਮੇਅਰ ਜਾਂ ਸਰਪੰਚ ਚੁਣਨ ਦੀ ਕਸਰਤ ਨਹੀਂ - ਇਹ ਪੰਜਾਬ ਦੀ ਸਿਆਸੀ ਭਵਿੱਖ ਦਾ ਅਕਸ਼ ਹਨ। 2024-2025 ਦੀਆਂ ਚੋਣਾਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਆਪ ਦੀ ਸੱਤਾ ਚੁਣੌਤੀਆਂ ਤੋਂ ਮੁਕਤ ਨਹੀਂ, ਕਾਂਗਰਸ ਅਤੇ ਅਕਾਲੀ ਦਲ ਦੋਵੇਂ ਆਪਣੀਆਂ-ਆਪਣੀਆਂ ਜ਼ਮੀਨਾਂ ਉੱਤੇ ਟਿਕੇ ਹਨ। 2027 ਦੀ ਵਿਧਾਨ ਸਭਾ ਚੋਣ ਵਿੱਚ ਉਹੀ ਪਾਰਟੀ ਅਗਵਾਈ ਕਰੇਗੀ ਜੋ ਸਥਾਨਕ ਪੱਧਰ ਉੱਤੇ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੁੜੀ ਰਹੇਗੀ, ਆਪਣੇ ਵਰਕਰਾਂ ਨੂੰ ਮਜ਼ਬੂਤ ਕਰੇਗੀ, ਅਤੇ ਗ੍ਰਾਮ ਸਭਾ ਤੋਂ ਲੈ ਕੇ ਨਗਰ ਨਿਗਮ ਤੱਕ ਆਪਣੀ ਜਵਾਬਦੇਹੀ ਸਾਬਤ ਕਰੇਗੀ। ਪੰਜਾਬ ਦੀ ਜਨਤਾ ਸਮਝਦਾਰ ਹੈ - ਉਹ ਵਾਅਦੇ ਨਹੀਂ, ਕੰਮ ਦੇਖਦੀ ਹੈ।
ਨਗਰ ਪਾਲਿਕਾਵਾਂ ਚੋਣਾਂ ਦਾ ਮਹੱਤਵ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤਾਂ ਦਾ ਕੰਮ ਉਨ੍ਹਾਂ ਅਧੀਨ ਆਉਂਦੇ ਇਲਾਕਿਆਂ ਵਿੱਚ ਬੁਨਿਆਦੀ ਸਹੂਲਤਾਂ ਦੇਣਾ ਅਤੇ ਇਲਾਕੇ ਦੇ ਵਿਕਾਸ ਲਈ ਕੰਮ ਕਰਨਾ ਹੁੰਦਾ ਹੈ।
ਪੀਣ ਵਾਲੇ ਪਾਣੀ ਤੇ ਸਟ੍ਰੀਟ ਲਾਈਟਾਂ ਦਾ ਪ੍ਰਬੰਧ, ਸਥਾਨਕ ਸੜਕਾਂ, ਗਲੀਆਂ ਦਾ ਨਿਰਮਾਣ ਤੇ ਸਾਂਭ ਸੰਭਾਲ, ਕੂੜੇ ਦਾ ਨਿਪਟਾਰਾ, ਸੀਵਰੇਜ ਸਿਸਟਮ ਅਤੇ ਸਫਾਈ ਦਾ ਪ੍ਰਬੰਧ ਕਰਾਉਣਾ ਨਗਰ ਪਾਲਿਕਾਵਾਂ ਦੇ ਅਧੀਨ ਆਉਂਦੇ ਹਨ। ਇਸ ਤੋਂ ਇਲਾਵਾ ਨਵੀਆਂ ਇਮਾਰਤਾਂ ਦੇ ਨਕਸ਼ੇ ਜਾਂਚ ਕਰਨੇ, ਨਕਸ਼ੇ ਪਾਸ ਕਰਨੇ ਆਦਿ ਵੀ ਨਗਰ ਪਾਲਿਕਾਵਾਂ ਦੇ ਕੰਮ ਹੁੰਦੇ ਹਨ।
ਇਲਾਕੇ ਲਈ ਬੁਨਿਆਦੀ ਸੇਵਾਵਾਂ ਜਿਵੇਂ ਕਿ ਫਾਇਰ ਬ੍ਰਿਗੇਡ, ਅਵਾਰਾ ਪਸ਼ੂਆਂ ਦਾ ਪ੍ਰਬੰਧ, ਗਰੀਬਾਂ ਲਈ ਰੈਣ ਬਸੇਰੇ ਬਣਾਉਣੇ ਤੇ ਝੁੱਗੀ-ਝੌਂਪੜੀ ਇਲਾਕਿਆਂ ਦਾ ਸੁਧਾਰ ਕਰਨਾ, ਅੰਤਿਮ ਸਸਕਾਰ ਵਾਲੀਆਂ ਥਾਵਾਂ ਜਿਵੇਂ ਕਿ ਕਬਰਸਤਾਨ ਤੇ ਸ਼ਮਸ਼ਾਨਘਾਟਾਂ ਦਾ ਪ੍ਰਬੰਧ ਦੇਖਣਾ, ਇਲਾਕੇ ਦੇ ਸੁੰਦਰੀਕਰਨ ਲਈ ਕੋਸ਼ਿਸ਼ਾਂ ਕਰਨਾ ਵੀ ਇਨ੍ਹਾਂ ਅਧੀਨ ਆਉਂਦਾ ਹੈ।

### ਪੰਜਾਬੀ ਸਮਾਜ 'ਚ ਬਦਲਦਾ ਮਨੋਵਿਗਿਆਨਕ

ਬਚਿਆ ਹੋਇਆ ਹੈ। ਪੰਜਾਬ ਵਿੱਚ ਰਾਜਨੀਤੀ ਨੇ ਵੀ ਇਸ ਮਨੋਵਿਗਿਆਨਕ ਬਦਲਾਅ ਨੂੰ ਉਤਸ਼ਾਹਿਤ ਕੀਤਾ ਹੈ। ਧੜੇਬਾਜ਼ੀ, ਜਾਤੀਵਾਦ ਅਤੇ ਇਲਾਕਾਵਾਦ ਨੂੰ ਵੋਟ ਬੈਂਕ ਵਜੋਂ ਵਰਤਣ ਵਾਲੀ ਰਾਜਨੀਤੀ ਨੇ ਲੋਕਾਂ ਵਿੱਚ 'ਉਸ ਵਰਸਿਜ ਉਹ' ਦੀ ਭਾਵਨਾ ਪੈਦਾ ਕਰ ਦਿੱਤੀ ਹੈ।
ਅੱਜ ਚੋਣਾਂ ਵੇਲੇ ਉਮੀਦਵਾਰ ਆਪਣੇ ਲੋਕਾਂ ਨੂੰ 'ਜਿੱਤ ਲਈ ਤਿਆਰ ਰਹੋ' ਦਾ ਸੰਦੇਸ਼ ਦਿੰਦੇ ਹਨ, ਜਿਸ ਨਾਲ ਗੁੰਡਾਗਰਦੀ ਨੂੰ ਰਾਜਨੀਤਿਕ ਢਾਲ ਮਿਲ ਜਾਂਦੀ ਹੈ। ਪੁਲਿਸ ਦਾ ਲਾਠੀ ਚਾਰਜ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਪ੍ਰਸ਼ਾਸਨ ਵੀ ਇਸ ਤਾਨਾਸ਼ਾਹੀ ਵਾਲੇ ਰਵੱਈਏ ਤੋਂ ਬਚਿਆ ਨਹੀਂ। ਜਦੋਂ ਸਰਕਾਰ ਖੁਦ ਲਾਠੀ ਅਤੇ ਤਾਕਤ ਦੀ ਭਾਸ਼ਾ ਵਰਤਦੀ ਹੈ ਤਾਂ ਆਮ ਲੋਕ ਵੀ ਉਸੀ ਭਾਸ਼ਾ ਨੂੰ ਆਪਣਾ ਲੈਂਦੇ ਹਨ। ਇਹ ਇੱਕ ਚੱਕਰਵਰਤੀ ਪ੍ਰਕਿਰਿਆ ਹੈ। ਇਸ ਤੋਂ ਇਲਾਵਾ, ਆਰਥਿਕ ਅਸਮਾਨਤਾ ਅਤੇ ਗਰੀਬੀ ਵੀ ਗੁੱਸੇ ਨੂੰ ਭੜਕਾਉਂਦੀ ਹੈ। ਜਿਨ੍ਹਾਂ ਲੋਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨਾਲ ਅਨਿਆਂ ਹੋ ਰਿਹਾ ਹੈ, ਉਹ ਛੋਟੀਆਂ ਘਟਨਾਵਾਂ ਵਿੱਚ ਵੀ ਆਪਣਾ ਗੁੱਸਾ ਬਾਹਰ ਕੱਢਣ ਲਈ ਤਿਆਰ ਰਹਿੰਦੇ ਹਨ। ਇਸ ਨਾਲ ਸਮਾਜੀ ਧਰਮ ਅਤੇ ਨੈਤਿਕਤਾ ਘਟਦੀ ਜਾ ਰਹੀ ਹੈ।
ਪਹਿਲਾਂ ਪੰਜਾਬੀਆਂ ਵਿੱਚ 'ਚੜ੍ਹਦੀਕਲਾ' ਅਤੇ ਉਦਮੀ ਸੁਭਾਅ ਪ੍ਰਚਲਿਤ ਸੀ, ਹੁਣ ਉਸ ਥਾਂ 'ਵਿਕਟੀਮਹੁਡ' ਅਤੇ 'ਅਗਰੈਸਨ' ਵੱਧ ਰਿਹਾ ਹੈ। ਇਸ ਸਥਿਤੀ ਤੋਂ ਬਾਹਰ ਨਿਕਲਣ ਲਈ ਤਤਕਾਲੀ ਉਪਾਅ ਲੋੜੀਂਦੇ ਹਨ। ਚੋਣ ਕਮਿਸ਼ਨ ਅਤੇ ਪ੍ਰਸ਼ਾਸਨ ਨੂੰ ਵਧੇਰੇ ਸਖ਼ਤੀ ਨਾਲ ਨਿਪਟਣਾ ਚਾਹੀਦਾ ਹੈ। ਰਾਜਨੀਤਿਕ ਆਗੂਆਂ ਨੂੰ ਆਪਣੀ ਭਾਸ਼ਾ ਸੰਜਮਿਤ ਰੱਖਣੀ ਚਾਹੀਦੀ ਹੈ।
ਅੱਜ ਸਭ ਤੋਂ ਵੱਡਾ ਉਪਾਅ ਤਾਂ ਸਿੱਖਿਆ ਅਤੇ ਰੁਜ਼ਗਾਰ ਹੈ ਜੋ ਲੋਕਾਂ ਵਿੱਚ ਆਤਮਵਿਸ਼ਵਾਸ ਅਤੇ ਧੀਰਜ ਵਧਾਏ। ਮਾਨਸਿਕ ਸਿਹਤ ਪ੍ਰੋਗਰਾਮਾਂ ਨੂੰ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਗੁੱਸੇ ਨੂੰ ਸਿਹਤਮੰਦ ਢੰਗ ਨਾਲ ਚੈਨਲਾਈਜ਼ ਕੀਤਾ ਜਾ ਸਕੇ। ਪੰਜਾਬੀ ਸਮਾਜ ਇੱਕ ਵਾਰ ਫਿਰ ਆਪਣੀਆਂ ਜੜ੍ਹਾਂ ਵੱਲ ਮੁੜੇ — ਸਹਿਣਸ਼ੀਲਤਾ, ਏਕਤਾ ਅਤੇ ਉਦਮ ਵੱਲ। ਨਹੀਂ ਤਾਂ ਇਹ ਗੁੱਸਾ ਅਤੇ ਲੜਾਈ ਵਾਲਾ ਸੁਭਾਅ ਲੰਬੇ ਸਮੇਂ ਤੱਕ ਸਾਡੀ ਪ੍ਰਗਤੀ ਅਤੇ ਸ਼ਾਂਤੀ ਨੂੰ ਖਤਰਾ ਬਣਿਆ ਰਹੇਗਾ।
ਯਾਦ ਰਹੇ ਕਿ ਚੋਣਾਂ ਤਾਂ ਆਉਂਦੀਆਂ-ਜਾਂਦੀਆਂ ਰਹਿਣਗੀਆਂ, ਪਰ ਜੇ ਸਮਾਜ ਖੁਦ ਨੂੰ ਬਦਲਨ ਲਈ ਤਿਆਰ ਨਾ ਹੋਇਆ ਤਾਂ ਹਰ ਚੋਣ ਇੱਕ ਨਵੀਂ ਲੜਾਈ ਬਣ ਜਾਵੇਗੀ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਗੁਰਮੀਤ ਰਾਮ ਰਹੀਮ ਨੂੰ 16ਵੀਂ ਵਾਰ ਪੈਰੋਲ

## ਪੈਰੋਲ ਦੇ ਕੀ ਹਨ ਸ਼ਰਤਾਂ ਅਤੇ ਨਿਯਮ?




**ਚੰਡੀਗੜ੍ਹ :** ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ 16ਵੀਂ ਵਾਰ ਪੈਰੋਲ ਦਿੱਤੀ ਗਈ ਹੈ। 2017 ਤੋਂ, ਰਾਮ ਰਹੀਮ ਨੂੰ ਪੈਰੋਲ ਜਾਂ ਫਰਲੋ 'ਤੇ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਹੈ ਅਤੇ ਹਰ ਵਾਰ, ਇੱਕ ਨਵੀਂ ਬਹਿਸ ਉੱਠਦੀ ਹੈ, ਜੋ ਸਵਾਲ ਖੜ੍ਹੇ ਕਰਦੀ ਹੈ। ਭਾਰਤ ਦੀਆਂ ਜੇਲ੍ਹਾਂ ਵਿੱਚ ਸਜ਼ਾ ਕੱਟ ਰਹੇ ਕੈਦੀਆਂ ਨੂੰ ਕਾਨੂੰਨ ਦੇ ਤਹਿਤ ਕੁਝ ਖਾਸ ਹਾਲਤਾਂ ਵਿੱਚ ਅਸਥਾਈ ਰਾਹਤ ਦਿੱਤੀ ਜਾਂਦੀ ਹੈ। ਇਸ ਰਾਹਤ ਨੂੰ ਪੈਰੋਲ ਕਿਹਾ ਜਾਂਦਾ ਹੈ।

ਡੇਰਾ ਸੱਚਾ ਸੌਦਾ ਮੁਖੀ ਨੂੰ ਦੁਬਾਰਾ ਪੈਰੋਲ ਦਿੱਤੇ ਜਾਣ ਦੀਆਂ ਹਾਲੀਆ ਖ਼ਬਰਾਂ ਨੇ ਇਸ ਬਾਰੇ ਬਹਿਸ ਛੇੜ ਦਿੱਤੀ ਹੈ ਕਿ ਪੈਰੋਲ ਕੀ ਹੈ, ਕਿਹੜੇ ਕੈਦੀ ਇਸਦੇ ਯੋਗ ਹਨ, ਇਸਦੇ ਨਿਯਮ, ਅਤੇ ਕੀ ਇਹ ਇੱਕ ਅਧਿਕਾਰ ਹੈ ਜਾਂ ਵਿਸ਼ੇਸ਼ ਅਧਿਕਾਰ। ਪੈਰੋਲ ਅਤੇ ਫਰਲੋ ਭਾਰਤ ਦੀ ਜੇਲ੍ਹ ਪ੍ਰਣਾਲੀ ਵਿੱਚ ਦੋ ਵੱਖ-ਵੱਖ ਕਾਨੂੰਨੀ ਪ੍ਰਬੰਧ ਹਨ, ਜਿਨ੍ਹਾਂ ਦਾ ਉਦੇਸ਼ ਕੈਦੀਆਂ ਨੂੰ ਸਮਾਜਿਕ ਅਤੇ ਪਰਿਵਾਰਕ ਜੀਵਨ ਨਾਲ ਦੁਬਾਰਾ ਜੋੜਨਾ ਅਤੇ ਸੁਧਾਰ ਦੀ ਪ੍ਰਕਿਰਿਆ ਨੂੰ ਮਜ਼ਬੂਤ ਕਰਨਾ ਹੈ। ਪਰ ਜਦੋਂ ਵੀ ਕਿਸੇ ਉੱਚ-ਪ੍ਰੋਫਾਈਲ ਕੈਦੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾਂਦੀ ਹੈ, ਤਾਂ ਪ੍ਰਣਾਲੀ ਦੀ ਪਾਰਦਰਸ਼ਤਾ ਅਤੇ ਨਿਰਪੱਖਤਾ ਬਾਰੇ ਸਵਾਲ ਉੱਠਦੇ ਹਨ।

**ਪੈਰੋਲ ਕੀ ਹੈ?**

ਪੈਰੋਲ ਇੱਕ ਅਸਥਾਈ ਰਿਹਾਈ ਹੈ ਜਿਸ ਵਿੱਚ ਸਜ਼ਾ ਕੱਟ ਰਹੇ ਕੈਦੀ ਨੂੰ ਇੱਕ ਸਮੇਂ ਲਈ ਜੇਲ੍ਹ ਤੋਂ ਰਿਹਾਅ ਕੀਤਾ ਜਾਂਦਾ ਹੈ, ਪਰ ਕਾਨੂੰਨੀ ਤੌਰ 'ਤੇ ਦੋਸ਼ੀ ਰਹਿੰਦਾ ਹੈ। ਇਹ ਰਿਹਾਈ ਸਜ਼ਾ ਨੂੰ ਖਤਮ ਨਹੀਂ ਕਰਦੀ, ਸਗੋਂ ਇਸਨੂੰ ਇੱਕ ਸਮੇਂ ਲਈ ਮੁਅੱਤਲ ਕਰ ਦਿੰਦੀ ਹੈ। ਸਿੱਧੇ ਸ਼ਬਦਾਂ ਵਿੱਚ, ਪੈਰੋਲ ਇੱਕ "ਛੁੱਟੀ" ਨਹੀਂ ਹੈ ਸਗੋਂ "ਨਿਗਰਾਨੀ ਹੇਠ ਅਸਥਾਈ ਰਿਹਾਈ" ਹੈ। ਪੈਰੋਲ ਦੌਰਾਨ, ਕੈਦੀ ਨੂੰ ਕੁਝ ਸ਼ਰਤਾਂ ਦੀ ਪਾਲਣਾ ਕਰਨੀ ਪੈਂਦੀ ਹੈ ਅਤੇ ਇੱਕ ਨਿਰਧਾਰਤ ਸਮੇਂ ਤੋਂ ਬਾਅਦ ਜੇਲ੍ਹ ਵਾਪਸ ਆਉਣਾ ਪੈਂਦਾ ਹੈ।

**ਕਿਹੜੇ ਕੈਦੀ ਪੈਰੋਲ ਲਈ ਯੋਗ ਹਨ?**

**ਹਰ ਕੈਦੀ ਪੈਰੋਲ ਲਈ ਯੋਗ ਨਹੀਂ ਹੁੰਦਾ। ਇਸਦੇ ਲਈ ਕੁਝ ਸ਼ਰਤਾਂ ਨਿਰਧਾਰਤ ਕੀਤੀਆਂ ਗਈਆਂ ਹਨ:**

-ਕੈਦੀ ਨੇ ਆਪਣੀ ਸਜ਼ਾ ਦਾ ਇੱਕ ਨਿਸ਼ਚਿਤ ਹਿੱਸਾ ਕੱਟਿਆ ਹੋਣਾ ਚਾਹੀਦਾ ਹੈ
-ਜੇਲ੍ਹ ਵਿੱਚ ਉਸਦਾ ਵਿਵਹਾਰ ਚੰਗਾ ਰਿਹਾ ਹੈ
-ਉਹ ਗੰਭੀਰ ਸੁਰੱਖਿਆ ਖ਼ਤਰਾ ਪੈਦਾ ਨਹੀਂ ਕਰਦਾ
-ਅਦਾਲਤ ਜਾਂ ਜੇਲ੍ਹ ਪ੍ਰਸ਼ਾਸਨ ਦੀ ਰਿਪੋਰਟ ਸਕਾਰਾਤਮਕ ਹੈ
-ਪਰਿਵਾਰਕ ਜਾਂ ਮਾਨਵਤਾਵਾਦੀ ਕਾਰਨ ਮੌਜੂਦ ਹਨ

ਆਮ ਤੌਰ 'ਤੇ, ਉਮਰ ਕੈਦ ਵਰਗੀਆਂ ਲੰਬੀਆਂ ਸਜ਼ਾਵਾਂ ਕੱਟ ਰਹੇ ਕੈਦੀਆਂ ਨੂੰ ਵੀ ਪੈਰੋਲ ਦਿੱਤੀ ਜਾ ਸਕਦੀ ਹੈ, ਪਰ ਇਹ ਪੂਰੀ ਤਰ੍ਹਾਂ ਪ੍ਰਸ਼ਾਸਕੀ ਅਤੇ ਕਾਨੂੰਨੀ ਜਾਂਚ ਤੋਂ ਬਾਅਦ ਹੀ ਸੰਭਵ ਹੈ।

**ਪੈਰੋਲ ਕਦੋਂ ਦਿੱਤੀ ਜਾਂਦੀ ਹੈ?**

**ਪੈਰੋਲ ਦੇਣ ਦੇ ਕਈ ਮਾਨਵਤਾਵਾਦੀ ਅਤੇ ਪ੍ਰਸ਼ਾਸਕੀ ਕਾਰਨ ਹਨ:**

-ਪਰਿਵਾਰਕ ਕਾਰਨ (ਕਿਸੇ ਨਜ਼ਦੀਕੀ ਰਿਸ਼ਤੇਦਾਰ ਦੀ ਮੌਤ, ਪਰਿਵਾਰ ਵਿੱਚ ਗੰਭੀਰ ਬਿਮਾਰੀ, ਵਿਆਹ ਜਾਂ ਹੋਰ ਮਹੱਤਵਪੂਰਨ ਪਰਿਵਾਰਕ ਸਮਾਗਮ)
-ਸਿਹਤ ਕਾਰਨ (ਕੈਦੀ ਦੀ ਖੁਦ ਗੰਭੀਰ ਬਿਮਾਰੀ, ਬਿਹਤਰ ਇਲਾਜ ਦੀ ਲੋੜ)
-ਸਮਾਜਿਕ ਪੁਨਰਵਾਸ (ਕੈਦੀ ਨੂੰ ਸਮਾਜ ਵਿੱਚ ਦੁਬਾਰਾ ਜੋੜਨ ਦੀ ਪ੍ਰਕਿਰਿਆ, ਮਾਨਸਿਕ ਸੰਤੁਲਨ ਬਣਾਈ ਰੱਖਣਾ)
-ਵਿਸ਼ੇਸ਼ ਹਾਲਾਤ (ਅਦਾਲਤ ਜਾਂ ਸਰਕਾਰ ਦੁਆਰਾ ਵਿਸ਼ੇਸ਼ ਇਜਾਜ਼ਤ, ਤਿਉਹਾਰਾਂ ਜਾਂ ਮਾਨਵਤਾਵਾਦੀ ਆਧਾਰ 'ਤੇ ਰਾਹਤ)

ਪੈਰੋਲ ਅਤੇ ਫਰਲੋ ਵਿੱਚ ਅੰਤਰ: ਇਹ ਸਮਝਣਾ ਮਹੱਤਵਪੂਰਨ ਹੈ ਕਿ ਪੈਰੋਲ ਅਤੇ ਫਰਲੋ ਇੱਕੋ ਜਿਹੇ ਨਹੀਂ ਹਨ:

ਪੈਰੋਲ: ਇੱਕ ਖਾਸ ਕਾਰਨ ਕਰਕੇ ਦਿੱਤੀ ਜਾਂਦੀ ਹੈ; ਸਜ਼ਾ ਮੁਅੱਤਲ ਕੀਤੀ ਜਾਂਦੀ ਹੈ, ਖਤਮ ਨਹੀਂ ਕੀਤੀ ਜਾਂਦੀ; ਆਮ ਤੌਰ 'ਤੇ ਥੋੜ੍ਹੇ ਸਮੇਂ ਲਈ।

ਫਰਲੋ: ਬਿਨਾਂ ਕਿਸੇ ਖਾਸ ਕਾਰਨ ਦੇ ਦਿੱਤੀ ਜਾਂਦੀ ਹੈ। ਇਹ ਨਿਯਮਤ ਅੰਤਰਾਲਾਂ 'ਤੇ ਦਿੱਤੀ ਜਾਣ ਵਾਲੀ ਛੁੱਟੀ ਵਰਗੀ ਵਿਵਸਥਾ ਹੈ। ਇਸਦਾ ਉਦੇਸ਼ ਕੈਦੀ ਦੇ ਵਿਵਹਾਰ ਨੂੰ ਬਿਹਤਰ ਬਣਾਉਣਾ ਅਤੇ ਸਮਾਜਿਕ ਸੰਪਰਕ ਬਣਾਈ ਰੱਖਣਾ ਹੈ।

**ਪੈਰੋਲ ਪ੍ਰਕਿਰਿਆ**

**ਪੈਰੋਲ ਇੱਕ ਆਟੋਮੈਟਿਕ ਸਹੂਲਤ ਨਹੀਂ ਹੈ। ਇਸਦੇ ਲਈ ਇੱਕ ਨਿਰਧਾਰਤ ਪ੍ਰਕਿਰਿਆ ਹੈ:**

ਕੈਦੀ ਜਾਂ ਉਸਦੇ ਪਰਿਵਾਰ ਦੁਆਰਾ ਅਰਜ਼ੀ, ਜੇਲ੍ਹ ਪ੍ਰਸ਼ਾਸਨ ਦੀ ਇੱਕ ਰਿਪੋਰਟ, ਇੱਕ ਪੁਲਿਸ ਜਾਂਚ ਰਿਪੋਰਟ, ਅਤੇ ਜ਼ਿਲ੍ਹਾ ਪੈਰੋਲ ਕਮੇਟੀ ਦੁਆਰਾ ਇੱਕ ਸਮੀਖਿਆ। ਅੰਤਿਮ ਫੈਸਲਾ ਸਮਰੱਥ ਅਥਾਰਟੀ, ਕਈ ਰਾਜਾਂ ਵਿੱਚ ਰਾਜ ਸਰਕਾਰ ਦੇ ਗ੍ਰਹਿ ਵਿਭਾਗ ਜਾਂ ਇੱਕ ਵਿਸ਼ੇਸ਼ ਪੈਰੋਲ ਬੋਰਡ ਕੋਲ ਹੁੰਦਾ ਹੈ।

**ਪੈਰੋਲ ਦੀਆਂ ਸ਼ਰਤਾਂ: ਪੈਰੋਲ 'ਤੇ, ਕੈਦੀ 'ਤੇ ਕਈ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ:**

-ਨਿਰਧਾਰਤ ਸਮੇਂ 'ਤੇ ਪੁਲਿਸ ਸਟੇਸ਼ਨ ਨੂੰ ਰਿਪੋਰਟ ਕਰਨਾ
-ਨਿਰਧਾਰਤ ਖੇਤਰ ਤੋਂ ਬਾਹਰ ਕਿਸੇ ਵੀ ਅਪਰਾਧਿਕ ਗਤੀਵਿਧੀ ਵਿੱਚ ਸ਼ਾਮਲ ਨਾ ਹੋਣਾ
-ਮੋਬਾਈਲ ਫੋਨ ਅਤੇ ਹੋਰ ਸਾਧਨਾਂ ਰਾਹੀਂ ਨਿਗਰਾਨੀ
-ਮਿਆਦ ਪੂਰੀ ਹੋਣ 'ਤੇ ਜੇਲ੍ਹ ਵਿੱਚ ਲਾਜ਼ਮੀ ਵਾਪਸੀ

ਇਨ੍ਹਾਂ ਸ਼ਰਤਾਂ ਦੀ ਉਲੰਘਣਾ ਦੇ ਨਤੀਜੇ ਵਜੋਂ ਪੈਰੋਲ ਨੂੰ ਤੁਰੰਤ ਰੱਦ ਕੀਤਾ ਜਾ ਸਕਦਾ ਹੈ ਅਤੇ ਵਾਧੂ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

**ਕੀ ਪੈਰੋਲ ਇੱਕ ਅਧਿਕਾਰ ਹੈ?**

ਕਾਨੂੰਨੀ ਤੌਰ 'ਤੇ, ਪੈਰੋਲ ਨੂੰ ਇੱਕ ਮੌਲਿਕ ਅਧਿਕਾਰ ਨਹੀਂ ਮੰਨਿਆ ਜਾਂਦਾ ਹੈ। ਇਹ ਜੇਲ੍ਹ ਮੈਨੂਅਲ ਅਤੇ ਰਾਜ ਦੇ ਨਿਯਮਾਂ ਦੇ ਤਹਿਤ ਦਿੱਤੀ ਗਈ ਇੱਕ ਪ੍ਰਸ਼ਾਸਕੀ ਸਹੂਲਤ ਹੈ। ਇਸਦਾ ਉਦੇਸ਼ ਸਜ਼ਾ ਨੂੰ ਘਟਾਉਣਾ ਨਹੀਂ ਹੈ ਸਗੋਂ ਇੱਕ ਮਾਨਵਤਾਵਾਦੀ ਪਹੁੰਚ ਅਪਣਾਉਣਾ ਹੈ।

**ਰਾਮ ਰਹੀਮ ਦਾ ਮਾਮਲਾ ਖ਼ਬਰਾਂ ਵਿੱਚ ਕਿਉਂ ਹੈ?**

ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ 2017 ਤੋਂ ਬਲਾਤਕਾਰ ਅਤੇ ਕਤਲ ਦੇ ਦੋਸ਼ ਵਿੱਚ ਸਜ਼ਾ ਕੱਟ ਰਿਹਾ ਹੈ। ਉਦੋਂ ਤੋਂ, ਉਸਨੂੰ ਕਈ ਵਾਰ ਪੈਰੋਲ ਅਤੇ ਫਰਲੋ ਦਿੱਤੇ ਜਾਣ ਦੀਆਂ ਰਿਪੋਰਟਾਂ ਆਈਆਂ ਹਨ। ਹਾਲ ਹੀ ਵਿੱਚ, ਉਸਨੂੰ ਦੁਬਾਰਾ ਪੈਰੋਲ ਦਿੱਤੀ ਗਈ, ਜਿਸ ਨਾਲ ਰਾਜਨੀਤਿਕ ਅਤੇ ਸਮਾਜਿਕ ਹਲਕਿਆਂ ਵਿੱਚ ਬਹਿਸ ਛਿੜ ਗਈ ਹੈ।

ਵਾਰ-ਵਾਰ ਪੈਰੋਲ ਦੇਣ ਨਾਲ ਸਵਾਲ ਉੱਠਦੇ ਹਨ, ਜਦੋਂ ਕਿ ਸਮਰਥਕ ਦਲੀਲ ਦਿੰਦੇ ਹਨ ਕਿ ਇਹ ਕਾਨੂੰਨੀ ਪ੍ਰਕਿਰਿਆ ਦੇ ਅੰਦਰ ਦਿੱਤੀ ਗਈ ਰਾਹਤ ਦਾ ਇੱਕ ਮਾਪ ਹੈ। ਇਸ ਪੂਰੇ ਮਾਮਲੇ ਨੇ ਇੱਕ ਵਾਰ ਫਿਰ ਇਸ ਬਾਰੇ ਬਹਿਸ ਛੇੜ ਦਿੱਤੀ ਹੈ ਕਿ ਕੀ ਪੈਰੋਲ ਪ੍ਰਣਾਲੀ ਦੀ ਦੁਰਵਰਤੋਂ ਹੋ ਰਹੀ ਹੈ ਜਾਂ ਇਹ ਨਿਯਮਾਂ ਅਨੁਸਾਰ ਮਾਨਵਤਾਵਾਦੀ ਆਧਾਰ 'ਤੇ ਦਿੱਤਾ ਗਿਆ ਇੱਕ ਵਿਸ਼ੇਸ਼ ਅਧਿਕਾਰ ਹੈ।

**ਕੀ ਪੈਰੋਲ ਦੀ ਦੁਰਵਰਤੋਂ ਸੰਭਵ ਹੈ?**

ਪੈਰੋਲ ਪ੍ਰਣਾਲੀ ਨੂੰ ਯਕੀਨੀ ਤੌਰ 'ਤੇ ਕੁਝ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ: ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਦੀ ਘਾਟ ਦੇ ਦੋਸ਼; ਰਾਜਨੀਤਿਕ ਜਾਂ ਪ੍ਰਭਾਵਸ਼ਾਲੀ ਵਿਅਕਤੀਆਂ ਲਈ ਤਰਜੀਹੀ ਵਿਵਹਾਰ ਦੀਆਂ ਧਾਰਨਾਵਾਂ; ਨਿਗਰਾਨੀ ਪ੍ਰਣਾਲੀ ਵਿੱਚ ਸੀਮਾਵਾਂ; ਰਾਜ ਦੁਆਰਾ ਨਿਯਮਾਂ ਵਿੱਚ ਅਸਮਾਨਤਾਵਾਂ; ਹਾਲਾਂਕਿ ਸਰਕਾਰਾਂ ਨੇ ਸਮੇਂ-ਸਮੇਂ 'ਤੇ ਸਿਸਟਮ ਨੂੰ ਹੋਰ ਸਖ਼ਤ ਅਤੇ ਪਾਰਦਰਸ਼ੀ ਬਣਾਉਣ ਦੀ ਮੰਗ ਕੀਤੀ ਹੈ।

ਅਦਾਲਤਾਂ ਅਤੇ ਕਾਨੂੰਨ ਦੀ ਭੂਮਿਕਾ ਭਾਰਤ ਵਿੱਚ, ਅਦਾਲਤਾਂ ਪੈਰੋਲ ਦੇ ਮਾਮਲਿਆਂ ਵਿੱਚ ਵੀ ਦਖਲ ਦਿੰਦੀਆਂ ਹਨ - ਖਾਸ ਕਰਕੇ ਜਦੋਂ ਇੱਕ ਕੈਦੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾਂਦੀ ਹੈ ਜਾਂ ਇਸ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦਾ ਜੋਖਮ ਹੁੰਦਾ ਹੈ। ਸੁਪਰੀਮ ਕੋਰਟ ਅਤੇ ਵੱਖ-ਵੱਖ ਹਾਈ ਕੋਰਟਾਂ ਨੇ ਸਮੇਂ-ਸਮੇਂ 'ਤੇ ਸਪੱਸ਼ਟ ਕੀਤਾ ਹੈ ਕਿ ਪੈਰੋਲ ਇੱਕ 'ਰਿਆਇਤ' ਹੈ, 'ਅਧਿਕਾਰ' ਨਹੀਂ ਅਤੇ ਇਸਦਾ ਉਦੇਸ਼ ਸਿਰਫ਼ ਮਾਨਵਤਾਵਾਦੀ ਅਤੇ ਸੁਧਾਰਵਾਦੀ ਹੈ।



## ਦੇਸ਼ ਦੇ 8.5 ਫ਼ੀਸਦੀ ਸਕੂਲੀ ਬੱਚੇ ਤੰਬਾਕੂ ਦੀ ਗ੍ਰਿਫ਼ਤ 'ਚ

### ਦਿੱਲੀ 'ਸਿਟੀ ਦੇ ਮਾਹਿਰਾਂ ਨੇ ਜਤਾਈ ਚਿੰਤਾ, ਰੋਜ਼ਾਨਾ 5500 ਨਵੇਂ ਬੱਚੇ ਇਸ ਲਤ 'ਚ ਹੋ ਰਹੇ ਸ਼ਾਮਲ

ਨਵੀਂ ਦਿੱਲੀ, 26 ਮਈ (ਚ.ਨ.ਸ.): ਦੇਸ਼ ਦੇ ਸਕੂਲੀ ਬੱਚਿਆਂ ਵਿਚ ਤੰਬਾਕੂ ਦਾ ਸੇਵਨ ਇਕ ਗੰਭੀਰ ਤੇ ਚਿੰਤਾਜਨਕ ਸਮੱਸਿਆ ਬਣਦਾ ਜਾ ਰਿਹਾ ਹੈ। ਸਰਕਾਰੀ ਅੰਕੜਿਆਂ ਦੇ ਮੁਤਾਬਕ ਭਾਰਤ 'ਚ 13 ਤੋਂ 15 ਸਾਲ ਦੇ 8.5 ਫ਼ੀਸਦੀ ਸਕੂਲੀ ਬੱਚੇ ਕਿਸੇ ਨਾ ਕਿਸੇ ਰੂਪ ਵਿਚ ਤੰਬਾਕੂ ਦਾ ਸੇਵਨ ਕਰ ਰਹੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਰੋਜ਼ਾਨਾ 5500 ਤੋਂ ਵੱਧ ਨਵੇਂ ਬੱਚੇ ਇਸ ਲਤ ਦੀ ਸ਼ੁਰੂਆਤ ਕਰ ਰਹੇ ਹਨ। ਬੱਚਿਆਂ ਤੇ ਅੱਲੜ੍ਹਾਂ ਦੇ ਵਿਚਕਾਰ ਤੰਬਾਕੂ ਤੇ ਨਿਕੋਟਿਨ ਦੀ ਵਧਦੀ ਲਤ ਨੂੰ ਲੈ ਕੇ ਮਾਹਿਰਾਂ ਵੱਲੋਂ ਗੰਭੀਰ ਚਿੰਤਾ ਜਤਾਈ ਗਈ ਹੈ। ਸਰਕਾਰੀ ਅੰਕੜਿਆਂ ਦੇ ਮੁਤਾਬਕ ਭਾਰਤ 'ਚ 13 ਤੋਂ 15 ਸਾਲ ਦੇ 8.5 ਫ਼ੀਸਦੀ ਸਕੂਲੀ ਬੱਚੇ ਤੰਬਾਕੂ ਦਾ ਸੇਵਨ ਕਰਦੇ ਹਨ। ਤੰਬਾਕੂ ਦਾ ਸੇਵਨ ਕਰਨ 'ਚ 9.6 ਫ਼ੀਸਦ ਲੜਕੇ ਤੇ 7.4 ਫ਼ੀਸਦੀ ਲੜਕੀਆਂ ਹਨ। 29.5 ਫ਼ੀਸਦੀ ਵਿਦਿਆਰਥੀ ਅਸਿੱਧੇ ਤੌਰ 'ਤੇ ਸਿਗਰਟਨੋਸ਼ੀ ਦੇ ਸੰਪਰਕ 'ਚ ਆਉਂਦੇ ਹਨ। ਸਭ ਤੋਂ ਵੱਧ ਅਰੁਣਾਚਲ ਤੇ ਮਿਜ਼ੋਰਮ ਦੇ ਸਕੂਲੀ ਬੱਚੇ ਤੰਬਾਕੂ ਸੇਵਨ ਕਰਦੇ ਹਨ। ਦੋਵੇਂ ਰਾਜਾਂ 'ਚ ਇਹ ਅੰਕੜਾ ਲਗਭਗ 58 ਫ਼ੀਸਦੀ ਹੈ। ਸਭ ਤੋਂ ਘੱਟ ਤੰਬਾਕੂ ਦਾ ਸੇਵਨ ਹਿਮਾਚਲ ਪ੍ਰਦੇਸ਼ ਤੇ ਕਰਨਾਟਕ ਦੇ ਸਕੂਲੀ ਬੱਚੇ ਕਰਦੇ ਹਨ, ਜਿੱਥੇ ਇਹ ਅੰਕੜਾ ਕ੍ਰਮਵਾਰ 1.1 ਫ਼ੀਸਦੀ ਤੇ 1.2 ਫ਼ੀਸਦ ਹੈ। ਝਾਰਖੰਡ 'ਚ 76.3 ਫ਼ੀਸਦੀ ਸਕੂਲਾਂ ਵਿਚ ਤੰਬਾਕੂ ਦੀ ਵਰਤੋਂ ਹੋ ਰਹੀ ਹੈ। ਝਾਰਖੰਡ 'ਚ 38.9 ਫ਼ੀਸਦੀ ਬਾਲਗ ਕਿਸੇ ਨਾਲ ਕਿਸੇ ਰੂਪ 'ਚ ਤੰਬਾਕੂ ਦਾ ਸੇਵਨ ਕਰ ਰਹੇ ਹਨ। ਬਿਹਾਰ 'ਚ 7.3 ਤੋਂ 8.5 ਫ਼ੀਸਦੀ ਸਕੂਲੀ ਬੱਚੇ ਕਿਸੇ ਨਾਲ ਰੂਪ 'ਚ ਤੰਬਾਕੂ ਦਾ ਸੇਵਨ ਕਰਦੇ ਹਨ। ਮੱਧ ਪ੍ਰਦੇਸ਼ 'ਚ 7 ਫ਼ੀਸਦ ਸਕੂਲੀ ਵਿਦਿਆਰਥਣਾਂ ਤੇ 18 ਫ਼ੀਸਦ ਲੜਕੇ ਤੰਬਾਕੂ ਦਾ ਸੇਵਨ ਕਰਦੇ ਹਨ। ਰਾਜਸਥਾਨ 'ਚ 4.10 ਫ਼ੀਸਦੀ ਸਕੂਲੀ ਬੱਚੇ ਤੰਬਾਕੂ ਉਤਪਾਦਾਂ ਦੀ ਵਰਤੋਂ ਕਰਦੇ ਹਨ। ਹਰਿਆਣਾ 'ਚ ਲਗਭਗ 8.5 ਫ਼ੀਸਦ



ਸਕੂਲੀ ਬੱਚੇ ਤੰਬਾਕੂ ਦੀ ਪਕੜ ਵਿਚ ਹਨ। ਅਖ਼ਬਾਰਾਂ ਦੀਆਂ ਸੁਰਖ਼ੀਆਂ ਵਿਚ ਅਕਸਰ ਇਹ ਖ਼ਬਰਾਂ ਦਿਖਾਈਆਂ ਦਿੰਦੀਆਂ ਨੇ ਕਿ ਸਕੂਲ ਦੇ ਨੇੜੇ ਸਮੋਕਿੰਗ ਦੇ ਲਈ ਸਿਗਰਟ ਵੇਚਣ ਵਾਲਿਆਂ ਨੂੰ ਪੁਲਿਸ ਨੇ ਫੜ ਕੇ ਜੇਲ੍ਹ ਵਿਚ ਡੱਕਿਆ ਪਰ ਅੱਜ ਵੀ ਦੇਸ਼ ਭਰ ਵਿਚ ਹਜ਼ਾਰਾਂ ਨਾਬਾਲਗ ਮੁੰਡੇ ਕੁੜੀਆਂ ਸਿਗਰਟ ਤੇ ਹੋਰ ਤੰਬਾਕੂ ਉਤਪਾਦ ਖ਼ਰੀਦ ਲੈਂਦੇ ਹਨ, ਸਕੂਲਾਂ ਅਤੇ ਕਾਲਜਾਂ ਦੇ ਨੇੜੇ ਅਜਿਹੀਆਂ ਦੁਕਾਨਾਂ ਦਾ ਨਜ਼ਾਰਾ ਆਮ ਹੀ ਦਿਖਾਈ ਦਿੰਦਾ ਹੈ, ਜਦਕਿ ਭਾਰਤ ਵਿਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਿਗਰੇਟ ਵੇਚਣਾ ਕਾਨੂੰਨੀ ਤੌਰ 'ਤੇ ਅਪਰਾਧ ਹੈ।

ਕੇਂਦਰ ਸਰਕਾਰ ਵੱਲੋਂ ਤੰਬਾਕੂ ਉਤਪਾਦਾਂ ਦੀ ਵਿਕਰੀ, ਇਸ਼ਤਿਹਾਰ ਅਤੇ ਵਰਤੋਂ ਨੂੰ ਕੰਟਰੋਲ ਕਰਨ ਲਈ "ਸਿਗਰੇਟ ਐਂਡ ਅਦਰ ਟੋਬੈਕੋ ਪ੍ਰੋਡਕਟਸ ਐਕਟ 2003" ਬਣਾਇਆ ਗਿਆ ਹੈ। ਇਸ ਕਾਨੂੰਨ ਦੀ ਧਾਰਾ 4 ਦੇ ਤਹਿਤ ਜਨਤਕ ਥਾਵਾਂ 'ਤੇ ਬੀੜ ਸਿਗਰੇਟ ਪੀਣਾ ਗੈਰਕਾਨੂੰਨੀ ਹੈ। ਜੇਕਰ ਕੋਈ ਸਕੂਲ, ਕਾਲਜ, ਹਸਪਤਾਲ, ਸਰਕਾਰੀ ਦਫ਼ਤਰ, ਬੱਸ ਸਟੈਂਡ, ਰੇਲਵੇ ਸਟੇਸ਼ਨ, ਜਨਤਕ ਟਰਾਂਸਪੋਰਟ ਵਰਗੀਆਂ ਥਾਵਾਂ 'ਤੇ ਧੂਮਰਪਾਨ ਕਰਦਾ ਹੈ ਤਾਂ ਜੁਰਮਾਨਾ ਲਗਾਇਆ ਜਾ ਸਕਦਾ ਹੈ। ਇਸ ਕਾਨੂੰਨ ਦੀ ਧਾਰਾ 6 ਦੇ ਤਹਿਤ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤੰਬਾਕੂ ਵੇਚਣ 'ਤੇ ਪਾਬੰਦੀ ਹੈ। ਇਸ ਦੀ ਉਲੰਘਣਾ ਕਰਨ ਵਾਲੇ 'ਤੇ ਕਾਰਵਾਈ ਹੋ ਸਕਦੀ ਹੈ। ਸਿੱਖਿਆ ਸੰਸਥਾਵਾਂ ਦੇ 100 ਗਜ਼ ਦੇ ਅੰਦਰ ਤੰਬਾਕੂ ਉਤਪਾਦ ਵੇਚਣਾ ਗ਼ੈਰਕਾਨੂੰਨੀ ਹੈ। ਫਿਲਮਾਂ ਤੇ ਟੀਵੀ ਸ਼ੋਅਜ਼ 'ਚ ਸਮੋਕਿੰਗ ਦਿਖਾਉਣ 'ਤੇ ਵੀ ਨਿਯਮ ਲਾਗੂ ਹਨ। ਉਲੰਘਣਾ ਕਰਨ 'ਤੇ ਐਕਟ ਦੇ ਤਹਿਤ ਤੁਰੰਤ ਸਜ਼ਾ ਦਾ ਪ੍ਰਬੰਧ ਹੈ। ਜਨਤਕ ਥਾਂ 'ਤੇ ਸਿਗਰਟਨੋਸ਼ੀ ਕਰਨ ਵਾਲਿਆਂ 'ਤੇ 200 ਰੁਪਏ ਦਾ ਜੁਰਮਾਨਾ ਲਗਾਇਆ ਜਾ ਸਕਦੈ। ਧਾਰਾ 20 ਦੇ ਤਹਿਤ ਜ਼ਰੂਰੀ ਚਿੱਤਰ ਤੇ ਚਿਤਾਵਨੀ ਤੋਂ ਬਿਨਾ ਸਟਾਕ ਜਾਰੀ ਕਰਨ 'ਤੇ ਨਿਰਮਾਤਾ ਨੂੰ ਦੋ ਸਾਲ ਦੀ ਕੈਦ ਤੇ ਜੁਰਮਾਨਾ ਹੋ ਸਕਦਾ ਹੈ। ਦੱਸ ਦਈਏ ਕਿ ਤੰਬਾਕੂ ਸੇਵਨ ਦੇ ਪੈਟਰਨ ਦਾ ਅਧਿਐਨ ਕਰਨ ਵਾਲੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੁਰੱਖਿਅਤ ਸਥਾਨ ਦੀ ਭਾਲ 'ਚ ਬਹੁਤ ਸਾਰੇ ਵਿਦਿਆਰਥੀ ਅਪਣੇ ਘਰ 'ਤੇ ਸਿਗਰਟਨੋਸ਼ੀ ਕਰਦੇ ਹਨ, ਜਦਕਿ ਕੁੱਝ ਅਪਣੇ ਦੋਸਤ ਦੇ ਘਰ। ਇਸ ਤੋਂ ਇਲਾਵਾ ਕੁੱਝ ਵਿਦਿਆਰਥੀ ਅਪਣੇ ਸਕੂਲ ਵਿਚ ਅਜਿਹਾ ਕਰਦੇ ਹਨ, ਜਦਕਿ ਕੁੱਝ ਜਨਤਕ ਸਥਾਨਾਂ 'ਤੇ ਵੀ ਤੰਬਾਕੂ ਦਾ ਸੇਵਨ ਕਰਦੇ ਹਨ। ਸਰਵੇ ਵਿਚ ਦਿੱਤੀ ਗਈ ਜਾਣਕਾਰੀ ਵੱਖ ਵੱਖ ਰਿਪੋਰਟਾਂ ਦੇ ਆਧਾਰ 'ਤੇ ਲਈ ਗਈ ਹੈ,, ਜਦਕਿ ਵਿਦਿਆਰਥੀਆਂ ਵਿਚ ਇਸ ਲਤ ਨੂੰ ਖ਼ਤਮ ਕਰਨ ਲਈ ਸਰਕਾਰਾਂ ਵੱਲੋਂ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ।

## ਸੀ.ਬੀ.ਐਸ.ਈ. ਦੇ ਲੁਧਿਆਣਾ ਦਫ਼ਤਰ 'ਚ 17 ਹਜ਼ਾਰ ਤੋਂ ਵੱਧ ਮੁੜ-ਮੁਲਾਂਕਣ ਅਰਜ਼ੀਆਂ ਦਾ ਹੜ੍ਹ

ਚੰਡੀਗੜ੍ਹ, 26 ਮਈ (ਚ.ਨ.ਸ.): ਬਾਰ੍ਹਵੀਂ ਜਮਾਤ ਦੇ ਨਤੀਜੇ ਆਉਣ ਤੋਂ ਬਾਅਦ ਵਿਦਿਆਰਥੀਆਂ ਦੀਆਂ ਮੁੜ-ਮੁਲਾਂਕਣ ਦੀਆਂ ਮੁਸ਼ਕਲਾਂ ਘੱਟ ਹੋਣ ਦਾ ਨਾਮ ਨਹੀਂ ਲੈ ਰਹੀਆਂ ਹਨ। ਵੱਡੀ ਗਿਣਤੀ ਵਿੱਚ ਵਿਦਿਆਰਥੀ ਆਪਣੀਆਂ ਉੱਤਰ-ਪੱਤਰੀਆਂ ਦੇ ਮੁੜ-ਮੁਲਾਂਕਣ ਦੀ ਮੰਗ ਕਰ ਰਹੇ ਹਨ ਅਤੇ ਉਨ੍ਹਾਂ ਨੇ ਸਪੱਸ਼ਟ ਖਾਮੀਆਂ ਵੱਲ ਇਸ਼ਾਰਾ ਕੀਤਾ ਹੈ, ਜਿੱਥੇ ਡਿਜੀਟਲ ਤੌਰ 'ਤੇ ਮੁਲਾਂਕਣ ਕੀਤੀਆਂ ਸ਼ੀਟਾਂ 'ਤੇ ਪੇਪਰ ਪਰੀਖਿਅਕਾਂ ਦੁਆਰਾ ਦਿੱਤੇ ਗਏ ਅੰਕ ਸੀ.ਬੀ.ਐਸ.ਈ. ਦੁਆਰਾ ਵੈੱਬਸਾਈਟ 'ਤੇ ਅਪਲੋਡ ਕੀਤੇ ਗਏ ਕੁੱਲ ਸਕੋਰ ਨਾਲ ਮੇਲ ਨਹੀਂ ਖਾਂਦੇ। ਇਸ ਨਿਰਾਸ਼ਾ ਨੂੰ ਹੋਰ ਵਧਾਉਂਦਿਆਂ, ਬੋਰਡ ਦੀ ਅਧਿਕਾਰਤ ਵੈੱਬਸਾਈਟ 'ਤੇ ਲਗਾਤਾਰ ਤਕਨੀਕੀ ਖਰਾਬੀ ਆ ਰਹੀ ਹੈ। ਬੋਰਡ ਦੇ ਸੂਤਰਾਂ ਨੇ ਖੁਲਾਸਾ ਕੀਤਾ ਹੈ ਕਿ ਲੁਧਿਆਣਾ ਵਿੱਚ ਸੀਬੀਐਸਈ ਦੇ ਖੇਤਰੀ ਦਫ਼ਤਰ ਵਿੱਚ ਵੱਖ-ਵੱਖ ਵਿਸ਼ਿਆਂ ਅਤੇ ਸਟਰੀਮਾਂ ਲਈ 17,000 ਤੋਂ ਵੱਧ ਮੁੜ-ਮੁਲਾਂਕਣ ਅਰਜ਼ੀਆਂ ਦਾ ਹੜ੍ਹ ਆ ਗਿਆ ਹੈ, ਜਿਸ ਨਾਲ ਵੱਡਾ ਬੈਕਲਾਗ ਪੈਦਾ ਹੋ ਗਿਆ ਹੈ। ਉਪਲਬਧ ਅਧਿਆਪਕਾਂ ਦੀ ਭਾਰੀ ਕਮੀ ਕਾਰਨ ਮੁੜ-ਮੁਲਾਂਕਣ ਦੀ ਪ੍ਰਕਿਰਿਆ ਹੌਲੀ ਚੱਲ ਰਹੀ ਹੈ। ਅਧਿਆਪਕਾਂ ਨੂੰ ਹਦਾਇਤ ਕੀਤੀ ਜਾ ਰਹੀ ਹੈ ਕਿ ਜਦੋਂ ਉਨ੍ਹਾਂ ਦੇ ਵਿਸ਼ਿਆਂ ਨਾਲ ਸਬੰਧਤ ਪੇਪਰ ਸਮੀਖਿਆ ਲਈ ਤਿਆਰ ਹੋਣ ਤਾਂ ਉਹ ਖੇਤਰੀ ਕੇਂਦਰ ਵਿਖੇ ਰਿਪੋਰਟ ਕਰਨ। ਇਸ ਦੇਰੀ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਦੋਵਾਂ ਵਿੱਚ ਵਿਆਪਕ ਚਿੰਤਾ ਪੈਦਾ ਕਰ ਦਿੱਤੀ ਹੈ। ਅਰਾਜਕਤਾ ਨੂੰ ਹੋਰ ਵਧਾਉਂਦਿਆਂ, ਗੰਭੀਰ ਗਲਤੀਆਂ ਸਾਹਮਣੇ ਆਈਆਂ ਹਨ, ਜਿੱਥੇ ਕੁਝ ਵਿਦਿਆਰਥੀਆਂ ਨੇ ਦੇਖਿਆ ਕਿ ਉਨ੍ਹਾਂ ਦੀ ਉੱਤਰ-ਪੱਤਰੀ ਦਾ ਇੱਕੋ ਪੰਨਾ ਪੋਰਟਲ 'ਤੇ ਦੋ ਵਾਰ ਅਪਲੋਡ ਕੀਤਾ ਗਿਆ ਸੀ। ਜਦੋਂ ਕਿ ਹੋਰ ਮਾਮਲਿਆਂ ਵਿੱਚ, ਮਹੱਤਵਪੂਰਨ ਪੰਨੇ ਪੂਰੀ ਤਰ੍ਹਾਂ ਗਾਇਬ ਸਨ। ਇਸ ਤੋਂ ਇਲਾਵਾ, ਵਿਦਿਆਰਥੀ ਸਰਵਰ ਦੀਆਂ ਖਰਾਬੀਆਂ ਤੇ ਆਪਣੀਆਂ ਉੱਤਰ-ਪੱਤਰੀਆਂ ਦੀਆਂ ਧੁੰਦਲੀਆਂ ਡਿਜੀਟਲ ਕਾਪੀਆਂ ਨਾਲ ਜੂਝ ਰਹੇ ਹਨ, ਜਿਸ ਨਾਲ ਸੁਤੰਤਰ ਤਸਦੀਕ ਕਰਨਾ ਲਗਪਗ ਅਸੰਭਵ ਹੋ ਗਿਆ ਹੈ।

ਸਪੱਸ਼ਟਤਾ ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਨਾਕਾਮ ਰਹੀਆਂ ਹਨ, ਕਿਉਂਕਿ ਵਿਦਿਆਰਥੀਆਂ ਦੀ ਸ਼ਿਕਾਇਤ ਹੈ ਕਿ ਸੀਬੀਐੱਸਈ ਦੁਆਰਾ ਜਾਰੀ ਕੀਤਾ ਗਿਆ ਹੈਲਪਲਾਈਨ ਨੰਬਰ ਸਿਰਫ ਇੱਕ ਬੀਪ ਤੋਂ ਬਾਅਦ ਹੀ ਕੱਟ ਜਾਂਦਾ ਹੈ। ਅਧਿਆਪਕ ਵੀ ਬਰਾਬਰ ਨਿਰਾਸ਼ ਹਨ, ਇੱਕ ਅਧਿਆਪਕ ਨੇ ਨੋਟ ਕੀਤਾ ਕਿ ਉਹ ਸ਼ੁਰੂਆਤੀ ਜਾਂਚ ਪੜਾਅ ਦੌਰਾਨ ਪਹਿਲਾਂ ਹੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰ ਚੁੱਕੇ ਹਨ ਤੇ ਹੁਣ ਉਨ੍ਹਾਂ 'ਤੇ ਬੋਰਡ ਵੱਲੋਂ ਗਰਮੀ ਦੇ ਮੌਸਮ ਵਿੱਚ ਪੇਪਰ ਚੈਕਿੰਗ ਲਈ ਖੇਤਰੀ ਦਫ਼ਤਰ ਜਾਣ ਦਾ ਦਬਾਅ ਪਾਇਆ ਜਾ ਰਿਹਾ ਹੈ। ਇਸ ਦੌਰਾਨ ਵਿਦਿਆਰਥਣ ਨੇ ਦੱਸਿਆ ਕਿ ਉਹ ਸਪੱਸ਼ਟ ਜੋੜ ਖਾਮੀਆਂ ਦੇਖਣ ਤੋਂ ਬਾਅਦ ਹੀ ਮੁੜ-ਮੁਲਾਂਕਣ ਲਈ ਅਰਜ਼ੀ ਦੇਣ ਲਈ ਮਜਬੂਰ ਹੋਈ ਸੀ, ਜਿੱਥੇ ਉਸਦੇ ਜਵਾਬਾਂ ਲਈ ਦਿੱਤੇ ਗਏ ਵਿਅਕਤੀਗਤ ਅੰਕਾਂ ਦੀ ਉਸਦੇ ਅੰਤਿਮ ਸਕੋਰ ਵਿੱਚ ਸਹੀ ਗਣਨਾ ਨਹੀਂ ਕੀਤੀ ਗਈ ਸੀ। 2026 ਤੋਂ, ਸੀ.ਬੀ.ਐੱਸ.ਈ. ਨੇ ਬਾਰ੍ਹਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਲਈ ਆਨ-ਸਕ੍ਰੀਨ ਮਾਰਕਿੰਗ (ਓ.ਐਸ.ਐਮ.) ਪ੍ਰਣਾਲੀ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ, ਜੋ ਕਿ ਭੌਤਿਕ ਤੋਂ ਡਿਜੀਟਲ ਮੁਲਾਂਕਣ ਵੱਲ ਤਬਦੀਲ ਹੋ ਗਿਆ।

ਨਵੀਂ ਪ੍ਰਣਾਲੀ ਦੇ ਤਹਿਤ, ਉੱਤਰ-ਪੱਤਰੀਆਂ ਨੂੰ ਸਕੈਨ ਕਰਕੇ ਕੰਪਿਊਟਰਾਂ 'ਤੇ ਮੁਲਾਂਕਣ ਕੀਤਾ ਜਾਣਾ ਸੀ। ਇਸ ਪ੍ਰਕਿਰਿਆ ਦਾ ਉਦੇਸ਼ ਕੁੱਲ ਗਣਨਾ ਨੂੰ ਸਵੈਚਾਲਿਤ ਕਰਨਾ, ਮਨੁੱਖੀ ਗਲਤੀ ਨੂੰ ਘਟਾਉਣਾ, ਪਾਰਦਰਸ਼ਤਾ ਵਿੱਚ ਸੁਧਾਰ ਕਰਨਾ ਅਤੇ ਯਾਤਰਾ ਦੀ ਲੋੜ ਤੋਂ ਬਿਨਾਂ ਪ੍ਰੀਖਿਅਕਾਂ ਦੀ ਵਿਆਪਕ ਭਾਗੀਦਾਰੀ ਨੂੰ ਸਮਰੱਥ ਬਣਾਉਣਾ ਸੀ। ਹਰੇਕ ਮੁਲਾਂਕਣਕਰਤਾ ਨੂੰ ਲਗਪਗ 20 ਉੱਤਰ ਪੁਸਤਕਾਂ ਦਿੱਤੀਆਂ ਗਈਆਂ ਸਨ। ਵੈੱਬਸਾਈਟ 'ਤੇ ਬੇਮਿਸਾਲ ਟ੍ਰੈਫਿਕ ਦੇ ਕਾਰਨ ਸੀ.ਬੀ.ਐਸ.ਈ. ਨੇ ਬਾਰ੍ਹਵੀਂ ਜਮਾਤ ਦੀਆਂ ਉੱਤਰ-ਪੁਸਤਕਾਂ ਦੀਆਂ ਸਕੈਨ ਕੀਤੀਆਂ ਫੋਟੋਕਾਪੀਆਂ ਪ੍ਰਾਪਤ ਕਰਨ ਦੀ ਅੰਤਿਮ ਮਿਤੀ 25 ਮਈ ਤੱਕ ਵਧਾ ਦਿੱਤੀ ਸੀ। ਵਿਦਿਆਰਥੀਆਂ ਨੂੰ ਸਕੈਨ ਕੀਤੀ ਕਾਪੀ ਪ੍ਰਾਪਤ ਕਰਨ ਤੋਂ ਬਾਅਦ ਵੈਰੀਫਿਕੇਸ਼ਨ/ਮੁੜ-ਮੁਲਾਂਕਣ ਲਈ ਅਰਜ਼ੀ ਦੇਣ ਲਈ ਦੋ ਦਿਨ ਤੱਕ ਦਾ ਸਮਾਂ ਮਿਲਿਆ।

## ਫਿਰੋਜ਼ਪੁਰ ਵਿੱਚ 5 ਗਲੌਕ ਪਿਸਤੌਲ ਸਮੇਤ ਹਥਿਆਰ ਸਪਲਾਇਰ ਕਾਬੂ

### ਸਰਹੱਦ ਪਾਰੋਂ ਚੈਨਲਾਂ ਰਾਹੀਂ ਭਾਰਤ 'ਚ ਤਸਕਰੀ ਹਥਿਆਰ ਕੀਤੇ ਬਰਾਮਦ : ਯਾਦਵ

ਫਿਰੋਜ਼ਪੁਰ, 26 ਮਈ (ਤਿਵਾੜੀ): ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਇੱਕ ਵੱਡੀ ਸਫਲਤਾ 'ਚ ਕਾਊਂਟਰ ਇੰਟੈਲੀਜੈਂਸ (ਸੀਆਈ) ਫਿਰੋਜ਼ਪੁਰ ਨੇ ਇੱਕ ਹਥਿਆਰ ਸਪਲਾਇਰ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ ਤੇ ਉਸ ਦੇ ਕਬਜ਼ੇ 'ਚੋਂ ਪੰਜ .30 ਬੋਰ ਗਲੌਕ ਪਿਸਤੌਲ ਨਾਲ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।




ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਲਖਵਿੰਦਰ ਸਿੰਘ ਵਾਸੀ ਪਿੰਡ ਖੇੜਾ ਕੇ ਉੱਤਰ, ਫਿਰੋਜ਼ਪੁਰ ਵਜੋਂ ਹੋਈ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦਾ ਪੁਰਾਣਾ ਅਪਰਾਧਿਕ ਰਿਕਾਰਡ ਹੈ ਅਤੇ ਉਹ ਇੱਕ ਮਹੀਨਾ ਹੀ ਪਹਿਲਾਂ ਜੇਲ੍ਹ ਤੋਂ ਰਿਹਾਅ ਹੋਇਆ ਸੀ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਬਰਾਮਦ ਕੀਤੇ ਗਏ ਹਥਿਆਰ ਕਥਿਤ ਤੌਰ 'ਤੇ ਸਰਹੱਦ ਪਾਰੋਂ ਚੈਨਲਾਂ ਰਾਹੀਂ ਭਾਰਤ ਵਿੱਚ ਤਸਕਰੀ ਕੀਤੇ ਗਏ ਸਨ ਅਤੇ ਇਨ੍ਹਾਂ ਹਥਿਆਰਾਂ ਨੂੰ ਨੈੱਟਵਰਕ ਰਾਹੀਂ ਅੱਗੇ ਭੇਜਣ ਦਾ ਇਰਾਦਾ ਸੀ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਮਾਡਿਊਲ ਨਾਲ ਜੁੜੇ ਸਾਰੇ ਵਿਅਕਤੀਆਂ ਦੀ ਪਛਾਣ ਕੀਤੀ ਜਾ ਸਕੇ।ਇਸ ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਏਆਈਜੀ ਸੀਆਈ ਫਿਰੋਜ਼ਪੁਰ ਗੁਰਸੇਵਕ ਸਿੰਘ ਨੇ ਕਿਹਾ ਕਿ ਪੁਲਿਸ ਟੀਮਾਂ ਨੂੰ ਸ਼ੱਕੀ ਲਖਵਿੰਦਰ ਸਿੰਘ ਦੇ ਖੇਤਰ ਵਿੱਚ ਹਥਿਆਰ ਸਪਲਾਈ ਕਰਨ ਬਾਰੇ ਭਰੋਸੇਯੋਗ ਜਾਣਕਾਰੀ ਮਿਲੀ ਸੀ।

ਤੇਜ਼ੀ ਨਾਲ ਕਾਰਵਾਈ ਕਰਦਿਆਂ ਸੀਆਈ ਫਿਰੋਜ਼ਪੁਰ ਦੀ ਪੁਲਿਸ ਟੀਮ ਨੇ ਫਿਰੋਜ਼ਪੁਰ ਦੇ ਕੁਲਗੜ੍ਹੀ ਖੇਤਰ ਵਿੱਚ ਗੁਪਤ ਕਾਰਵਾਈ ਕਰਕੇ ਲਖਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਅੱਗੇ ਦੱਸਿਆ ਕਿ ਉਸਦੀ ਤਲਾਸ਼ੀ ਦੌਰਾਨ ਪੁਲਿਸ ਪਾਰਟੀ ਨੇ ਪੰਜ ਆਧੁਨਿਕ ਹਥਿਆਰਾਂ ਦੀ ਖੇਪ ਬਰਾਮਦ ਕੀਤੀ।ਏਆਈਜੀ ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਨੇ ਇਹ ਹਥਿਆਰ ਆਪਣੇ ਹੈਂਡਲਰ ਦੇ ਨਿਰਦੇਸ਼ਾਂ 'ਤੇ ਅਪਰਾਧਿਕ ਸਮੂਹਾਂ ਦੇ ਕਾਰਕੁੰਨਾਂ ਨੂੰ ਸਪਲਾਈ ਕਰਨੇ ਸਨ। ਉਨ੍ਹਾਂ ਕਿਹਾ ਕਿ ਜਾਂਚ ਅੱਗੇ ਵਧਣ ਨਾਲ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।ਇਸ ਸਬੰਧੀ ਕੇਸ ਥਾਣਾ ਕੁਲਗੜ੍ਹੀ, ਫਿਰੋਜ਼ਪੁਰ ਵਿਖੇ ਅਸਲਾ ਐਕਟ ਦੀ ਧਾਰਾ 25 ਤਹਿਤ ਐਫਆਈਆਰ ਨੰ. 103 ਮਿਤੀ 25-05-2026 ਦਰਜ ਕੀਤਾ ਗਿਆ ਹੈ।

## ਵੋਟਰਾਂ ਨੂੰ ਸ਼ਰਾਬ ਵੰਡਣ ਦੇ ਦੋਸ਼ ਤਹਿਤ ਸਾਬਕਾ ਸਰਪੰਚ ਸਮੇਤ 3 ਵਿਰੁੱਧ ਮਾਮਲਾ ਦਰਜ

ਡੇਰਾਬੱਸੀ, 26 ਮਈ (ਮਨਦੀਪ ਵਰਮਾ/ਯੋਗੇਸ਼ ਰਾਣਾ): ਨਗਰ ਕੌਂਸਲ ਚੋਣਾਂ ਦੌਰਾਨ ਵੋਟਰਾਂ ਨੂੰ ਭਰਮਾਉਣ ਲਈ ਬੀਤੇ ਕੱਲ ਨਜਾਇਜ਼ ਹੱਥਕੰਡੇ ਅਪਣਾਉਣ ਵਾਲਿਆਂ ਖ਼ਿਲਾਫ਼ ਡੇਰਾਬੱਸੀ ਪ੍ਰਸ਼ਾਸਨ ਨੇ ਸਖ਼ਤ ਕਾਰਵਾਈ ਕੀਤੀ ਹੈ। ਪੁਲਿਸ ਨੇ ਵਾਰਡ ਨੰ. 16 ਦੀ ਈਸਾਪੁਰ ਕਲੋਨੀ 'ਚ ਚੋਣਾਂ ਦੌਰਾਨ ਸਿਆਸੀ ਫਾਇਦਾ ਲੈਣ ਲਈ ਸ਼ਰੇਆਮ ਰੇਹੜੀ 'ਤੇ ਸ਼ਰਾਬ ਤੇ ਕੋਲਡ ਡ੍ਰਿੰਕਸ ਰੱਖ ਕੇ ਘਰ-ਘਰ ਵੰਡਣ ਦੇ ਦੋਸ਼ ਹੇਠ ਇਕ ਸਾਬਕਾ ਸਰਪੰਚ ਸਣੇ ਤਿੰਨ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਹੈ। ਡੇਰਾਬੱਸੀ ਪੁਲਿਸ ਨੂੰ ਮੁਖ਼ਬਰ ਖ਼ਾਸ ਨੇ ਪੱਕੀ ਇਤਲਾਹ ਦਿੱਤੀ ਕਿ ਈਸਾਪੁਰ ਕਲੋਨੀ ਦੀ ਗਲੀ ਵਿਚ ਮਕਾਨ ਨੰ. 789 ਦੇ ਨੇੜੇ ਕੁਝ ਵਿਅਕਤੀ ਇਕ ਰੇਹੜੀ ਵਿਚ ਸ਼ਰਾਬ ਤੇ ਕੋਲਡ ਡ੍ਰਿੰਕਸ ਰੱਖ ਕੇ ਵੋਟਰਾਂ ਨੂੰ ਲੁਭਾਉਣ ਲਈ ਘਰ-ਘਰ ਜਾ ਕੇ ਵੰਡ ਰਹੇ ਹਨ, ਤਾਂ ਜੋ ਇਲੈਕਸ਼ਨਾਂ 'ਚ ਉਨ੍ਹਾਂ ਦੇ ਹੱਕ 'ਚ ਜ਼ਿਆਦਾ ਵੋਟਾਂ ਭੁਗਤ ਸਕਣ। ਪੁਲਿਸ ਨੇ ਮੁਖ਼ਬਰ ਦੀ ਭਰੋਸੇਯੋਗ ਇਤਲਾਹ 'ਤੇ ਤੁਰੰਤ ਕਾਰਵਾਈ ਕਰਦਿਆਂ ਤਿੰਨਾਂ ਮੁਲਜ਼ਮਾਂ ਖ਼ਿਲਾਫ਼ ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਮੋਬਾਈਲ ਐਪ ਰਾਹੀਂ ਰਾਸ਼ਨ ਸਬਸਿਡੀ ਨੂੰ ਸਰਗਰਮ ਕਰਨ ਹਿਤ ਵਿਸ਼ੇਸ਼ ਕੈਂਪ

ਚੰਡੀਗੜ੍ਹ, 26 ਮਈ (ਹਰਦੀਪ ਕੌਰ): ਸਾਰੇ ਰਾਸ਼ਨ ਕਾਰਡ ਧਾਰਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਖੁਰਾਕ ਤੇ ਸਪਲਾਈ, ਖਪਤਕਾਰ ਮਾਮਲੇ ਤੇ ਲੀਗਲ ਮੈਟਰੋਲੋਜੀ ਵਿਭਾਗ, ਯੂਟੀ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ 28.05.2026 ਨੂੰ ਮਲੋਆ (ਸਮਾਲ ਫਲੈਟਸ), ਮਨੀਮਾਜਰਾ (ਸ਼ਿਵਾਲਿਕ ਗਾਰਡਨ ਦੇ ਪਿੱਛੇ), ਕਜਹੇੜੀ ਅਤੇ ਮੌਲੀ ਜੱਗਰਾਂ (ਵਿਕਾਸ ਨਗਰ) ਦੇ ਕਮਿਊਨਿਟੀ ਸੈਂਟਰਾਂ ਵਿਖੇ ਵਿਸ਼ੇਸ਼ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ। ਇਹ ਕੈਂਪ ਉਨ੍ਹਾਂ ਲਾਭਾਰਥੀਆਂ ਲਈ ਲਗਾਏ ਜਾ ਰਹੇ ਹਨ ਜਿਨ੍ਹਾਂ ਨੇ ਰਾਸ਼ਨ ਸਬਸਿਡੀ ਆਪਣੇ ਮੋਬਾਈਲ ਫੋਨਾਂ 'ਤੇ ਪ੍ਰਾਪਤ ਕਰਨ ਹਿਤ ਆਪਣੀ ਜਾਣਕਾਰੀ ਪਹਿਲਾਂ ਹੀ ਜਮ੍ਹਾਂ ਕਰਵਾ ਦਿੱਤੀ ਹੈ, ਲੇਕਿਨ ਅਜੇ ਤੱਕ ਆਪਣੇ ਫੋਨਾਂ ਵਿੱਚ ਮੋਬਾਈਲ ਐਪਲੀਕੇਸ਼ਨ ਡਾਊਨਲੋਡ ਨਹੀਂ ਕੀਤੀ ਹੈ।

ਅਜਿਹੇ ਸਾਰੇ ਲਾਭਾਰਥੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣਾ ਆਧਾਰ ਕਾਰਡ ਤੇ ਆਧਾਰ ਨਾਲ ਲਿੰਕ ਮੋਬਾਈਲ ਫੋਨ ਨਾਲ ਲੈ ਕੇ ਇਨ੍ਹਾਂ ਕੈਂਪਾਂ ਵਿੱਚ ਪਹੁੰਚਣ ਤਾਕਿ ਪ੍ਰਕਿਰਿਆ ਨੂੰ ਪੂਰਨ ਕੀਤਾ ਜਾ ਸਕੇ। ਰਾਸ਼ਨ ਕਾਰਡ ਧਾਰਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਬਸਿਡੀ ਰਾਸ਼ੀ ਪ੍ਰਾਪਤ ਕਰਨ ਲਈ ਮੋਬਾਈਲ ਐਪਲੀਕੇਸ਼ਨ ਡਾਊਨਲੋਡ ਕਰਨਾ ਜ਼ਰੂਰੀ ਹੈ। ਜਿਹੜੇ ਲਾਭਾਰਥੀ ਇਹ ਪ੍ਰਕਿਰਿਆ ਪੂਰਨ ਨਹੀਂ ਕਰਨਗੇ, ਉਨ੍ਹਾਂ ਦੀ ਸਬਸਿਡੀ ਬੰਦ ਹੋ ਸਕਦੀ ਹੈ। ਇਸ ਲਈ, ਸਾਰੇ ਲੰਬਿਤ ਲਾਭਾਰਥੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਕੈਂਪਾਂ ਵਿੱਚ ਪਹੁੰਚ ਕੇ ਪ੍ਰਕਿਰਿਆ ਨੂੰ ਜਲਦੀ ਪੂਰਨ ਕਰਨ।

ਮੋਬਾਈਲ ਐਪਲੀਕੇਸ਼ਨ (ਪੀਐੱਨਬੀ ਡਿਜੀਟਲ ਰੁਪੀ/PNB Digital Rupee) ਹੇਠ ਦਿੱਤੇ ਲਿੰਕ ਤੋਂ ਵੀ ਡਾਊਨਲੋਡ ਕੀਤੀ ਜਾ ਸਕਦੀ ਹੈ: https://play.google.com/store/apps/details?id=com.pnb.cbdc

## ਨਿਰਪਾਲ ਬੜ੍ਹਿੰਗ ਢਾਈ ਕਰੋੜ ਦੇ ਧੋਖਾਧੜੀ ਮਾਮਲੇ 'ਚ ਚੰਡੀਗੜ੍ਹ ਪੁਲਿਸ ਵੱਲੋਂ ਕਾਬੂ

ਪਟਿਆਲਾ /ਚੰਡੀਗੜ੍ਹ, 26 ਮਈ (ਗੁਰਮੁਖ ਰੁਪਾਣਾ): ਸ਼ਾਤਿਰ ਢੰਗ ਨਾਲ ਬੈਂਕਾਂ ਤੇ ਆਮ ਲੋਕਾਂ ਨੂੰ ਲੁੱਟਣ ਵਾਲਾ ਨਿਰਪਾਲ ਸਿੰਘ ਬੜ੍ਹਿੰਗ ਆਖਿਰ ਚੰਡੀਗੜ੍ਹ ਪੁਲਿਸ ਦੇ ਹੱਥ ਆ ਗਿਆ ਹੈ। ਚੰਡੀਗੜ੍ਹ ਪੁਲਿਸ ਦੇ ਈਓ ਵਿੰਗ ਨੇ ਨਿਰਪਾਲ ਬੜ੍ਹਿੰਗ ਨੂੰ ਢਾਈ ਕਰੋੜ ਰੁਪਏ ਦੇ ਫਰਾਡ ਕੇਸ ਅੰਦਰ ਫੜਕੇ ਸਲਾਖਾਂ ਪਿੱਛੇ ਦੇ ਦਿੱਤਾ ਹੈ। ਜ਼ਿਕਰਯੋਗ ਹੈ ਕਿ ਨਿਰਪਾਲ ਸਿੰਘ ਬੜ੍ਹਿੰਗ ਦੇ ਪੰਜਾਬ ਦੇ ਵੱਖ ਵੱਖ ਥਾਣਿਆਂ ਅੰਦਰ ਇਕ ਦਰਜਨ ਦੇ ਕਰੀਬ ਫਰਾਡ ਕੇਸ ਦਰਜ ਹਨ। ਇਥੇ ਹੀ ਬੱਸ ਨਹੀ ਬਹੁਤ ਸਾਰੇ ਚੈਕ ਬਾਊਂਸ ਦੇ ਕੇਸਾਂ ਵਿਚ ਭਗੌੜਾ ਹੈ। ਚੰਡੀਗੜ੍ਹ ਪੁਲਸ ਦੇ ਈਓ ਵਿੰਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਨਿਰਪਾਲ ਵੜਿੰਗ ਨੂੰ ਇਸ ਸਮੇ ਜੇਲ ਭੇਜਿਆ ਜਾ ਚੁਕਾ ਹੈ। ਨਿਰਪਾਲ ਸਿੰਘ ਬੜ੍ਹਿੰਗ ਉਪਰ ਚੰਡੀਗੜ੍ਹ ਦੇ ਈਸਟ ਸੈਕਟਰ 26 ਥਾਣੇ ਅੰਦਰ ਐਫਆਈਆਰ ਨੰ. 0016, 2022 ਵਿਚ ਦਰਜ ਹੋਈ ਸੀ। ਹਮੇਸ਼ਾ ਹੀ ਧੋਖਾਧੜੀ ਕਰਕੇ ਨਿਰਪਾਲ ਬੜ੍ਹਿੰਗ ਲੋਕਾਂ ਨੂੰ ਸ਼ਾਤਿਰ ਦਿਮਾਗ ਨਾਲ ਲੁਟਦਾ ਹੈ ਤੇ ਇਸ ਕੇਸ ਅੰਦਰ ਵੀ ਨਿਰਪਾਲ ਬੜ੍ਹਿੰਗ ਨੇ ਆਪਣੀ ਪਟਿਆਲਾ ਸਥਿਤ ਕੋਠੀ ਤੇ ਰਾਜਪੁਰਾ ਸਥਿਤ ਇਕ ਬੂਥ ਦੀਆਂ ਰਜਿਸਟਰੀਆਂ ਦੀਆਂ ਕਲਰ ਫੋਟੋ ਸਟੇਟ ਕਰਵਾ ਕੇ ਇੰਡੀਅਨ ਓਵਰਸਿਜ ਬੈਕ ਚੰਡੀਗੜ੍ਹ ਸੈਕਟਰ 26 ਤੋਂ ਢਾਈ ਕਰੋੜ ਰੁਪਏ ਦਾ ਲੋਨ ਕਮ ਲਿਮਟ ਲੈ ਲਿਆ ਸੀ। ਮੁੜਕੇ ਇਸਨੇ ਲੋਨ ਨਹੀ ਭਰਿਆ, ਜਿਸਦੇ ਬਾਅਦ ਇੰਡੀਅਨ ਓਵਰਸਿਜ ਬੈਕ ਨੇ ਚੰਡੀਗੜ੍ਹ ਪਲਿਸ ਨੂੰ ਇਸ ਖਿਲਾਫ ਅਰਜੀ ਦਿਤੀ ਤੇ ਬਕਾਇਦਾ ਇਸ ਕੇਸ ਦੀ ਇਨਕੁਆਰੀ ਹੋ ਕੇ ਨਿਰਪਾਲ ਬੜ੍ਹਿੰਗ, ਉਸਦੇ ਭਰਾ ਨਰਿੰਦਰ ਸਿੰਘ ਤੇ ਬੈਕ ਦੀ ਬਰਾਂਚ ਦੇ ਮੈਨੇਜਰ ਅਦਰੇਸ਼ ਕੁਮਾਰ ਖਿਲਾਫ ਧੋਖਾਧੜੀ, ਜਾਅਲੀ ਰਜਿਸਟਰੀਆਂ ਬੈਕ ਨੂੰ ਜਮਾ ਕਰਵਾਉਣ ਤੇ ਹੋਰ ਦੋਸ਼ਾਂ ਤਹਿਤ ਧਾਰਾ 420, 467, 468, 471 ਤੇ 120ਬੀ ਆਈਪੀਐਸ ਧਾਰਾ ਤਹਿਤ ਕੇਸ ਦਰਜ ਹੋ ਗਿਆ ਸੀ।



ਨਿਰਪਾਲ ਬੜ੍ਹਿੰਗ ਉਸਤੋ ਬਾਅਦ ਚੰਡੀਗੜ੍ਹ ਪੁਲਸ ਨਾਲ ਲੁਕਣ ਮਿਟੀ ਦੀ ਖੇਡ ਖੇਡਦਾ ਰਿਹਾ। ਆਖਿਰ ਬੈਕ ਵਲੋ ਲਗਾਤਾਰ ਸਿੰਕਜਾ ਕਸਣ ਤੋ ਬਾਅਦ ਚੰਡੀਗੜ੍ਹ ਪੁਲਸ ਨੇ ਛਾਪਾਮਾਰੀ ਕਰਕੇ ਇਸਨੂੰ ਇਸਦੇ ਘਰ ਤੋ ਗ੍ਰਿਫਤਾਰ ਕਰ ਲਿਆ ਹੈ। ਅਧਿਕਾਰੀਆਂ ਨੇ ਦਸਿਆ ਕਿ ਇੰਡੀਅਨ ਓਵਰਸਿਜ ਬੈਂਕ ਤੋ ਜਿਹੜੀ ਰਜਿਸਟਰੀਆਂ ਰਖਕੇ ਇਸਨੇ ਲੋਨ ਕਮ ਲਿਮਟ ਕਰਵਾਈ ਸੀ। ਉਨਾ ਹੀ ਰਜਿਸਟਰੀਆਂ 'ਤੇ ਇਹ ਕੁੱਝ ਸਾਲ ਪਹਿਲਾਂ ਐਚਡੀਬੀ ਐਫਐਸਐਲ (ਐਚਡੀਬੀ ਫਾਈਨਾਂਸ਼ਲ ਸਰਵਿਸ ਲਿਮਟਿਡ) ਤੋ ਵੀ ਕਈ ਕਰੋੜ ਦਾ ਲੋਨ ਲੈ ਚੁਕਿਆ ਹੈ ਤੇ ਉਨਾ ਹੀ ਰਜਿਸਟਰੀਆਂ ਨੂੰ ਫੋਟੋ ਸਟੇਟ ਕਰਵਾ ਕੇ ਜਾਅਲੀ ਬਣਾਕੇ ਉਸ ਬਰਾਂਚ ਮੈਨੇਜਰ ਨਾਲ ਮਿਲਕੇ ਇਸਨੇ ਦੁਬਾਰਾ ਲੋਨ ਕਰਵਾਇਆ ਤੇ ਭਰਿਆ ਹੀ ਨਹੀ।

### ਵੱਖ-ਵੱਖ ਕੋਰਟਾਂ ਵੱਲੋਂ ਕਈ ਕੇਸਾਂ 'ਚ ਹੈ ਪੀਓ ਕਰਾਰ

ਨਿਰਪਾਲ ਬੜ੍ਹਿੰਗ ਨੂੰ ਵੱਖ ਵੱਖ ਮਾਣਯੋਗ ਅਦਾਲਤਾਂ ਨੇ ਵੀ ਪੀਓ ਕਰਾਰ ਦਿੱਤਾ ਹੋਇਆ ਹੈ, ਜਿਸ ਤਹਿਤ ਇਹ 1. ਮਿਤੀ 11.11.2020 ਨੂੰ ਮਾਣਯੋਗ ਅਦਾਲਤ ਭੁਪਿੰਦਰ ਸਿੰਘ ਗਰੇਵਾਲ ਜੁਡੀਸ਼ੀਅਲ ਮੈਜਿਸਟ੍ਰੇਟ ਫਸਟ ਕਲਾਸ ਜਲੰਧਰ ਵੱਲੋਂ ਚੋਪੜਾ ਪਬਲੀਕੇਸ਼ਨ ਹੋਮਸ ਪ੍ਰਾਈਵੇਟ ਲਿਮਟਿਡ ਦੀ ਪਟੀਸ਼ਨ ਦੀ ਸੁਣਵਾਈ ਦੌਰਾਨ ਨਿਰਪਾਲ ਸਿੰਘ ਨੂੰ ਭਗੌੜਾ ਘੋਸ਼ਿਤ ਕੀਤਾ ਗਿਆ। 2. ਮਿਤੀ 07.07.2023 ਨੂੰ ਮੁਕੇਸ਼ ਕੁਮਾਰ ਸਿੰਗਲਾ (ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ) ਐਸਏਐਸ ਨਗਰ ਵੱਲੋਂ ਨਿਰਪਾਲ ਸਿੰਘ ਨੂੰ ਭਗੌੜਾ ਘੋਸ਼ਿਤ ਕਰਕੇ ਇਸ ਦੇ ਖਿਲਾਫ 174-1 ਆਈਪੀਸੀ ਦਾ ਮੁਕੱਦਮਾ ਦਰਜ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। 3. ਮਾਨਯੋਗ ਅਦਾਲਤ ਡਾ ਕੁਸ਼ਲ ਸਿੰਗਲਾ (ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ) ਰਾਜਪੁਰਾ ਵੱਲੋਂ ਮਿਤੀ 12.06.2023 ਨੂੰ ਨਿਰਪਾਲ ਸਿੰਘ ਦੀ ਪਤਨੀ ਰਮਨਦੀਪ ਕੌਰ ਨੂੰ ਭਗੌੜਾ ਘੋਸ਼ਿਤ ਕੀਤਾ ਗਿਆ। 4. ਮਾਨਯੋਗ ਅਦਾਲਤ ਦੇਵਨੂਰ ਸਿੰਘ (ਜੇਐਮਆਈਸੀ) ਮੋਹਾਲੀ ਵੱਲੋਂ ਮੁਕੱਦਮਾ ਨੰਬਰ 6 ਬਾਬਤ ਬਨੂੜ ਮਿਤੀ 18.10.2021 ਨੂੰ ਨਿਰਪਾਲ ਸਿੰਘ ਤੇ ਨਿਰਪਾਲ ਸਿੰਘ ਦੀ ਪਤਨੀ ਰਮਨਦੀਪ ਕੌਰ ਨੂੰ ਭਗੌੜਾ ਘੋਸ਼ਿਤ ਕੀਤਾ ਗਿਆ। 5. ਮਿਤੀ 17-11-2018 ਨੂੰ ਮਾਨਯੋਗ ਅਦਾਲਤ ਦਿਲਜੀਤ ਕੌਰ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਖਰੜ ਵੱਲੋਂ ਨਿਰਪਾਲ ਸਿੰਘ ਨੂੰ ਭਗੌੜਾ ਘੋਸ਼ਿਤ ਕਰਕੇ ਇਸ ਦੇ ਖਿਲਾਫ 174-1 ਆਈਪੀਸੀ ਦਾ ਮੁਕੱਦਮਾ ਦਰਜ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। 6. ਮਿਤੀ 11.06.2019 ਨੂੰ ਮਾਨਯੋਗ ਅਦਾਲਤ ਰੁਚੀ ਕੰਬੋਜ ਜੇਐਮਆਈਸੀ ਐਸਏਐਸ ਨਗਰ ਵੱਲੋਂ ਭਗੌੜਾ ਘੋਸ਼ਿਤ ਕੀਤਾ ਗਿਆ।

## ਐਸ.ਸੀ. ਕਮਿਸ਼ਨ ਨੇ ਰਾਜਾ ਵੜਿੰਗ ਦੇ ਬਿਆਨ ਦਾ ਲਿਆ ਸੂ ਮੋਟੋ ਨੋਟਿਸ

ਚੰਡੀਗੜ੍ਹ, 26 ਮਈ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਵਾਈਰਲ ਵੀਡੀਓ ਦਾ ਸੂ ਮੋਟੋ ਨੋਟਿਸ ਲਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਕੈਬਨਿਟ ਮੰਤਰੀ ਬਲਜੀਤ ਕੌਰ ਵਲੋਂ ਕਮਿਸਨ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਵੋਟਾਂ ਦੇ ਪ੍ਰਚਾਰ ਦੌਰਾਨ ਦਲਿਤ ਜਾਤੀਆਂ ਪ੍ਰਤੀ ਜਾਤੀ ਸੂਚਕ ਸਬਦ ਵਰਤੇ ਗਏ ਹਨ। ਜਿਸ ਸਬੰਧੀ ਕਮਿਸਨ ਨੇ ਸੀਨੀਅਰ ਕਪਤਾਨ ਪੁਲਿਸ ਸ੍ਰੀ ਮੁਕਸਤਰ ਸਾਹਿਬ ਤੋਂ 29 ਮਈ ਨੂੰ ਐਸ.ਪੀ. ਸ੍ਰੀ ਮੁਕਤਸਰ ਸਾਹਿਬ ਰਾਹੀਂ ਰਿਪੋਰਟ ਤਲਬ ਕੀਤੀ ਹੈ ਤੇ ਨਾਲ ਹੀ ਪੁਲਿਸ ਨੂੰ ਹਦਾਇਤ ਕੀਤੀ ਹੈ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਆਵਾਜ ਦੇ ਸੈਂਪਲ ਲੈ ਕੇ ਫੋਰੈਂਸਿਕ ਜਾਂਚ ਕਰਵਾ ਕਮਿਸਨ ਨੂੰ ਰਿਪੋਰਟ ਪੇਸ ਕੀਤੀ ਜਾਵੇ।

## ਨੌਜਵਾਨ ਪੀੜ੍ਹੀ ਨੂੰ ਗੁਰਬਾਣੀ, ਗੁਰਸਿੱਖੀ ਤੇ ਪੰਜਾਬੀ ਨਾਲ ਜੋੜਨ ਲਈ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਗੁਰਮਤਿ ਕੈਂਪ 1 ਜੂਨ ਤੋਂ : ਕਾਲਕਾ

ਨਵੀਂ ਦਿੱਲੀ, 26 ਮਈ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ ਤੇ ਇਸੇ ਮਿਸ਼ਨ ਨੂੰ ਅੱਗੇ ਵਧਾਉਂਦੇ ਹੋਏ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਵਿਸ਼ਾਲ ਗੁਰਮਤਿ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਦਾ ਪੰਜਵਾਂ ਗੁਰਮਤਿ ਕੈਂਪ 1 ਜੂਨ ਤੋਂ ਸ਼ੁਰੂ ਹੋਵੇਗਾ ਤੇ 20-21 ਜੂਨ ਨੂੰ ਇਤਿਹਾਸਕ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਸਮਾਪਤ ਕੀਤਾ ਜਾਵੇਗਾ। ਕਾਲਕਾ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਹ ਮੁੱਢਲੀ ਜ਼ਿੰਮੇਵਾਰੀ ਹੈ ਕਿ ਸਿੱਖ ਬੱਚਿਆਂ ਨੂੰ ਗੁਰਸਿੱਖੀ ਰਹਿਤ ਮਰਿਆਦਾ, ਗੁਰੂ ਸਾਹਿਬਾਨ ਦੀ ਪਵਿੱਤਰ ਬਾਣੀ, ਪੰਜਾਬੀ ਭਾਸ਼ਾ ਤੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਨਾਲ ਜੋੜਿਆ ਜਾਵੇ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾ ਰਿਹਾ ਇਹ ਉਪਰਾਲਾ ਸਿੱਖ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ, ਸੰਸਕਾਰਾਂ ਤੇ ਧਾਰਮਿਕ ਮੁੱਲਾਂ ਨਾਲ ਜੋੜਨ ਵੱਲ ਇੱਕ ਬਹੁਤ ਮਹੱਤਵਪੂਰਨ ਉਪਰਾਲਾ ਹੈ।

ਉਨ੍ਹਾਂ ਦੱਸਿਆ ਕਿ ਇਹ ਗੁਰਮਤਿ ਕੈਂਪ 1 ਤੋਂ 19 ਜੂਨ ਤੱਕ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਤੇ ਵੱਖ-ਵੱਖ ਸਿੰਘ ਸਭਾਵਾਂ ਵਿੱਚ ਆਯੋਜਿਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਚਾਰ ਸਾਲ ਪਹਿਲਾਂ ਜਦੋਂ ਇਨ੍ਹਾਂ ਕੈਂਪਾਂ ਦੀ ਸ਼ੁਰੂਆਤ ਕੀਤੀ ਗਈ ਸੀ ਤਾਂ ਲਗਭਗ 4 ਹਜ਼ਾਰ ਵਿਦਿਆਰਥੀ ਇਸ ਦਾ ਹਿੱਸਾ ਬਣੇ ਸਨ, ਜੋ ਬਾਅਦ ਵਿੱਚ ਵੱਧ ਕੇ 12 ਹਜ਼ਾਰ ਤੇ ਫਿਰ 16 ਹਜ਼ਾਰ ਤੇ ਪਿਛਲੇ ਸਾਲ ਇਹ ਗਿਣਤੀ 20 ਹਜ਼ਾਰ ਸੀ। ਉਨ੍ਹਾਂ ਨੇ ਮਾਣ ਨਾਲ ਕਿਹਾ ਕਿ ਬੱਚਿਆਂ ਵਿੱਚ ਗੁਰਮਤਿ ਕੈਂਪਾਂ ਪ੍ਰਤੀ ਲਗਾਤਾਰ ਦਿਲਚਸਪੀ ਵਧ ਰਹੀ ਹੈ ਤੇ ਇਸ ਵਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੂਰੀ ਉਮੀਦ ਹੈ ਕਿ ਕਰੀਬ 25 ਹਜ਼ਾਰ ਬੱਚੇ ਇਨ੍ਹਾਂ ਕੈਂਪਾਂ ਵਿੱਚ ਭਾਗ ਲੈਣਗੇ। ਕਾਲਕਾ ਨੇ ਦੱਸਿਆ ਕਿ



ਕੈਂਪਾਂ ਦੌਰਾਨ ਵਿਦਿਆਰਥੀਆਂ ਨੂੰ ਗੁਰਮੁਖੀ, ਗੁਰਸਿੱਖ ਜੀਵਨ ਜਾਚ, ਸਿੱਖ ਇਤਿਹਾਸ ਤੇ ਗੁਰੂ ਸਾਹਿਬਾਨ ਦੀ ਬਾਣੀ ਸਬੰਧੀ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇਗੀ, ਤਾਂ ਜੋ ਨੌਜਵਾਨ ਪੀੜ੍ਹੀ ਨੂੰ ਵੱਧ ਤੋਂ ਵੱਧ ਗੁਰਸਿੱਖ ਜੀਵਨ ਨਾਲ ਜੋੜਿਆ ਜਾ ਸਕੇ। ਉਨ੍ਹਾਂ ਸਮੂਹ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਇਨ੍ਹਾਂ ਗੁਰਮਤਿ ਕੈਂਪਾਂ ਦਾ ਜ਼ਰੂਰ ਹਿੱਸਾ ਬਣਾਉਣ ਤਾਂ ਜੋ ਗੁਰਸਿੱਖੀ ਜੀਵਨ ਦਾ ਸੰਦੇਸ਼ ਘਰ-ਘਰ ਤੱਕ ਪਹੁੰਚ ਸਕੇ।

ਉਨ੍ਹਾਂ ਇਹ ਵੀ ਦੱਸਿਆ ਕਿ ਕੈਂਪਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਸਬੰਧੀ ਵਿਸ਼ੇਸ਼ ਪੁਸਤਕਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਕਾਲਕਾ ਨੇ ਕਿਹਾ ਕਿ ਦਿੱਲੀ ਵਿੱਚ 1000 ਤੋਂ ਵੱਧ ਵਲੰਟੀਅਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਹੋਏ ਹਨ, ਜੋ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਦੀ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ। ਇਸ ਮੌਕੇ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਜਸਪ੍ਰੀਤ ਸਿੰਘ ਕਰਮਸਰ ਪ੍ਰਧਾਨ ਧਰਮ ਪ੍ਰਚਾਰ ਕਮੇਟੀ, ਕਮੇਟੀ ਦੇ ਮੈਂਬਰਜ ਤੇ ਸੁਖਦੇਵ ਸਿੰਘ ਰਿਐਤ ਪ੍ਰਧਾਨ ਆਲ ਇੰਡੀਆ ਰਾਮਗੜ੍ਹੀਆ ਵਿਸ਼ਕਰਮਾ ਫੈਡਰੇਸ਼ਨ ਦੇ ਪ੍ਰਧਾਨ ਵੀ ਹਾਜ਼ਰ ਸਨ।

## ਗੈਂਗਸਟਰਾਂ 'ਤੇ ਵਾਰ ਦੇ 126ਵੇਂ ਦਿਨ 509 ਥਾਵਾਂ ਉੱਤੇ ਛਾਪੇਮਾਰੀ ਦੌਰਾਨ 229 ਕਾਬੂ

ਚੰਡੀਗੜ੍ਹ, 26 ਮਈ (ਚ.ਨ.ਸ.): ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ "ਗੈਂਗਸਟਰਾਂ ਤੇ ਵਾਰ" ਦੇ 126ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਤੇ ਮੈਪ ਕੀਤੇ 509 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ 'ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। 126ਵੇਂ ਦਿਨ ਪੁਲਿਸ ਟੀਮਾਂ ਨੇ 229 ਵਿਅਕਤੀਆਂ ਨੂੰ 10 ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 32,187 ਹੋ ਗਈਆਂ। ਇਸ ਤੋਂ ਇਲਾਵਾ 104 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 10 ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ ਤਿੰਨ ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।




ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰ. 93946-93946 ਰਾਹੀਂ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ ਤੇ ਗੈਂਗਸਟਰਾਂ ਬਾਰੇ ਰਿਪੋਰਟ ਕਰ ਸਕਦੇ ਹਨ ਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦਿੱਤੀ ਜਾ ਸਕਦੀ ਹੈ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 451ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 25 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਉਨ੍ਹਾਂ ਦੇ ਕਬਜੇ ਵਿੱਚੋਂ 513 ਗ੍ਰਾਮ ਹੈਰੋਇਨ ਤੇ 20,200 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ ਸਿਰਫ 451 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 65,502 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 4 ਵਿਅਕਤੀਆਂ ਨੂੰ ਨਸ਼ਾ ਛੁਡਾਊ ਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

## ਸੰਪਾਦਕੀ

# ਭਾਰਤ-ਅਮਰੀਕਾ ਸਮਝੌਤਾ

ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ ਲਈ ਗੱਲਬਾਤ ਪਿਛਲੇ ਕਈ ਮਹੀਨਿਆਂ ਤੋਂ ਟੁਕੜਿਆਂ ਵਿੱਚ ਚੱਲ ਰਹੀ ਹੈ, ਪਰ ਉਹ ਅਜੇ ਤੱਕ ਕਿਸੇ ਅੰਤਿਮ ਨਤੀਜੇ 'ਤੇ ਨਹੀਂ ਪਹੁੰਚ ਸਕੇ ਹਨ। ਇਸ ਸੰਦਰਭ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਆਪਣੀ ਹਾਲੀਆ ਭਾਰਤ ਫੇਰੀ ਦੌਰਾਨ, ਇੱਕ ਵਾਰ ਫਿਰ ਕੁਝ ਨਵੇਂ ਸੰਕੇਤ ਦਿੱਤੇ, ਜੋ ਇਸ ਮੁੱਦੇ 'ਤੇ ਪ੍ਰਗਤੀ ਲਈ ਇੱਕ ਢਾਂਚਾ ਸੁਝਾਉਂਦੇ ਹਨ। ਜਦੋਂ ਕਿ ਦੋਵਾਂ ਧਿਰਾਂ ਲਈ ਆਪਣੇ-ਆਪਣੇ ਹਿੱਤਾਂ ਦੇ ਆਧਾਰ 'ਤੇ ਵਪਾਰਕ ਗੱਲਬਾਤ ਵਿੱਚ ਦਬਾਅ ਪਾਉਣਾ ਸੁਭਾਵਿਕ ਹੈ ਪਰ ਅਮਰੀਕਾ ਨੇ ਹਾਲ ਹੀ ਦੇ ਸਮੇਂ ਵਿੱਚ ਜੋ ਇਕਪਾਸੜ ਮਾਪਦੰਡ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਹ ਕਈ ਤਰੀਕਿਆਂ ਨਾਲ ਭਾਰਤ ਲਈ ਅਸਵੀਕਾਰਨਯੋਗ ਹਨ। ਇਹੀ ਕਾਰਨ ਹੈ ਕਿ ਅਜੇ ਤੱਕ ਅੰਤਿਮ ਸਮਝੌਤਾ ਨਹੀਂ ਹੋਇਆ ਹੈ। ਹੁਣ, ਅਮਰੀਕੀ ਪੱਖ 'ਤੇ ਆਪਸੀ ਹਿੱਤਾਂ ਨੂੰ ਯਕੀਨੀ ਬਣਾਉਣ 'ਤੇ ਰੂਬੀਓ ਦੇ ਜ਼ੋਰ ਨੇ ਸਕਾਰਾਤਮਕ ਪ੍ਰਗਤੀ ਦੀਆਂ ਉਮੀਦਾਂ ਜਗਾਈਆਂ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤੀ ਵਿਦੇਸ਼ ਮੰਤਰੀ ਨਾਲ ਵਿਆਪਕ ਗੱਲਬਾਤ ਤੋਂ ਬਾਅਦ, ਰੂਬੀਓ ਨੇ ਕਿਹਾ ਕਿ ਵਪਾਰ ਸਮਝੌਤਾ ਦੋਵਾਂ ਦੇਸ਼ਾਂ ਲਈ ਲਾਹੇਵੰਦ ਅਤੇ ਟਿਕਾਊ ਹੋਵੇਗਾ ਅਤੇ ਅਮਰੀਕਾ ਅਤੇ ਭਾਰਤ ਦੇ ਆਪਸੀ ਹਿੱਤਾਂ ਨੂੰ ਅੱਗੇ ਵਧਾਏਗਾ। ਅਮਰੀਕਾ ਦੇ ਇਹ ਸੰਕੇਤ ਕੁਝ ਸਮੇਂ ਤੋਂ ਚੱਲ ਰਹੇ ਆਰਥਿਕ ਮੁੱਦਿਆਂ ਦੇ ਆਲੇ ਦੁਆਲੇ ਦੇ ਤਣਾਅ ਨੂੰ ਘੱਟ ਕਰਨ ਦੇ ਸਾਧਨ ਵਜੋਂ ਕੰਮ ਕਰ ਸਕਦੇ ਹਨ, ਪਰ ਇਹ ਦੇਖਣਾ ਬਾਕੀ ਹੈ ਕਿ ਕੀ ਅੰਤਿਮ ਵਪਾਰ ਸਮਝੌਤਾ ਆਪਸੀ ਅਤੇ ਬਰਾਬਰ ਹਿੱਤ ਦੇ ਸਿਧਾਂਤ 'ਤੇ ਅਧਾਰਤ ਹੈ। ਇਹ ਕੋਈ ਗੁਪਤ ਗੱਲ ਨਹੀਂ ਹੈ ਕਿ ਅਮਰੀਕਾ ਨੇ ਕੁਝ ਮਹੀਨੇ ਪਹਿਲਾਂ ਦੂਜੇ ਦੇਸ਼ਾਂ ਤੋਂ ਆਯਾਤ 'ਤੇ 25 ਤੋਂ 50 ਪ੍ਰਤੀਸ਼ਤ ਤੱਕ ਟੈਰਿਫ ਲਗਾ ਕੇ ਸਥਿਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਸਟੈਂਡ ਨੇ ਦੁਨੀਆ ਭਰ ਵਿੱਚ ਵਪਾਰ ਯੁੱਧ ਵਰਗੀ ਸਥਿਤੀ ਪੈਦਾ ਕਰ ਦਿੱਤੀ। ਅਮਰੀਕਾ ਨੇ ਭਾਰਤ 'ਤੇ ਸ਼ਰਤਾਂ ਲਗਾਈਆਂ, ਖਾਸ ਕਰਕੇ ਤੇਲ ਖਰੀਦਦਾਰੀ ਦੇ ਸੰਬੰਧ ਵਿੱਚ ਅਤੇ ਰੂਸ ਤੋਂ ਤੇਲ ਖਰੀਦਦਾਰੀ 'ਤੇ ਟੈਰਿਫ ਵਧਾਉਣ 'ਤੇ ਜ਼ੋਰ ਦੇਣ ਨਾਲ, ਇਸ ਮੁੱਦੇ 'ਤੇ ਆਪਣੀ ਇੱਛਾ ਥੋਪਣ ਦੇ ਆਪਣੇ ਇਰਾਦੇ ਨੂੰ ਸਪੱਸ਼ਟ ਤੌਰ 'ਤੇ ਦਰਸਾਇਆ। ਇਹ ਸਟੈਂਡ ਕਿਸੇ ਵੀ ਤਰ੍ਹਾਂ ਆਪਸੀ ਅਤੇ ਬਰਾਬਰ ਹਿੱਤ ਨੂੰ ਯਕੀਨੀ ਬਣਾਉਣ ਦੇ ਇਰਾਦੇ ਨਾਲ ਮੇਲ ਨਹੀਂ ਖਾਂਦਾ। ਅਮਰੀਕਾ ਇਹ ਸੁਨੇਹਾ ਦੇਣਾ ਜਾਰੀ ਰੱਖਦਾ ਹੈ ਕਿ ਉਹ ਭਾਰਤ ਨੂੰ ਜਿੰਨਾ ਚਾਹੇ ਤੇਲ ਪ੍ਰਦਾਨ ਕਰਨ ਲਈ ਤਿਆਰ ਹੈ। ਸਵਾਲ ਇਹ ਹੈ ਕਿ ਜੇਕਰ ਭਾਰਤ ਤੇਲ ਲਈ ਸਿਰਫ ਅਮਰੀਕਾ 'ਤੇ ਨਿਰਭਰ ਹੋ ਜਾਂਦਾ ਹੈ ਤਾਂ ਇਸਦੇ ਨਤੀਜੇ ਕੀ ਹੋਣਗੇ? ਅਮਰੀਕਾ ਇੱਕ ਵਿਕਲਪ ਹੋ ਸਕਦਾ ਹੈ, ਪਰ ਆਪਣੀਆਂ ਊਰਜਾ ਜ਼ਰੂਰਤਾਂ ਨੂੰ ਸੁਰੱਖਿਅਤ ਕਰਨ ਲਈ, ਭਾਰਤ ਨੂੰ ਦੂਜੇ ਦੇਸ਼ਾਂ ਤੋਂ ਵਿਆਪਕ ਅਤੇ ਵਧੇਰੇ ਭਰੋਸੇਮੰਦ ਸਰੋਤਾਂ ਤੱਕ ਵੀ ਖੁੱਲ੍ਹੀ ਪਹੁੰਚ ਰੱਖਣੀ ਚਾਹੀਦੀ ਹੈ, ਜੋ ਕਿ ਬਿਹਤਰ ਅਤੇ ਸਸਤੇ ਹਨ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ ਅਤੇ ਹੋਰਮੁਜ਼ ਜਲਡਮਰੂ ਰਾਹੀਂ ਸਪਲਾਈ ਲੜੀ ਦੇ ਵਿਘਨ ਕਾਰਨ ਪੈਦਾ ਹੋਏ ਡੂੰਘੇ ਸੰਕਟ ਬਾਰੇ ਸਭ ਜਾਣਦੇ ਹਨ। ਇਸ ਦੇ ਆਧਾਰ 'ਤੇ ਸਰਕਾਰ ਤੇਲ ਅਤੇ ਗੈਸ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਕਰ ਰਹੀ ਹੈ, ਜਿਸ ਨਾਲ ਆਮ ਲੋਕਾਂ 'ਤੇ ਬੋਝ ਵਧ ਰਿਹਾ ਹੈ। ਜੇਕਰ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਗੱਲਬਾਤ ਇਨ੍ਹਾਂ ਨਵੀਆਂ ਸਥਿਤੀਆਂ ਵਿੱਚ ਅੱਗੇ ਵਧਦੀ ਹੈ ਤਾਂ ਇਹ ਯਕੀਨੀ ਬਣਾਉਣਾ ਜ਼ਰੂਰੀ ਹੋਵੇਗਾ ਕਿ ਉਹ ਆਪਸੀ ਹਿੱਤਾਂ ਦੇ ਸਿਧਾਂਤਾਂ 'ਤੇ ਅਧਾਰਤ ਹੋਣ। ਜਦੋਂ ਕਿ ਅਮਰੀਕਾ ਵਿਦੇਸ਼ ਨੀਤੀ ਦੇ ਮਾਮਲਿਆਂ ਵਿੱਚ ਆਪਣੇ ਆਪ ਨੂੰ ਤਰਜੀਹ ਦਿੰਦਾ ਹੈ, ਭਾਰਤ ਲਈ ਇਹ ਉਚਿਤ ਹੈ ਕਿ ਉਹ ਆਪਣੇ ਹਿੱਤਾਂ ਨੂੰ ਵੀ ਸਭ ਤੋਂ ਉੱਪਰ ਸਮਝੇ।

-ਜਗਜੀਤ ਸਿੰਘ ਦਰਦੀ

# 2026 'ਕੁਆਡ' ਦਾ ਨਵੀਂ ਦਿੱਲੀ ਐਲਾਨਨਾਮਾ, ਪਹਿਲਗਾਮ ਹਮਲੇ ਦੀ ਨਿਖੇਧੀ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਬਦਲਦਾ ਸ਼ਕਤੀ ਸੰਤੁਲਨ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**☛ਅੱਜ ਇਹ ਰਾਜਨੀਤਿਕ ਦਸਤਾਵੇਜ਼ ਨਹੀਂ, ਸਗੋਂ ਭਵਿੱਖ ਦੀ ਵਿਸ਼ਵ ਰਣਨੀਤੀ ਦਾ ਖਾਕਾ**
**☛2026 ਦੀ ਕੁਆਡ ਮੀਟਿੰਗ ਅਤੇ ਨਵੀਂ ਦਿੱਲੀ ਘੋਸ਼ਣਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਹਿੰਦ-ਪ੍ਰਸ਼ਾਂਤ ਖੇਤਰ ਦੀ ਰਾਜਨੀਤੀ ਹੁਣ ਨਵੇਂ ਦੌਰ ਵਿੱਚ ਦਾਖਲ ਹੋ ਚੁੱਕੀ ਹੈ**

26 ਮਈ 2026 ਦੀ ਕੁਆਡ ਮੀਟਿੰਗ ਅਤੇ ਇਸ ਨਾਲ ਜੁੜੇ ਨਵੀਂ ਦਿੱਲੀ ਐਲਾਨਨਾਮੇ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਹੁਣ ਕੁਆਡ ਕੇਵਲ ਸਮੁੰਦਰੀ ਸੁਰੱਖਿਆ ਤੱਕ ਸੀਮਿਤ ਨਹੀਂ ਰਹਿਣਾ ਚਾਹੁੰਦਾ। ਇਸ ਦਾ ਦਾਇਰਾ ਊਰਜਾ ਸੁਰੱਖਿਆ, ਕ੍ਰਿਟੀਕਲ ਮਿਨਰਲਜ਼, ਸਪਲਾਈ ਚੇਨ, ਅਤਿਵਾਦ ਵਿਰੋਧੀ ਸਹਿਯੋਗ, ਤਕਨਾਲੋਜੀ ਅਤੇ ਰੀਅਲ-ਟਾਈਮ ਸਮੁੰਦਰੀ ਨਿਗਰਾਨੀ ਤੱਕ ਫੈਲ ਗਿਆ ਹੈ।

ਅੱਜ ਹਿੰਦ-ਪ੍ਰਸ਼ਾਂਤ ਖੇਤਰ 21ਵੀਂ ਸਦੀ ਦੀ ਵਿਸ਼ਵ ਰਾਜਨੀਤੀ ਦਾ ਕੇਂਦਰ ਬਣ ਚੁੱਕਾ ਹੈ। ਦੁਨੀਆ ਦੀ ਸਭ ਤੋਂ ਵੱਡੀ ਵਪਾਰਕ ਆਵਾਜਾਈ, ਊਰਜਾ ਸਪਲਾਈ, ਡਿਜ਼ੀਟਲ ਸੰਚਾਰ ਅਤੇ ਸੈਨਿਕ ਰਣਨੀਤੀਆਂ ਹੁਣ ਇਸ ਖੇਤਰ ਦੇ ਆਲੇ-ਦੁਆਲੇ ਘੁੰਮ ਰਹੀਆਂ ਹਨ। ਇਹ ਮੀਟਿੰਗ ਇਸ ਕਰਕੇ ਵੀ ਮਹੱਤਵਪੂਰਨ ਸੀ ਕਿ ਇਸ ਵਿੱਚ ਅਪ੍ਰੈਲ 2025 ਦੇ ਪਹਿਲਗਾਮ ਅਤਿਵਾਦੀ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਗਈ। ਇਹ ਕੇਵਲ ਇੱਕ ਰਾਜਨੀਤਿਕ ਬਿਆਨ ਨਹੀਂ ਸੀ; ਇਹ ਸੰਦੇਸ਼ ਸੀ ਕਿ ਹੁਣ ਸਰਹੱਦ ਪਾਰ ਅਤਿਵਾਦ ਨੂੰ ਵਿਸ਼ਵ ਸੁਰੱਖਿਆ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਕੁਆਡ ਦੀ ਪੈਦਾਇਸ਼ ਸੁਨਾਮੀ ਤੋਂ ਰਣਨੀਤਿਕ ਗਠਜੋੜ ਤੱਕ ਕੁਆਡ ਦੀ ਸ਼ੁਰੂਆਤ 2004 ਦੀ ਸੁਨਾਮੀ ਤੋਂ ਬਾਅਦ ਹੋਈ ਮਨੁੱਖੀ ਸਹਾਇਤਾ ਕਾਰਵਾਈ ਤੋਂ ਹੋਈ ਸੀ। ਉਸ ਵੇਲੇ ਭਾਰਤ, ਅਮਰੀਕਾ, ਜਪਾਨ ਅਤੇ ਆਸਟ੍ਰੇਲੀਆ ਨੇ ਮਿਲ ਕੇ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਮੁਹਿੰਮ ਚਲਾਈ। ਇਸ ਸਹਿਯੋਗ ਨੇ ਇੱਕ ਨਵੀਂ ਰਣਨੀਤਿਕ ਸੋਚ ਨੂੰ ਜਨਮ ਦਿੱਤਾ।

2007 ਵਿੱਚ ਜਪਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਨੇ ਦੋ ਸਮੁੰਦਰਾਂ ਦਾ ਮਿਲਾਪ ਵਾਲਾ ਵਿਚਾਰ ਪੇਸ਼ ਕੀਤਾ, ਜਿਸ ਵਿੱਚ ਹਿੰਦ ਮਹਾਂਸਾਗਰ ਅਤੇ ਪ੍ਰਸ਼ਾਂਤ ਮਹਾਂਸਾਗਰ ਨੂੰ ਇੱਕ ਸਾਂਝੇ ਰਣਨੀਤਿਕ ਖੇਤਰ ਵਜੋਂ ਦੇਖਿਆ ਗਿਆ। ਇਥੋਂ ਇੰਡੋ-ਪੈਸੀਫਿਕ ਦੀ ਧਾਰਨਾ ਮਜ਼ਬੂਤ ਹੋਈ ਹਾਲਾਂਕਿ ਸ਼ੁਰੂ ਵਿੱਚ ਕੁਆਡ ਕਾਫ਼ੀ ਹੱਦ ਤੱਕ ਠੰਢਾ ਪੈ ਗਿਆ ਸੀ, ਪਰ ਚੀਨ ਦੀ ਵਧਦੀ ਸਮੁੰਦਰੀ ਅਤੇ ਆਰਥਿਕ ਦਖ਼ਲਅੰਦਾਜ਼ੀ ਨੇ ਇਸ ਗਠਜੋੜ ਨੂੰ ਮੁੜ ਜ਼ਿੰਦਾ ਕੀਤਾ। ਦੱਖਣੀ ਚੀਨ ਸਮੁੰਦਰ ਵਿੱਚ ਚੀਨ ਦੀਆਂ ਕਾਰਵਾਈਆਂ, ਬੈਲਟ ਐਂਡ ਰੋਡ ਇਨੀਸ਼ੀਏਟਿਵ, ਤਾਇਵਾਨ ਮਾਮਲਾ ਅਤੇ ਸਪਲਾਈ ਚੇਨ ਉੱਤੇ ਨਿਰਭਰਤਾ ਨੇ ਇਨ੍ਹਾਂ ਲੋਕਤੰਤਰਕ ਦੇਸ਼ਾਂ ਨੂੰ ਹੋਰ ਨੇੜੇ ਲਿਆ ਦਿੱਤਾ ਹੈ। ਇਥੇ ਨਵੀਂ ਦਿੱਲੀ ਐਲਾਨਨਾਮਾ ਇੱਕ ਨਵੀਂ ਰਣਨੀਤਿਕ ਰੂਪਰੇਖਾ ਨਾਲ 2026 ਦੀ ਮੀਟਿੰਗ ਵਿੱਚ ਜੋ ਨਵੀਂ ਦਿੱਲੀ ਘੋਸ਼ਣਾ ਸਾਹਮਣੇ ਆਈ, ਉਹ ਸਿਰਫ਼ ਇੱਕ ਰਾਜਨੀਤਿਕ ਦਸਤਾਵੇਜ਼ ਨਹੀਂ, ਸਗੋਂ ਭਵਿੱਖ ਦੀ ਵਿਸ਼ਵ ਰਣਨੀਤੀ ਦਾ ਖਾਕਾ ਹੈ। ਇਸ ਘੋਸ਼ਣਾ ਦੇ ਕੁਝ ਮੁੱਖ ਤੱਤ ਇਹ ਹਨ। ਹਿੰਦ-ਪ੍ਰਸ਼ਾਂਤ ਊਰਜਾ ਸੁਰੱਖਿਆ ਪਹਿਲ ਤੇ ਦੁਨੀਆ ਇਸ ਵੇਲੇ ਊਰਜਾ ਸੰਕਟ ਦੇ ਨਵੇਂ ਦੌਰ ਵਿੱਚੋਂ ਗੁਜ਼ਰ ਰਹੀ ਹੈ। ਰੂਸ-ਯੂਕਰੇਨ ਜੰਗ, ਮੱਧ-ਪੂਰਬ ਵਿੱਚ ਅਸਥਿਰਤਾ ਅਤੇ ਸਮੁੰਦਰੀ ਰਸਤੇ ਦੀਆਂ ਚੁਣੌਤੀਆਂ ਨੇ ਵਿਸ਼ਵ ਊਰਜਾ ਬਾਜ਼ਾਰ ਨੂੰ ਹਿਲਾ ਦਿੱਤਾ ਹੈ।

ਅੱਜ ਇਸ ਸਥਿਤੀ ਵਿੱਚ ਕੁਆਡ ਨੇ ਹਿੰਦ-ਪ੍ਰਸ਼ਾਂਤ ਊਰਜਾ ਸੁਰੱਖਿਆ ਪਹਿਲ ਸ਼ੁਰੂ ਕੀਤੀ ਹੈ । ਇਸ ਦਾ ਮਕਸਦ ਇਹ ਹੈ ਕਿ ਮੈਂਬਰ ਦੇਸ਼ ਆਪਣੀ ਤਕਨਾਲੋਜੀ, ਡਾਟਾ, ਸਟੋਰੇਜ ਸਮਰੱਥਾ ਅਤੇ ਐਮਰਜੈਂਸੀ ਪ੍ਰਤੀਕਿਰਿਆ ਤੰਤਰ ਨੂੰ ਸਾਂਝਾ ਕਰਨ 'ਤੇ ਇਸ ਦੇ ਤਿੰਨ ਵੱਡੇ ਮਕਸਦ ਹਨ। ਊਰਜਾ ਸਪਲਾਈ ਵਿੱਚ ਰੁਕਾਵਟਾਂ ਨੂੰ ਘਟਾਉਣਾ, ਗ੍ਰੀਨ ਊਰਜਾ ਵੱਲ ਤਬਦੀਲੀ ਨੂੰ ਤੇਜ਼ ਕਰਨਾ ਤੇ ਚੀਨ ਅਤੇ ਰੂਸ ਉੱਤੇ ਨਿਰਭਰਤਾ ਘਟਾਉਣਾ।

ਅੱਜ ਇਹ ਪਹਿਲ ਦਰਸਾਉਂਦੀ ਹੈ ਕਿ ਹੁਣ ਊਰਜਾ ਵੀ ਰਾਸ਼ਟਰੀ ਸੁਰੱਖਿਆ ਦਾ ਹਿੱਸਾ ਬਣ ਚੁੱਕੀ ਹੈ। ਕ੍ਰਿਟੀਕਲ ਮਿਨਰਲਜ਼ ਭਵਿੱਖ ਦੀ ਜੰਗ ਖਣਿਜਾਂ ਉੱਤੇ ਅੱਜ ਦੀ ਦੁਨੀਆ ਵਿੱਚ ਲਿਥੀਅਮ, ਕੋਬਾਲਟ, ਨਿਕਲ ਅਤੇ ਰੇਅਰ ਅਰਥ ਮਿਨਰਲਜ਼ ਨੂੰ ਨਵਾਂ ਤੇਲ ਕਿਹਾ ਜਾ ਰਿਹਾ ਹੈ। ਇਲੈਕਟ੍ਰਿਕ ਵਾਹਨ, ਸੈਮੀਕੰਡਕਟਰ, ਬੈਟਰੀਆਂ ਅਤੇ ਡਿਜ਼ੀਟਲ ਤਕਨਾਲੋਜੀ ਇਨ੍ਹਾਂ ਉੱਤੇ ਨਿਰਭਰ ਕਰਦੀ ਹੈ।

ਅੱਜ ਇਸ ਖੇਤਰ ਵਿੱਚ ਚੀਨ ਦੀ ਵੱਡੀ ਪਕੜ ਹੈ। ਕੁਆਡ ਨੇ ਕੁਆਡ ਕ੍ਰਿਟੀਕਲ ਮਿਨਰਲਜ਼ ਇਨੀਸ਼ੀਏਟਿਵ ਫ੍ਰੇਮਵਰਕ ਰਾਹੀਂ ਇਸ ਨਿਰਭਰਤਾ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਨਾਲ ਭਾਰਤ ਨੂੰ ਖਾਸ ਲਾਭ ਹੋ ਸਕਦਾ ਹੈ। ਭਾਰਤ ਆਪਣੇ ਸੈਮੀਕੰਡਕਟਰ ਅਤੇ ਇਲੈਕਟ੍ਰਿਕ ਵਾਹਨ ਉਦਯੋਗ ਨੂੰ ਵਧਾਉਣਾ ਚਾਹੁੰਦਾ ਹੈ। ਜੇ ਕੁਆਡ ਦੇਸ਼ ਮਿਲ ਕੇ ਇੱਕ ਭਰੋਸੇਯੋਗ ਮਿਨਰਲ ਨੈੱਟਵਰਕ ਬਣਾਉਂਦੇ ਹਨ ਤਾਂ ਭਾਰਤ ਗਲੋਬਲ ਮੈਨੂਫੈਕਚਰਿੰਗ ਹੱਬ ਵਜੋਂ ਉਭਰ ਸਕਦਾ ਹੈ।

ਇਸ ਮੌਕੇ 'ਤੇ ਪਹਿਲਗਾਮ ਹਮਲੇ ਦੀ ਨਿਖੇਧੀ ਭਾਰਤ ਲਈ ਕੂਟਨੀਤਿਕ ਜਿੱਤ ਹੈ। ਅਪ੍ਰੈਲ 2025 ਵਿੱਚ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਨੇ ਭਾਰਤ ਨੂੰ ਝੰਜੋੜ ਦਿੱਤਾ ਸੀ। ਕੁਆਡ ਦੇ ਸਾਂਝੇ ਬਿਆਨ ਵਿੱਚ ਇਸ ਹਮਲੇ ਦੀ ਨਿਖੇਧੀ ਹੋਣਾ ਕਈ ਪੱਖੋਂ ਮਹੱਤਵਪੂਰਨ ਹੈ। ਪਹਿਲਾਂ, ਇਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਕੁਆਡ ਹੁਣ ਸਿਰਫ਼ ਸਮੁੰਦਰੀ ਜਾਂ ਆਰਥਿਕ ਗਠਜੋੜ ਨਹੀਂ ਰਿਹਾ, ਸਗੋਂ ਅਤਿਵਾਦ ਵਿਰੁੱਧ ਵੀ ਇੱਕ ਸਾਂਝਾ ਮੰਚ ਬਣਦਾ ਜਾ ਰਿਹਾ ਹੈ।

ਦੂਜਾ, ਸਰਹੱਦ ਪਾਰ ਅਤਿਵਾਦ ਸ਼ਬਦ ਦੀ ਵਰਤੋਂ ਭਾਰਤ ਦੇ ਸੁਰੱਖਿਆ ਨੈਰੇਟਿਵ ਨੂੰ ਅੰਤਰਰਾਸ਼ਟਰੀ ਮੰਚ ਉੱਤੇ ਮਜ਼ਬੂਤੀ ਦਿੰਦੀ ਹੈ। ਤੀਜਾ, ਇਸ ਨਾਲ ਪਾਕਿਸਤਾਨ ਉੱਤੇ ਕੂਟਨੀਤਿਕ ਦਬਾਅ ਵਧਦਾ ਹੈ ਕਿ ਉਹ ਆਪਣੀ ਧਰਤੀ ਤੋਂ ਚੱਲ ਰਹੇ ਅਤਿਵਾਦੀ ਨੈੱਟਵਰਕਾਂ ਵਿਰੁੱਧ ਕਾਰਵਾਈ ਕਰੇ। ਇਹ ਭਾਰਤ ਦੀ ਕੂਟਨੀਤੀ ਦੀ ਵੱਡੀ ਸਫਲਤਾ ਹੈ ਕਿ ਉਸਦੇ ਸੁਰੱਖਿਆ ਮੁੱਦੇ ਹੁਣ ਵਿਸ਼ਵ ਸੁਰੱਖਿਆ ਚਰਚਾ ਦਾ ਹਿੱਸਾ ਬਣ ਰਹੇ ਹਨ।

ਅੱਜ ਸਮੁੰਦਰੀ ਸੁਰੱਖਿਆ ਹਿੰਦ ਮਹਾਂਸਾਗਰ ਵਿੱਚ ਨਵਾਂ ਸ਼ਕਤੀ ਸੰਤੁਲਨ ਕੁਆਡ ਦੀ ਸਭ ਤੋਂ ਵੱਡੀ ਚਿੰਤਾ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸਮੁੰਦਰੀ ਸੁਰੱਖਿਆ ਹੈ। ਦੁਨੀਆ ਦਾ ਲਗਭਗ 60 ਪ੍ਰਤੀਸ਼ਤ ਵਪਾਰ ਅਤੇ ਵੱਡਾ ਊਰਜਾ ਆਵਾਜਾਈ ਨੈੱਟਵਰਕ ਇਥੋਂ ਲੰਘਦਾ ਹੈ। ਚੀਨ ਨੇ ਦੱਖਣੀ ਚੀਨ ਸਮੁੰਦਰ ਵਿੱਚ ਆਪਣੀ ਫੌਜੀ ਮੌਜੂਦਗੀ ਵਧਾਈ ਹੈ। ਨਾਲ ਹੀ ਹਿੰਦ ਮਹਾਂਸਾਗਰ ਵਿੱਚ ਵੀ ਉਸਦੀ ਸਰਗਰਮੀ ਵਧ ਰਹੀ ਹੈ। ਇਸਦੇ ਜਵਾਬ ਵਜੋਂ ਕੁਆਡ ਨੇ IPMDA — ਇੰਡੋ-ਪੈਸੀਫਿਕ ਪਾਰਟਨਰਸ਼ਿਪ ਫਾਰ ਮੈਰੀਟਾਈਮ ਡੋਮੇਨ ਅਵੇਅਰਨੈੱਸ ਨੂੰ ਹੋਰ ਮਜ਼ਬੂਤ ਕਰਨ ਦਾ ਫੈਸਲਾ ਕੀਤਾ ਹੈ। ਇਸਦੇ ਨਾਲ ਇੰਡੋ-ਪੈਸੀਫਿਕ ਮੈਰੀਟਾਈਮ ਸਰਵਿਲੈਂਸ ਕੋਆਪਰੇਸ਼ਨ ਦੀ ਨਵੀਂ ਪਹਿਲ ਇੱਕ ਤਕਨੀਕੀ ਕਦਮ ਹੈ। ਇਸ ਨਾਲ ਰੀਅਲ-ਟਾਈਮ ਡਾਟਾ ਸਾਂਝਾ ਕੀਤਾ ਜਾਵੇਗਾ ਅਤੇ ਜਹਾਜ਼ਾਂ ਦੀ ਗਤੀਵਿਧੀ ਉੱਤੇ ਸਾਂਝੀ ਨਿਗਰਾਨੀ ਹੋਵੇਗੀ। ਚੀਨ ਅਤੇ ਕੁਝ ਹੋਰ ਦੇਸ਼ ਅਕਸਰ ਦਾਅਵਾ ਕਰਦੇ ਹਨ ਕਿ ਕੁਆਡ ਇੱਕ ਏਸ਼ੀਆਈ NATO ਬਣ ਰਿਹਾ ਹੈ ਪਰ ਕੁਆਡ ਦੇਸ਼ ਇਸ ਦਾਅਵੇ ਨੂੰ ਰੱਦ ਕਰਦੇ ਹਨ। ਅਸਲ ਵਿੱਚ ਕੁਆਡ ਕੋਈ ਸੈਨਿਕ ਗਠਜੋੜ ਨਹੀਂ। ਇਸਦਾ ਕੋਈ ਸਾਂਝਾ ਰੱਖਿਆ ਸੰਧੀ ਤੰਤਰ ਨਹੀਂ ਹੈ। ਪਰ ਇਹ ਵੀ ਸੱਚ ਹੈ ਕਿ ਸਮੇਂ ਦੇ ਨਾਲ ਇਸਦੀ ਰਣਨੀਤਿਕ ਮਹੱਤਤਾ ਵਧਦੀ ਜਾ ਰਹੀ ਹੈ।

ਅੱਜ ਮਲਾਬਾਰ ਨੌਸੈਨਿਕ ਅਭਿਆਸ, ਤਕਨੀਕੀ ਸਹਿਯੋਗ, ਸਾਇਬਰ ਸੁਰੱਖਿਆ ਅਤੇ ਸਮੁੰਦਰੀ ਨਿਗਰਾਨੀ ਨੇ ਇਸਨੂੰ ਇੱਕ ਮਜ਼ਬੂਤ ਰਣਨੀਤਿਕ ਮੰਚ ਬਣਾ ਦਿੱਤਾ ਹੈ। ਇਸ ਲਈ ਕਹਿ ਸਕਦੇ ਹਾਂ ਕਿ ਕੁਆਡ ਨਾਟੋ ਨਹੀਂ, ਪਰ ਇਹ ਇੱਕ ਸੁਰੱਖਿਆ ਭਾਈਚਾਰਾ ਜ਼ਰੂਰ ਬਣਦਾ ਜਾ ਰਿਹਾ ਹੈ।ਅੱਜ ਭਾਰਤ ਲਈ ਕੁਆਡ ਦੀ ਮਹੱਤਤਾ ਤੇ ਭਾਰਤ ਲਈ ਕੁਆਡ ਕਈ ਪੱਖੋਂ ਮਹੱਤਵਪੂਰਨ ਹੈ। ਭਾਰਤ ਨੂੰ ਚੀਨ ਦੀ ਵਧਦੀ ਤਾਕਤ ਦਾ ਮੁਕਾਬਲਾ ਕਰਨ ਲਈ ਸਹਿਯੋਗੀ ਮਿਲਦੇ ਹਨ। ਆਰਥਿਕ ਲਾਭ ਵਿੱਚ ਸਪਲਾਈ ਚੇਨ ਅਤੇ ਮਿਨਰਲਜ਼ ਖੇਤਰ ਵਿੱਚ ਨਿਵੇਸ਼ ਨਾਲ ਭਾਰਤ ਦੀ ਮੈਨੂਫੈਕਚਰਿੰਗ ਸਮਰੱਥਾ ਵਧ ਸਕਦੀ ਹੈ। ਤਕਨੀਕੀ ਲਾਭ AI, ਸੈਮੀਕੰਡਕਟਰ ਅਤੇ ਸਮੁੰਦਰੀ ਤਕਨਾਲੋਜੀ ਵਿੱਚ ਸਹਿਯੋਗ ਭਾਰਤ ਨੂੰ ਡਿਜ਼ੀਟਲ ਤਾਕਤ ਬਣਾਉਣ ਵਿੱਚ ਮਦਦ ਕਰ ਸਕਦਾ ਹੈ।

ਕੂਟਨੀਤਿਕ ਤੌਰ 'ਤੇ ਭਾਰਤ ਹੁਣ ਇੱਕ ਬੈਲੈਂਸਿੰਗ ਪਾਵਰ ਵਜੋਂ ਉਭਰ ਰਿਹਾ ਹੈ ਜੋ ਪੱਛਮ ਅਤੇ ਗਲੋਬਲ ਦੱਖਣ ਦੋਵਾਂ ਨਾਲ ਸੰਬੰਧ ਬਣਾਈ ਰੱਖਦਾ ਹੈ। ਅੱਜ ਕੁਆਡ ਸਾਹਮਣੇ ਚੁਣੌਤੀਆਂ ਭਾਵੇਂ ਕੁਆਡ ਦੀ ਮਹੱਤਤਾ ਵਧ ਰਹੀ ਹੈ, ਪਰ ਇਸਦੇ ਸਾਹਮਣੇ ਕਈ ਚੁਣੌਤੀਆਂ ਵੀ ਹਨ। ਮੈਂਬਰ ਦੇਸ਼ਾਂ ਦੇ ਵੱਖਰੇ ਹਿਤ ਅਮਰੀਕਾ ਚੀਨ ਨੂੰ ਰੋਕਣਾ ਚਾਹੁੰਦਾ ਹੈ, ਜਦਕਿ ਭਾਰਤ ਆਪਣੀ ਰਣਨੀਤਿਕ ਖੁਦਮੁਖਤਿਆਰੀ ਕਾਇਮ ਰੱਖਣਾ ਚਾਹੁੰਦਾ ਹੈ।

ਚੀਨ ਕੁਆਡ ਨੂੰ ਆਪਣੇ ਵਿਰੁੱਧ ਘੇਰਾਬੰਦੀ ਮੰਨਦਾ ਹੈ ਅਤੇ ਇਸਦਾ ਵਿਰੋਧ ਕਰਦਾ ਹੈ। ਆਰਥਿਕ ਨਿਰਭਰਤਾ ਵਿੱਚ ਕਈ ਕੁਆਡ ਦੇਸ਼ਾਂ ਦਾ ਚੀਨ ਨਾਲ ਵੱਡਾ ਵਪਾਰ ਹੈ, ਜਿਸ ਕਰਕੇ ਉਹ ਪੂਰੀ ਤਰ੍ਹਾਂ ਟਕਰਾਅ ਵਾਲਾ ਰਸਤਾ ਨਹੀਂ ਚਾਹੁੰਦੇ। ਅੱਜ ਦੱਖਣੀ ਏਸ਼ੀਆ ਦੀ ਜਟਿਲਤਾ ਸਮਝ ਭਾਰਤ ਲਈ ਪਾਕਿਸਤਾਨ, ਚੀਨ ਅਤੇ ਹਿੰਦ ਮਹਾਂਸਾਗਰ ਦੀਆਂ ਚੁਣੌਤੀਆਂ ਇਕੱਠੀਆਂ ਮੌਜੂਦ ਹਨ।

ਅੱਜ ਗਲੋਬਲ ਦੱਖਣ ਅਤੇ ਕੁਆਡ ਲਈ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਉਹ ਆਪਣੇ ਆਪ ਨੂੰ ਕੇਵਲ ਚੀਨ ਵਿਰੋਧੀ ਗਠਜੋੜ ਵਜੋਂ ਨਾ ਦਿਖਾਵੇ। ਜੇ ਇਹ ਗਠਜੋੜ ਵਿਕਾਸ, ਤਕਨਾਲੋਜੀ, ਜਲਵਾਯੂ ਤਬਦੀਲੀ, ਸਿਹਤ ਅਤੇ ਬੁਨਿਆਦੀ ਢਾਂਚੇ ਵਿੱਚ ਛੋਟੇ ਦੇਸ਼ਾਂ ਦੀ ਮਦਦ ਕਰਦਾ ਹੈ ਤਾਂ ਇਸਦੀ ਵਿਸ਼ਵ ਪੱਧਰੀ ਸਵੀਕਾਰਤਾ ਵਧੇਗੀ।

ਅੱਜ ਭਾਰਤ ਇਥੇ ਇੱਕ ਅਹਿਮ ਭੂਮਿਕਾ ਨਿਭਾ ਸਕਦਾ ਹੈ ਕਿਉਂਕਿ ਉਸਦੀ ਪਹਿਚਾਣ ਗਲੋਬਲ ਦੱਖਣ ਦੀ ਆਵਾਜ਼ ਵਜੋਂ ਵੀ ਹੈ। 2026 ਦੀ ਕੁਆਡ ਮੀਟਿੰਗ ਅਤੇ ਨਵੀਂ ਦਿੱਲੀ ਘੋਸ਼ਣਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਹਿੰਦ-ਪ੍ਰਸ਼ਾਂਤ ਖੇਤਰ ਦੀ ਰਾਜਨੀਤੀ ਹੁਣ ਨਵੇਂ ਦੌਰ ਵਿੱਚ ਦਾਖਲ ਹੋ ਚੁੱਕੀ ਹੈ। ਊਰਜਾ ਸੁਰੱਖਿਆ, ਕ੍ਰਿਟੀਕਲ ਮਿਨਰਲਜ਼, ਸਮੁੰਦਰੀ ਨਿਗਰਾਨੀ ਅਤੇ ਅਤਿਵਾਦ ਵਿਰੋਧੀ ਸਹਿਯੋਗ ਵਰਗੇ ਮੁੱਦੇ ਦਰਸਾਉਂਦੇ ਹਨ ਕਿ ਕੁਆਡ ਹੁਣ ਇੱਕ ਵਿਸ਼ਾਲ ਰਣਨੀਤਿਕ ਢਾਂਚਾ ਬਣਦਾ ਜਾ ਰਿਹਾ ਹੈ। ਪਹਿਲਗਾਮ ਹਮਲੇ ਦੀ ਨਿਖੇਧੀ ਨੇ ਇਹ ਸੰਦੇਸ਼ ਦਿੱਤਾ ਹੈ ਕਿ ਭਾਰਤ ਦੇ ਸੁਰੱਖਿਆ ਮੁੱਦੇ ਹੁਣ ਵਿਸ਼ਵ ਚਰਚਾ ਦਾ ਹਿੱਸਾ ਬਣ ਰਹੇ ਹਨ । ਨਾਲ ਹੀ ਸਮੁੰਦਰੀ ਸੁਰੱਖਿਆ ਉੱਤੇ ਵਧਦਾ ਜ਼ੋਰ ਦਰਸਾਉਂਦਾ ਹੈ ਕਿ ਆਉਣ ਵਾਲੀਆਂ ਦਹਾਕਿਆਂ ਦੀ ਵਿਸ਼ਵ ਰਾਜਨੀਤੀ ਸਮੁੰਦਰਾਂ, ਤਕਨਾਲੋਜੀ ਅਤੇ ਸਪਲਾਈ ਚੇਨਾਂ ਦੇ ਆਲੇ-ਦੁਆਲੇ ਘੁੰਮੇਗੀ। ਹੁਣ ਕੁਆਡ ਦੀ ਸਫਲਤਾ ਇਸ ਗੱਲ ਉੱਤੇ ਨਿਰਭਰ ਕਰੇਗੀ ਕਿ ਕੀ ਇਹ ਸਿਰਫ਼ ਰਣਨੀਤਿਕ ਗਠਜੋੜ ਬਣ ਕੇ ਰਹਿੰਦਾ ਹੈ ਜਾਂ ਇੱਕ ਅਜਿਹਾ ਵਿਸ਼ਵ ਮੰਚ ਬਣਦਾ ਹੈ ਜੋ ਸੁਰੱਖਿਆ ਦੇ ਨਾਲ ਵਿਕਾਸ, ਸਹਿਯੋਗ ਅਤੇ ਸਥਿਰਤਾ ਨੂੰ ਵੀ ਨਵੀਂ ਦਿਸ਼ਾ ਦਿੰਦਾ ਹੈ।

# ਇੱਕ ਪਾਸੇ ਮਿਹਰਬਾਨੀ ਦੀ ਸਿਖ਼ਰ ਦੂਜੇ ਪਾਸੇ ਵਿਤਕਰੇ ਦੀ

ਬਘੇਲ ਸਿੰਘ ਧਾਲੀਵਾਲ
99142-58142



**ਸੰਗੀਨ ਜੁਰਮਾਂ ਵਿੱਚ ਸਜ਼ਾ ਕੱਟ ਰਹੇ ਡੇਰਾ ਮੁਖੀ ਨੂੰ 16ਵੀਂ ਵਾਰ ਪੈਰੋਲ ਬਨਾਮ 35-35 ਸਾਲਾਂ ਤੋਂ ਮਨੁੱਖੀ ਅਧਿਕਾਰਾਂ ਤੋਂ ਵਾਂਝੇ ਬੰਦੀ ਸਿੱਖ ਅਤੇ ਬੰਗਾਲ ਦੇ ਮੁਸਲਮਾਨਾਂ ਦੀ ਬੇਬਸੀ**

ਬੀਤੇ ਕੱਲ੍ਹ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ ਫਿਰ ਭਾਵ 16ਵੀਂ ਵਾਰ ਪੈਰੋਲ 'ਤੇ ਛੱਡ ਦਿੱਤਾ ਗਿਆ ਹੈ। ਇਹ ਰਿਹਾਈ ਉਹਨਾਂ ਨੂੰ 30 ਦਿਨਾਂ ਲਈ ਦਿੱਤੀ ਗਈ ਹੈ। ਭਾਰਤ ਭਾਵੇਂ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਅਖਵਾਉਂਦਾ ਹੈ, ਪਰੰਤੂ ਭਾਰਤ ਅੰਦਰ ਚੱਲ ਰਹੀ ਨਫਰਤ ਦੀ ਰਾਜਨੀਤੀ ਲੋਕਤੰਤਰਿਕ ਪਰੰਪਰਾਵਾਂ ਦਾ ਘਾਣ ਕਰਨ ਵਾਲੀ ਹੈ। ਸੰਵਿਧਾਨ ਦੀ ਕਸਮ ਖਾਣ ਵਾਲੇ ਆਗੂ ਅਕਸਰ ਹੀ ਸੰਵਿਧਾਂਨ ਦੀਆਂ ਧੱਜੀਆਂ ਉਡਾਉਂਦੇ ਦੇਖੇ ਜਾ ਸਕਦੇ ਹਨ। ਅਦਾਲਤਾਂ ਦੇ ਅੰਦਰ ਇਨਸਾਫ਼ ਦੇ ਪ੍ਰਤੀਕ ਵਜੋਂ ਦਿਖਾਈ ਦਿੰਦੀਆਂ ਮੂਰਤੀਆਂ ਭਾਰਤੀ ਕਾਨੂੰਨ ਦਾ ਮਜ਼ਾਕ ਬਣ ਰਹੀਆਂ ਹਨ, ਜਿਨ੍ਹਾਂ ਦੀਆਂ ਅੱਖਾਂ ਉੱਤੇ ਪੱਟੀ ਇਸ ਗੱਲ ਦਾ ਪ੍ਰਤੀਕ ਮੰਨੀ ਜਾਂਦੀ ਹੈ ਕਿ ਕਾਨੂੰਨ ਸਭ ਨੂੰ ਇਕਸਾਰ ਵੇਖਦਾ ਹੈ। ਪਰ ਜਦੋਂ ਦੇਸ਼ ਦੇ ਅਸਲ ਹਾਲਾਤਾਂ ਵੱਲ ਨਜ਼ਰ ਮਾਰੀ ਜਾਂਦੀ ਹੈ ਤਾਂ ਇਹ ਪੱਟੀ ਕਈ ਵਾਰ ਸਿਰਫ਼ ਘੱਟ ਗਿਣਤੀਆਂ ਲਈ ਹੀ ਕੱਸ ਕੇ ਬੰਨ੍ਹੀ ਹੋਈ ਦਿਖਾਈ ਦਿੰਦੀ ਹੈ, ਜਦੋਂ ਕਿ ਬਹੁਗਿਣਤੀ ਅਤੇ ਸਿਆਸੀ ਤਾਕਤ ਵਾਲਿਆਂ ਲਈ ਕਾਨੂੰਨ ਦੀਆਂ ਅੱਖਾਂ ਹਮੇਸ਼ਾ ਖੁੱਲ੍ਹੀਆਂ ਅਤੇ ਝੁਕੀਆਂ ਪ੍ਰਤੀਤ ਹੁੰਦੀਆਂ ਹਨ। ਇੱਕ ਪਾਸੇ ਉਹ ਵਿਅਕਤੀ ਜਿਸ ਨੂੰ 2017 ਵਿੱਚ ਕਤਲ ਅਤੇ ਜਬਰ ਜਨਾਹ ਵਰਗੇ ਸੰਗੀਨ ਮਾਮਲਿਆਂ ਵਿੱਚ ਉਮਰ ਕੈਦ ਦੀ ਸਜ਼ਾ ਹੋਈ, ਉਸ ਨੂੰ 16ਵੀਂ ਵਾਰ ਪੈਰੋਲ ਮਿਲਦੀ ਹੈ। ਦੂਜੇ ਪਾਸੇ ਉਹ ਬੰਦੀ ਸਿੱਖ ਹਨ, ਜਿਹੜੇ 30-30 ਅਤੇ 35-35 ਸਾਲ ਜੇਲ੍ਹਾਂ ਵਿੱਚ ਕੱਟ ਚੁੱਕੇ ਹਨ, ਜਿਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ। ਚੜ੍ਹਦੀ ਜੁਆਨੀ ਵਿੱਚ ਜੇਲ੍ਹਾਂ ਅੰਦਰ ਗਏ ਹੁਣ ਬੁੱਢੇ ਹੋ ਚੁੱਕੇ ਹਨ। ਜੇਲ੍ਹ ਪ੍ਰਸ਼ਾਸ਼ਨ ਦੀ ਬੇਰੁਖੀ ਕਾਰਨ ਕਈਆਂ ਦੀ ਸਿਹਤ ਨਾਸਾਜ ਹੋਕੇ ਰਹਿ ਗਈ, ਕੁੱਝ ਸਿੰਘਾਂ ਦੇ ਮਾਪੇ ਦੁਨੀਆ ਤੋਂ ਚਲੇ ਗਏ, ਪਰ ਫਿਰ ਵੀ ਉਹਨਾਂ ਲਈ ਰਿਹਾਈ ਦੇ ਦਰਵਾਜ਼ੇ ਨਹੀਂ ਖੁੱਲ੍ਹਦੇ। ਜੇਕਰ ਪੈਰੋਲ ਕਿਸੇ ਨਾ ਕਿਸੇ ਸਿੰਘ ਨੂੰ ਮਿਲਦੀ ਵੀ ਹੈ,ਤਾਂ ਵੱਧ ਤੋਂ ਵੱਧ ਦੋ ਚਾਰ ਘੰਟਿਆਂ ਦੀ, ਇਹ ਸਿਰਫ਼ ਵਿਤਕਰਾ ਨਹੀਂ, ਇਹ ਭਾਰਤੀ ਨਿਆਂ ਪ੍ਰਣਾਲੀ ਉੱਤੇ ਵੱਡਾ ਸਵਾਲ ਹੈ। ਇੱਕ ਵਿਅਕਤੀ ਜਿਸ ਉੱਤੇ ਸੰਗੀਨ ਜੁਰਮ ਸਾਬਤ ਹੋ ਚੁੱਕੇ ਹਨ, ਉਹ ਵਾਰ-ਵਾਰ ਜੇਲ੍ਹ ਤੋਂ ਬਾਹਰ ਕਿਵੇਂ ਆ ਜਾਂਦਾ ਹੈ ਅਤੇ ਜਿਹੜੇ ਲੋਕ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਉਹ ਅਜੇ ਵੀ ਕੈਦ ਕਿਉਂ ਹਨ ? ਇਹ ਗੱਲ ਸਿਰਫ਼ ਕਾਨੂੰਨੀ ਨਹੀਂ, ਸਿਆਸੀ ਵੀ ਹੈ। ਕਿਉਂਕਿ ਹਰ ਵਾਰ ਜਦੋਂ ਚੋਣਾਂ ਨੇੜੇ ਆਉਂਦੀਆਂ ਹਨ ਜਾਂ ਕਿਸੇ ਖ਼ਾਸ ਇਲਾਕੇ ਵਿੱਚ ਵੋਟਾਂ ਦੀ ਗਿਣਤੀ ਮਿਣਤੀ ਕੀਤੀ ਜਾਂਦੀ ਹੈ, ਡੇਰਾ ਮੁਖੀ ਦੀ ਪੈਰੋਲ ਦੀਆਂ ਖ਼ਬਰਾਂ ਸਾਹਮਣੇ ਆ ਜਾਂਦੀਆਂ ਹਨ। ਭਾਵ ਨਿਆਂ ਪ੍ਰਣਾਲੀ ਸਿਆਸੀ ਲੋੜਾਂ ਮੁਤਾਬਕ ਚੱਲ ਰਹੀ ਹੈ। ਕੀ ਪੈਰੋਲ ਹਰ ਉਸ ਵਿਅਕਤੀ ਦਾ ਹੱਕ ਨਹੀਂ ਹੈ, ਜਿਹੜਾ ਕਾਨੂੰਨ ਦੀ ਮਾਰ ਝੱਲ ਰਿਹਾ ਹੈ। ਸਿੱਖ ਕੌਮ ਇਸ ਦਰਦ ਨੂੰ ਇਸ ਲਈ ਹੋਰ ਡੂੰਘਾਈ ਨਾਲ ਮਹਿਸੂਸ ਕਰਦੀ ਹੈ ਕਿਉਂਕਿ ਬੰਦੀ ਸਿੱਖਾਂ ਦਾ ਮਸਲਾ ਸਿਰਫ਼ ਕੈਦ ਦਾ ਨਹੀਂ, ਸਗੋਂ ਇਨਸਾਫ਼ ਦੇ ਦੋਹਰੇ ਮਾਪਦੰਡਾਂ ਦਾ ਮਸਲਾ ਹੈ। ਦਿੱਲੀ ਕਤਲੇਆਮ ਦੇ ਪੀੜਤ ਸਿੱਖਾਂ ਨੂੰ 42 ਸਾਲ ਬੀਤ ਜਾਣ ਦੇ ਬਾਅਦ ਵੀ ਇਨਸਾਫ ਨਹੀਂ ਮਿਲਿਆ ਅਤੇ ਤਕਰੀਬਨ ਓਨੇ ਹੀ ਸਮੇਂ ਤੋਂ ਸਿੱਖ ਬੰਦੀਆਂ ਨੂੰ ਰਿਹਾਈ ਤਾਂ ਦੂਰ ਦੀ ਗੱਲ ਹੈ ਪੈਰੋਲ ਤੱਕ ਵੀ ਨਹੀਂ ਮਿਲਦੀ। ਭਾਰਤੀ ਕਾਨੂੰਨ ਅਨੁਸਾਰ ਜੇ ਕੋਈ ਕੈਦੀ ਆਪਣੀ ਸਜ਼ਾ ਪੂਰੀ ਕਰ ਲੈਂਦਾ ਹੈ, ਚੰਗਾ ਚਾਲ-ਚਲਣ ਰੱਖਦਾ ਹੈ ਅਤੇ ਰਿਹਾਈ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ ਤਾਂ ਉਸ ਨੂੰ ਰਿਹਾਈ ਦਾ ਹੱਕ ਹੁੰਦਾ ਹੈ। ਪਰ ਇਹ ਹੱਕ ਬੰਦੀ ਸਿੱਖਾਂ ਲਈ ਬੇਇਨਸਾਫੀ ਬਣ ਜਾਂਦਾ ਹੈ। ਉਹਨਾਂ ਦਾ ਜੁਰਮ ਇਹ ਹੈ ਕਿ ਉਹ ਇੱਕ ਘੱਟ ਗਿਣਤੀ ਕੌਮ ਨਾਲ ਸਬੰਧਤ ਹਨ। ਅਜਿਹਾ ਹੀ ਬੰਗਾਲ ਸਮੇਤ ਸਮੁੱਚੇ ਦੇਸ਼ ਦੇ ਮੁਸਲਮਾਨ ਵੀ ਮਹਿਸੂਸ ਕਰ ਰਹੇ ਹਨ। ਬੰਗਾਲ ਵਿੱਚ ਹਾਲਾਤ ਇਹ ਬਣ ਗਏ ਹਨ ਕਿ ਲੋਕ ਡਰ ਕਰਕੇ ਗਾਂ ਖਰੀਦਣ ਤੋਂ ਪਿੱਛੇ ਹੱਟ ਰਹੇ ਹਨ। ਉਹ ਕਹਿ ਰਹੇ ਹਨ ਕਿ ਅਸੀ ਕਾਨੂੰਨੀ ਝੰਜਟ ਵਿੱਚ ਪੈਣ ਨਾਲੋਂ ਪਸ਼ੂਆਂ ਦੀ ਬਲੀ ਦੇਣੀ ਜਾਂ ਗਊ ਮਾਸ ਖਾਣਾ ਹੀ ਬੰਦ ਕਰ ਰਹੇ ਹਾਂ। ਇਹ ਵਾਕ ਭਾਰਤ ਦੀ ਮੌਜੂਦਾ ਹਕੀਕਤ ਦਾ ਦਰਪਣ ਹੈ। ਜਿੱਥੇ ਇੱਕ ਭਾਈਚਾਰਾ ਆਪਣੇ ਧਾਰਮਿਕ ਰਿਵਾਜ਼ਾਂ ਤੋਂ ਵੀ ਡਰਨ ਲੱਗ ਪਿਆ ਹੈ। ਬੰਗਾਲ ਵਿੱਚ ਗਰੀਬ ਕਿਸਾਨਾਂ ਨੇ ਕਰਜ਼ਾ ਲੈ ਕੇ ਪਸ਼ੂ ਪਾਲੇ ਸਨ। ਉਹਨਾਂ ਨੂੰ ਉਮੀਦ ਸੀ ਕਿ ਈਦ ਮੌਕੇ ਪਸ਼ੂ ਵੇਚ ਕੇ ਘਰ ਦਾ ਖਰਚਾ ਚੱਲ ਜਾਵੇਗਾ। ਪਰ ਹੁਣ ਹਾਲਤ ਇਹ ਹੈ ਕਿ ਨਾ ਪਸ਼ੂ ਵਿਕ ਰਹੇ ਹਨ, ਨਾ ਚਾਰੇ ਦਾ ਖਰਚਾ ਨਿਕਲ ਰਿਹਾ ਹੈ। ਕਰਜ਼ਾ ਵਧ ਰਿਹਾ ਹੈ। ਪਰ ਸਿਆਸਤਦਾਨਾਂ ਲਈ ਇਹ ਲੋਕਾਂ ਦਾ ਦਰਦ ਨਹੀਂ, ਵੋਟਾਂ ਦਾ ਹਿਸਾਬ ਹੈ। ਇਸ ਦੇਸ਼ ਵਿੱਚ ਘੱਟ ਗਿਣਤੀਆਂ ਨਾਲ ਹੁੰਦੇ ਵਿਤਕਰੇ ਨੂੰ ਸਮਝਣ ਲਈ ਵੱਖ-ਵੱਖ ਘਟਨਾਵਾਂ ਨੂੰ ਇਕੱਠਾ ਦੇਖਣਾ ਪਵੇਗਾ। ਇੱਕ ਪਾਸੇ ਮੁਸਲਮਾਨਾਂ ਨੂੰ ਗਾਂ ਦੇ ਨਾਮ 'ਤੇ ਨਿਸ਼ਾਨਾ ਬਣਾਇਆ ਜਾਂਦਾ ਹੈ, ਜਦੋਂਕਿ ਦੂਜੇ ਪਾਸੇ ਸਿੱਖਾਂ ਨੂੰ ਆਪਣੇ ਹੀ ਦੇਸ਼ ਵਿੱਚ ਇਨਸਾਫ਼ ਲਈ ਦਹਾਕਿਆਂ ਤੱਕ ਲੜਨਾ ਪੈਂਦਾ ਹੈ। ਇੱਕ ਪਾਸੇ ਭੀੜ ਦੇ ਦਬਾਅ ਨਾਲ ਕਾਨੂੰਨ ਸਖ਼ਤ ਹੋ ਜਾਂਦੇ ਹਨ, ਦੂਜੇ ਪਾਸੇ ਸਿਆਸੀ ਪ੍ਰਭਾਵ ਵਾਲਿਆਂ ਲਈ ਕਾਨੂੰਨ ਨਰਮ ਪੈ ਜਾਂਦਾ ਹੈ। ਬੰਦੀ ਸਿੰਘਾਂ ਦਾ ਮਾਮਲਾ ਤਾਂ ਹੋਰ ਵੀ ਦਰਦਨਾਕ ਹੈ। ਤਕਰੀਬਨ ਹੀ ਸਾਰੇ ਬੰਦੀ ਸਿੰਘਾਂ ਨੇ ਆਪਣੀ ਜਵਾਨੀ ਜੇਲ੍ਹਾਂ ਵਿੱਚ ਗਵਾ ਦਿੱਤੀ। ਕਈਆਂ ਦੀਆਂ ਮਾਵਾਂ ਹਰ ਰੋਜ਼ ਦਰਵਾਜ਼ੇ ਵੱਲ ਵੇਖਦੀਆਂ ਜਹਾਨੋਂ ਤੁਰ ਗਈਆਂ ਕਿ ਸ਼ਾਇਦ ਪੁੱਤਰ ਬਾਹਰ ਆ ਜਾਵੇ। ਪਰ ਉਹਨਾਂ ਦੀ ਰਿਹਾਈ ਹਰ ਵਾਰ ਕਿਸੇ ਨਾ ਕਿਸੇ ਬਹਾਨੇ ਨਾਲ ਰੋਕ ਦਿੱਤੀ ਜਾਂਦੀ ਹੈ। ਇਸ ਦੇ ਉਲਟ ਡੇਰਾ ਮੁਖੀ ਨੂੰ ਦਿੱਤੀਆਂ ਗਈਆਂ ਪੈਰੋਲਾਂ ਨੇ ਲੋਕਾਂ ਦੇ ਮਨ ਵਿੱਚ ਇਹ ਧਾਰਨਾ ਮਜ਼ਬੂਤ ਕੀਤੀ ਹੈ ਕਿ ਭਾਰਤ ਵਿੱਚ ਕਾਨੂੰਨ ਇੱਕੋ ਜਿਹਾ ਨਹੀਂ ਹੈ। ਇੱਕ ਆਮ ਸਿੱਖ ਨੌਜਵਾਨ ਜੇ ਸੋਸ਼ਲ ਮੀਡੀਆ 'ਤੇ ਆਪਣੀ ਕੌਮ ਦੇ ਹੱਕ ਦੀ ਗੱਲ ਕਰੇ ਤਾਂ ਉਸ ਉੱਤੇ ਨਿਗਰਾਨੀ ਹੋ ਜਾਂਦੀ ਹੈ। ਪਰ ਦੂਜੇ ਪਾਸੇ ਬਹੁ ਗਿਣਤੀ ਦੇ ਸੈਂਕੜੇ ਮੀਡੀਆ ਅਤੇ ਸ਼ੋਸ਼ਲ ਮੀਡੀਆ ਪਲੇਟਫਾਰਮ ਅਜਿਹੇ ਹਨ, ਜਿੱਥੇ ਧੜੱਲੇ ਨਾਲ ਨਫਰਤ ਵੰਡੀ ਜਾ ਰਹੀ ਹੈ। ਡੇਰਾ ਮੁਖੀ ਜੇਲ੍ਹ ਤੋਂ ਬਾਹਰ ਆ ਕੇ ਆਪਣੇ ਡੇਰੇ ਦੀ ਸਰਗਰਮੀ ਚਲਾਉਂਦਾ ਹੈ, ਵੀਡੀਓ ਜਾਰੀ ਕਰਦਾ ਹੈ, ਸਮਾਗਮਾਂ ਵਿੱਚ ਦਿਖਾਈ ਦਿੰਦਾ ਹੈ ਅਤੇ ਪ੍ਰਸ਼ਾਸਨ ਖ਼ਾਮੋਸ਼ ਰਹਿੰਦਾ ਹੈ। ਕੀ ਇਹੀ ਹੈ ਸਭ ਲਈ ਇਕਸਾਰ ਕਾਨੂੰਨ ? ਇਸ ਮਾਮਲੇ ਨੂੰ ਸਿਰਫ਼ ਸਿੱਖਾਂ ਦੇ ਦਰਦ ਤੱਕ ਸੀਮਿਤ ਕਰਨਾ ਵੀ ਗਲਤ ਹੋਵੇਗਾ। ਇਹ ਪੂਰੇ ਦੇਸ਼ ਦੇ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹੈ। ਜਦੋਂ ਲੋਕਾਂ ਦਾ ਕਾਨੂੰਨ ਤੋਂ ਭਰੋਸਾ ਉਠਣਾ ਸ਼ੁਰੂ ਹੋ ਜਾਵੇ, ਫਿਰ ਸਮਾਜ ਵਿੱਚ ਗੁੱਸਾ, ਬੇਚੈਨੀ ਅਤੇ ਨਫਰਤ ਵਧਣ ਲੱਗਦੀ ਹੈ। ਭਾਰਤ ਵਰਗੇ ਬਹੁ-ਕੌਮੀ ਧਾਰਮਿਕ ਦੇਸ਼ ਵਿੱਚ ਇਹ ਹੋਰ ਵੀ ਖ਼ਤਰਨਾਕ ਹੈ। ਕਿਉਂਕਿ ਇਹ ਦੇਸ਼ ਵਿਭਿੰਨਤਾ ਨਾਲ ਬਣਿਆ ਹੈ। ਜੇ ਇੱਕ ਭਾਈਚਾਰਾ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਤਾਂ ਇਹ ਸਿਰਫ਼ ਉਸ ਦੀ ਸਮੱਸਿਆ ਨਹੀਂ ਰਹਿੰਦੀ, ਇਹ ਪੂਰੇ ਦੇਸ਼ ਦੀ ਸਮੱਸਿਆ ਬਣ ਜਾਂਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਸ਼ਹਾਦਤ ਕਿਸੇ ਇੱਕ ਧਰਮ ਲਈ ਨਹੀਂ ਦਿੱਤੀ ਸੀ, ਸਗੋਂ ਮਨੁੱਖੀ ਅਧਿਕਾਰਾਂ ਲਈ ਦਿੱਤੀ ਸੀ, ਉਦੋਂ ਹਿੰਦੂ ਭਾਈਚਾਰੇ ਦੇ ਧਰਮ ਨੂੰ ਖਤਰਾ ਬਣਿਆ ਹੋਇਆ ਸੀ, ਅੱਜ ਮੁਸਲਮਾਨਾਂ ਨਾਲ ਧੱਕਾ ਹੁੰਦਾ ਹੈ ਅਤੇ ਜਦੋਂ ਸਿੱਖ ਬੰਦੀਆਂ ਨੂੰ ਨਿਆਂ ਨਹੀਂ ਮਿਲਦਾ, ਤਾਂ ਹਰ ਇਨਸਾਫ਼-ਪਸੰਦ ਇਨਸਾਨ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ, ਪਰੰਤੂ ਅਜਿਹਾ ਵੀ ਨਹੀਂ ਹੋ ਰਿਹਾ। ਕੀ ਭਾਰਤ ਵਿੱਚ ਕਾਨੂੰਨ ਸੱਚਮੁੱਚ ਹੀ ਬਰਾਬਰਤਾ ਵਾਲਾ ਨਹੀਂ ਹੈ? ਜੇ ਹੈ ਤਾਂ ਫਿਰ ਇੱਕ ਪਾਸੇ ਸਿੱਖਾਂ ਨੂੰ ਮਨੁੱਖੀ ਅਧਿਕਾਰਾਂ ਤੋਂ ਵਾਂਝਾ ਕਿਉਂ ਰੱਖਿਆ ਜਾ ਰਿਹਾ ਹੈ। ਕਿਉਂਕਿ ਜਦੋਂ ਨਿਆਂ ਪ੍ਰਣਾਲੀ ਦੋਹਰੇ ਮਾਪਦੰਡਾਂ ਨਾਲ ਕੰਮ ਕਰਦੀ ਹੈ, ਫਿਰ ਲੋਕਤੰਤਰ 'ਤੇ ਸਵਾਲ ਉੱਠਣੇ ਸੁਭਾਵਿਕ ਹਨ। ਜਿਸ ਦੇਸ਼ ਵਿੱਚ ਘੱਟ ਗਿਣਤੀ ਲੋਕਾਂ ਦਾ ਕਾਨੂੰਨ ਉੱਤੇ ਭਰੋਸਾ ਉੱਠ ਜਾਂਦਾ ਹੈ ਉੱਥੋਂ ਦੀ ਅਖੰਡਤਾ ਵੀ ਖਤਰੇ ਵਿੱਚ ਪੈ ਜਾਂਦੀ ਹੈ। ਫਿਰਕੂ ਨਫਰਤ ਅਤੇ ਤੰਗ-ਦਿਲੀ ਦੀ ਰਾਜਨੀਤੀ ਭਾਈਚਾਰਿਆਂ ਦੇ ਦਿਲਾਂ ਵਿੱਚ ਹੀ ਵੰਡੀਆਂ ਨਹੀਂ ਪਾ ਰਹੀ ਬਲਕਿ ਦੇਸ਼ ਦੇ ਟੁਕੜੇ ਕਰਨ ਵੱਲ ਵੀ ਵੱਧ ਰਹੀ ਹੈ। ਭਾਰਤ ਦੀ ਵੰਨ ਸੁਵੰਨਤਾ ਹੀ ਇੱਥੋਂ ਦੀ ਖੂਬਸੂਰਤੀ ਹੈ, ਜਿਸਨੂੰ ਕਾਇਮ ਰੱਖਣ ਨਾਲ ਹੀ ਦੇਸ਼ ਦੀ ਏਕਤਾ ਅਖੰਡਤਾ ਕਾਇਮ ਰਹਿ ਸਕਦੀ ਹੈ, ਇਸ ਨੂੰ ਕਾਇਮ ਰੱਖਣ ਲਈ ਘੱਟ ਗਿਣਤੀਆਂ ਨਾਲ ਹੁੰਦੇ ਅਨਿਆਂ ਨੂੰ ਰੋਕਣਾ ਹੋਵੇਗਾ।

# ਭਗਵੰਤ ਮਾਨ ਤੇ ਜੱਥੇਦਾਰ ਗੜਗੱਜ ਦੇ ਸਬੰਧਾਂ 'ਚ ਮਿਠਾਸ

ਕਮਲਜੀਤ ਸਿੰਘ ਬਨਵੈਤ
98147 34035



**☛ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਪੱਤਰ ਸਰਕਾਰ ਦੇ ਹਵਾਲੇ ਕਰਨ ਦੀ ਦਿੱਤੀ ਸੂਚਨਾ, ਜਥੇਦਾਰ ਗੜਗੱਜ ਵੱਲੋਂ ਸਪੀਕਰ ਨੂੰ 15 ਦਿਨਾਂ ਦੀ ਦਿੱਤੀ ਮੋਹਲਤ ਖਤਮ**
**☛ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2026 ਦਾ ਨੋਟੀਫਿਕੇਸ਼ਨ ਹੋ ਗਿਆ ਜਾਰੀ ਪਰ ਬਣਾਏ ਜਾ ਰਹੇ ਰੂਲਜ਼ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਠਾਏ ਇਤਰਾਜ਼ ਦੂਰ ਕਰਨ ਦੀ ਪਹਿਲ ਸ਼ੁਰੂ**

ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2026 ਨੂੰ ਲੈ ਕੇ ਉਪਰੀ ਨਜ਼ਰੇ ਪੰਜਾਬ ਸਰਕਾਰ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਦਰਮਿਆਨ ਟਕਰਾਅ ਹੁੰਦਾ ਨਹੀਂ ਦਿਸਦਾ ਹੈ ਪਰ ਘੋਖਵੀਂ ਨਜ਼ਰ ਮਾਰਿਆਂ ਗੱਲ ਨੇੜੇ ਹੁੰਦੀ ਨਜ਼ਰ ਆਉਣ ਲੱਗੀ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੀ ਮੋਹਲਤ ਖ਼ਤਮ ਹੋਣ ਤੋਂ ਦੋ ਦਿਨ ਪਹਿਲਾਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਲਿਖਤੀ ਸੁਨੇਹਾ ਲਾਉਂਦੇ ਹਨ ਕਿ ਉਨ੍ਹਾਂ ਨੇ ਸੁਨੇਹਾ ਪੰਜਾਬ ਸਰਕਾਰ ਨੂੰ ਲਾ ਦਿੱਤਾ ਹੈ। ਇਸ ਨਾਲ ਉਹ ਦੋ ਨਿਸ਼ਾਨੇ ਸਾਧ ਗਏ। ਇੱਕ ਤਾਂ ਇਹ ਕਿ ਉਹਨਾਂ ਨੇ ਮੋਹਲਤ ਖਤਮ ਹੋਣ ਤੋਂ ਪਹਿਲਾਂ ਹੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੇ ਹੱਥ ਬੰਨ੍ਹ ਦਿੱਤੇ ਦੂਜਾ ਇਹ ਕਿ ਉਹਨਾਂ ਨੇ ਦੱਸ ਦਿੱਤਾ ਸੋਧ ਐਕਟ ਨੂੰ ਲੈ ਕੇ ਜੋ ਕੁਝ ਕਰਨਾ ਹੈ ਉਹ ਸਰਕਾਰ ਦੇ ਹੱਥ ਵੱਸ ਹੈ।

ਹੁਣ ਦੇਖਣਾ ਹੋਵੇਗਾ ਕਿ ਲੋਕ ਚਾਰੇ ਨੂੰ ਜਥੇਦਾਰ ਕੁਲਦੀਪ ਸਿੰਘ ਗੜਗੱਜ ਮੋਹਲਤ ਦਾ ਸਮਾਂ ਵਧਾਉਂਦੇ ਹਨ ਜਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਖ਼ਿਲਾਫ਼ ਕਾਰਵਾਈ ਕਰਨਾ ਮਜਬੂਰੀ ਬਣਦਾ ਹੈ। ਜੇ ਦੋਨੋਂ ਗੱਲਾਂ ਨਹੀਂ ਹੁੰਦੀਆਂ ਤਾਂ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਕਾਰ 'ਤੇ ਸਵਾਲ ਖੜ੍ਹੇ ਹੋਣ ਲੱਗ ਪੈਣਗੇ।

ਦੂਜੇ ਬੰਨ੍ਹੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲਗਾਤਾਰ ਕਹਿੰਦੇ ਆ ਰਹੇ ਹਨ ਕਿ ਸਰਕਾਰ ਨਾ ਤਾਂ ਐਕਟ ਵਾਪਸ ਲਵੇਗੀ ਅਤੇ ਨਾ ਹੀ ਇਸ ਵਿੱਚ ਕੋਈ ਸੋਧ ਕੀਤੀ ਜਾਵੇਗੀ। ਅਸੀਂ ਸ਼ੁਰੂ ਤੋਂ ਹੀ ਲਿਖਦੇ ਜਾ ਰਹੇ ਹਾਂ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਨਾ ਤਾਂ ਤਲਬ ਕਰਨ ਦੀ ਕੋਈ ਤੁੱਕ ਬਣਦੀ ਸੀ ਅਤੇ ਨਾ ਹੀ ਉਹਨਾਂ ਨੂੰ ਪੱਤਰ ਭੇਜ ਕੇ ਮਸਲੇ ਦਾ ਹੱਲ ਨਿਕਲਣਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜੋ ਪੱਤਰ ਭੇਜਿਆ ਜਾਣਾ ਸੀ ਤਾਂ ਉਹ ਸਰਕਾਰ ਦੇ ਮੁਖੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਸਰਕਾਰ ਦੇ ਚੀਫ ਸੈਕਟਰੀ ਜਾਂ ਫਿਰ ਪੰਜਾਬ ਦੇ ਰਾਜਪਾਲ ਜਿਹੜੇ ਕਿ ਸੂਬੇ ਦੇ ਹੈਡ ਹਨ ਨੂੰ ਭੇਜਿਆ ਜਾਣਾ ਬਣਦਾ ਸੀ। ਐਂ ਤਾਂ ਹੋ ਨਹੀਂ ਸਕਦਾ ਕਿ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਤਖ਼ਤਾਂ ਦੇ ਜਥੇਦਾਰਾਂ ਨੂੰ ਰਿਮੋਟ ਕੰਟਰੋਲ ਨਾਲ ਚਲਾਉਣ ਵਾਲਿਆਂ ਨੂੰ ਇਸ ਦੀ ਜਾਣਕਾਰੀ ਨਾ ਹੋਵੇ। ਹਾਂ ਜਥੇਦਾਰ ਵੱਲੋਂ ਸਪੀਕਰ ਸੰਧਵਾਂ ਨੂੰ ਭੇਜੇ ਗਏ ਪੱਤਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਵਿੱਚ ਕੀਤੀਆਂ ਜਾਣ ਵਾਲੀਆਂ ਸੋਧਾਂ ਦਾ ਵੇਰਵਾ ਵੀ ਦਿੱਤਾ ਗਿਆ ਸੀ।

ਸਾਡੇ ਕੋਲ ਸੱਚ ਦੇ ਨੇੜੇ ਦੀ ਸੂਚਨਾ ਹੈ ਕਿ ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2020 ਨੂੰ ਲੈ ਕੇ ਨਾ ਸਰਕਾਰ ਅਤੇ ਨਾ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਰੇੜਕਾ ਪਾਉਣਾ ਚਾਹੁੰਦੀ ਹੈ। ਵਿਧਾਨ ਸਭਾ ਦੀਆਂ ਅਗਲੀਆਂ ਚੋਣਾਂ ਤੋਂ ਪਹਿਲਾਂ ਸਰਕਾਰ ਨੂੰ ਸੋਧ ਐਕਟ ਲਿਆ ਕੇ ਪੰਥਕ ਮੁੱਦਿਆਂ ਦੇ ਸਿਰ 'ਤੇ ਇੱਕ ਖ਼ਾਸ ਵਰਗ ਦੀਆਂ ਵੋਟਾਂ ਨੂੰ ਵਾਰਾ ਖਾਂਦਾ ਸੀ ਜਦ ਕਿ ਦੂਜੀ ਧਿਰ ਕਿਸੇ ਦਾ ਵਿਰੋਧ ਕਰਕੇ ਵੋਟਾਂ ਉੱਤੇ ਪਕੜ ਬਣਾਈ ਰੱਖਣਾ ਚਾਹੁੰਦੀ ਸੀ।

ਹੁਣ ਦੋਹਾਂ ਧਿਰਾਂ ਵਿੱਚ ਵਿਚਾਲੇ ਦਾ ਰਾਹ ਲੱਭ ਲਿਆ ਲੱਗਦਾ ਹੈ। ਵਿਧਾਨ ਸਭਾ ਵੱਲੋਂ ਸੋਧ ਬਿੱਲ ਪਾਸ ਕੀਤਾ ਗਿਆ ਸੀ। ਉਸ ਤੋਂ ਬਾਅਦ ਪੰਜਾਬ ਦੇ ਰਾਜਪਾਲ ਵੱਲੋਂ ਸਹੀ ਪਾਉਣ ਤੋਂ ਪਿੱਛੋਂ ਇਸ ਨੇ ਐਕਟ ਦਾ ਰੂਪ ਧਾਰਨ ਕਰ ਲਿਆ ਸੀ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2026 ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਪਰ ਇਸ ਲਈ ਹਾਲੇ ਰੂਲਜ਼ ਬਣਨੇ ਬਾਕੀ ਹਨ। ਸਾਡੇ ਆਲਾ ਮਿਆਰੀ ਸੂਤਰ ਦਾਅਵਾ ਕਰਦੇ ਹਨ ਕਿ ਇਸ ਨੂੰ ਲੈ ਕੇ ਜਾਰੀ ਕੀਤੇ ਜਾਣ ਵਾਲੇ ਰੂਲਜ਼ ਵਿੱਚ ਉਹ ਸੋਧਾਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਜੱਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਕੀਲ ਹਰਜਿੰਦਰ ਸਿੰਘ ਧਾਮੀ ਵੱਲੋਂ ਮੰਗ ਕੀਤੀ ਜਾ ਰਹੀ ਸੀ। ਵੈਸੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੋਣ ਜਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੋਹਾਂ ਨੇ ਸੋਧ ਐਕਟ ਉੱਤੇ ਇਤਰਾਜ਼ ਪਛੜ ਕੇ ਜਤਾਇਆ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਕੀਲ ਹਰਜਿੰਦਰ ਸਿੰਘ ਧਾਮੀ ਨੇ ਤਾਂ ਤਿੰਨ ਮਈ ਦੇ ਇਕੱਠ ਵਿੱਚ ਸੋਧ ਐਕਟ ਦਾ ਸਵਾਗਤ ਕਰਨ ਲਈ ਪੰਥ ਤੋਂ ਮੁਆਫ਼ੀ ਵੀ ਮੰਗ ਲਈ ਸੀ। ਜਥੇਦਾਰ ਗੜਗੱਜ ਖੁਦ ਵੀ ਸਮਾਣਾ ਵਿੱਚ ਕਾਨੂੰਨ ਨੂੰ ਬਣਾਏ ਜਾਣ ਲਾਏ ਧਰਨੇ ਵਿੱਚ ਜਾ ਕੇ ਸ਼ਾਮਿਲ ਹੁੰਦੇ ਰਹੇ ਹਨ।

ਜਿਹੜਾ ਵਿਰੋਧ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਕੀਲ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤਾ ਜਾ ਰਿਹਾ ਹੈ ਇਹ ਆਵਾਜ਼ ਵਿਧਾਨ ਸਭਾ ਵਿੱਚ ਬਿੱਲ ਲਿਆਉਣ ਤੋਂ ਪਹਿਲਾਂ ਉੱਠਣੀ ਚਾਹੀਦੀ ਸੀ। ਚਲੋ ਤਸੱਲੀ ਤਾਂ ਇਸ ਗੱਲ ਦੀ ਹੈ ਕਿ ਦੋਹੇ ਧਿਰਾਂ ਟਕਰਾਅ ਤੋਂ ਬਚ ਰਹੀਆਂ ਹਨ ਅਤੇ ਵਿੱਚ ਵਿਚਾਲੇ ਦਾ ਰਸਤਾ ਲੱਭਣ ਵੱਲ ਵੱਧ ਗਈਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 31 ਮਈ ਨੂੰ ਬਾਬਾ ਬਕਾਲਾ ਵਿਖੇ ਮੁੜ ਤੋਂ ਇਕੱਠ ਰੱਖਿਆ ਗਿਆ ਹੈ। ਜਥੇਦਾਰ ਗੜਗੱਜ ਸਭ ਤੋਂ ਪਹਿਲਾਂ ਤਿੰਨ ਇਕੱਠਾਂ ਵਿੱਚ ਸਰਕਾਰ ਉੱਤੇ ਸਿੱਖਾਂ ਨੂੰ ਗੁਰੂ ਨਾਲੋਂ ਤੋੜਨ ਅਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇਣ ਦਾ ਦੋਸ਼ ਲਾਉਂਦੇ ਰਹੇ ਹਨ। ਉਹਨਾਂ ਮੁਤਾਬਕ ਇਹ ਸੱਚ ਹੋ ਸਕਦਾ ਹੈ । ਪਰ ਮੁੱਕਰਿਆ ਇਸ ਗੱਲ ਤੋਂ ਵੀ ਨਹੀਂ ਜਾ ਸਕਦਾ ਕਿ ਸੋਧ ਬਿੱਲ ਤੋਂ ਲੈ ਕੇ ਇਤਰਾਜ਼ ਉਠਾਏ ਜਾਣ ਦੀ ਖੇਡ ਸਿਆਸੀ ਨਹੀਂ ਹੈ। ਇੱਕ ਗੱਲ ਇਹ ਵੀ ਮੰਨਣੀ ਪਵੇਗੀ ਕਿ ਪੰਜਾਬ ਸਰਕਾਰ ਨੇ ਸੋਧ ਐਕਟ ਵੱਖ ਵੱਖ ਪਾਸਿਆਂ ਤੋਂ ਪੈ ਰਹੇ ਦਬਾਅ ਕਾਰਨ ਬਣਾਇਆ ਹੈ ਪਰ ਹੁਣ ਇਹ ਰਾਸ ਆਉਣ ਲੱਗਾ ਹੈ।

ਬੁੱਧੀਜੀਵੀਆਂ ਦਾ ਇਕ ਮਤ ਇਹ ਵੀ ਹੈ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ ਲਿਆਉਣ ਦੀ ਲੋੜ ਹੀ ਨਹੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਕਿਸੇ ਕਾਨੂੰਨ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਗੁਰੂ ਹੈ। ਇਸ ਦਾ ਦਰਜਾ ਸਰਵਉੱਚ ਹੈ। ਇਹ ਸੱਚ ਕਾਨੂੰਨ ਬਣਾਉਣ ਵਾਲੇ ਵੀ ਮੰਨਦੇ ਹਨ ਅਤੇ ਕਾਨੂੰਨ ਦਾ ਵਿਰੋਧ ਕਰਨ ਵਾਲੇ ਵੀ ਸਮਰਪਿਤ ਹਨ। ਇਸ ਕਰਕੇ ਪੰਜਾਬ ਸਰਕਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਾਹਿਬ ਦੇ ਸੰਬੰਧਾਂ ਵਿੱਚ ਘੁਲ ਰਹੀ ਮਿਠਾਸ ਦਾ ਸੁਆਗਤ ਕਰਨਾ ਵੀ ਬਣਦਾ ਹੈ ਅਤੇ ਇਹ ਸਿੱਖ ਪੰਥ ਤੇ ਸਿੱਖ ਧਰਮ ਦੀ ਖੁਸ਼ਕਿਸਮਤੀ ਵੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸੰਵਾਦ ਦਾ ਸੁਨੇਹਾ ਦਿੰਦਾ ਹੈ। ਇਹ ਮਸਲਾ ਵੀ ਸੰਵਾਦ ਨਾਲ ਹੀ ਹੱਲ ਹੋਣ ਵੱਲ ਵਧਿਆ ਹੈ। ਕਿੰਨਾ ਚੰਗਾ ਹੋਵੇ ਕਿ ਜੇ ਪੰਜਾਬ ਤੇ ਪੰਥ ਨਾਲ ਜੁੜੇ ਮਸਲੇ ਸੰਵਾਦ ਰਾਹੀਂ ਹੱਲ ਕਰਨ ਲਈ ਕੇਂਦਰ ਸਰਕਾਰ ਵੀ ਵਧੇ ਅੱਗੇ।

# ਚੋਣਾਂ ਦੌਰਾਨ ਆਪ ਤੇ ਅਕਾਲੀ ਦਲ ਦੇ ਵਰਕਰਾਂ ਵਿਚਾਲੇ 'ਝੜਪ', ਮਾਹੌਲ ਹੋਇਆ ਹਿੰਸਕ



ਅੰਮ੍ਰਿਤਸਰ, 26 ਮਈ ( ਬਬਲੂ ਮਹਾਜਨ ) ਮਜੀਠਾ ਨਗਰ ਕੌਂਸਲ ਚੋਣਾਂ ਦੌਰਾਨ ਉਸ ਵੇਲੇ ਤਣਾਅਪੂਰਨ ਸਥਿਤੀ ਬਣ ਗਈ ਜਦੋਂ ਵਾਰਡ ਨੰਬਰ 6 ਦੇ ਬਾਹਰ ਬਣੇ ਕਾਊਂਟਰ ਬੂਥ ਤੇ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵਿਚਾਲੇ ਤਿੱਖੀ ਬਹਿਸ ਤੋਂ ਬਾਅਦ ਝਗੜਾ ਹੋ ਗਿਆ। ਦੋਵਾਂ ਧਿਰਾਂ ਵਿਚਾਲੇ ਹੋਈ ਧੱਕਾ-ਮੁੱਕੀ ਅਤੇ ਹੰਗਾਮੇ ਦੌਰਾਨ ਇੱਕ ਨੌਜਵਾਨ ਜ਼ਖ਼ਮੀ ਹੋ ਗਿਆ, ਜਿਸ ਦੇ ਸਿਰ ਤੇ ਸੱਟ ਲੱਗਣ ਦੀ ਜਾਣਕਾਰੀ ਸਾਹਮਣੇ ਆਈ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਪ੍ਰਸ਼ਾਸਨ ਤੁਰੰਤ ਮੌਕੇ ਤੇ ਪਹੁੰਚ ਗਿਆ ਅਤੇ ਹਾਲਾਤਾਂ ਨੂੰ ਕਾਬੂ ਕਰਨ ਲਈ ਦਖ਼ਲ ਦਿੱਤਾ। ਪੁਲਿਸ ਅਧਿਕਾਰੀਆਂ ਨੇ ਦੋਵਾਂ ਧਿਰਾਂ ਨੂੰ ਸ਼ਾਂਤ ਕਰਵਾਉਂਦਿਆਂ ਮਾਹੌਲ ਨੂੰ ਹੋਰ ਵਿਗੜਨ ਤੋਂ ਰੋਕਿਆ। ਇਸ ਦੌਰਾਨ ਕੁਝ ਸਮੇਂ ਲਈ ਇਲਾਕੇ ਵਿੱਚ ਤਣਾਅ ਬਣਿਆ ਰਿਹਾ ਅਤੇ ਲੋਕਾਂ ਦੀ ਭੀੜ ਵੀ ਇਕੱਠੀ ਹੋ ਗਈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਐਸਐਸਪੀ ਦਿਹਾਤੀ ਵੀ ਖੁਦ ਮੌਕੇ ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਪੁਲਿਸ ਵੱਲੋਂ ਦੋਵਾਂ ਧਿਰਾਂ ਦੇ ਨੁਮਾਇੰਦਿਆਂ ਅਤੇ ਸੰਬੰਧਤ ਵਿਅਕਤੀਆਂ ਨੂੰ ਪੁਲਿਸ ਸਟੇਸ਼ਨ ਬੁਲਾਇਆ ਗਿਆ ਹੈ ਤਾਂ ਜੋ ਘਟਨਾ ਸਬੰਧੀ ਪੂਰੀ ਜਾਣਕਾਰੀ ਇਕੱਠੀ ਕੀਤੀ ਜਾ ਸਕੇ ਅਤੇ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ। ਮਜੀਠਾ ਵਿੱਚ ਚੱਲ ਰਹੀਆਂ ਨਗਰ ਕੌਂਸਲ ਚੋਣਾਂ ਦੌਰਾਨ ਹੋਈ ਇਸ ਘਟਨਾ ਨੇ ਚੋਣੀ ਮਾਹੌਲ ਨੂੰ ਹੋਰ ਗਰਮਾ ਦਿੱਤਾ ਹੈ। ਪੁਲਿਸ ਪ੍ਰਸ਼ਾਸਨ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਲਾਕੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਗੜਬੜ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਹੁਣ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਵਾਂ ਧਿਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ।

# ਅੰਮ੍ਰਿਤਸਰ ਪੁਲਿਸ ਨੇ ਗਰਮੀ ਦੌਰਾਨ ਠੰਢੇ -ਮਿੱਠੇ ਜਲ ਦੀ ਛਬੀਲ ਲਗਾਈ



ਅੰਮ੍ਰਿਤਸਰ, 26 ਮਈ (ਬਬਲੂ ਮਹਾਜਨ) : ਵਧ ਰਹੀ ਗਰਮੀ ਅਤੇ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਵੱਲੋਂ ਸਮਾਜਿਕ ਸੇਵਾ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ। ਇਸ ਤਹਿਤ ਥਾਣਾ ਸੁਲਤਾਨਵਿੰਡ ਵੱਲੋਂ ਥਾਣੇ ਦੇ ਬਾਹਰ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ, ਜਿੱਥੇ ਰਾਹਗੀਰਾਂ ਅਤੇ ਵਾਹਨ ਚਾਲਕਾਂ ਨੂੰ ਮਿੱਠਾ ਜਲ ਪਿਲਾ ਕੇ ਸੇਵਾ ਭਾਵਨਾ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਸ਼੍ਰੀ ਵਿਸ਼ਾਲਜੀਤ ਸਿੰਘ ਏਡੀਸੀਪੀ ਸਿਟੀ-1 ਅੰਮ੍ਰਿਤਸਰ, ਸ਼੍ਰੀ ਪ੍ਰੀਤ ਇੰਦਰ ਸਿੰਘ ਏਸੀਪੀ ਸਾਹਿਬ ਅੰਮ੍ਰਿਤਸਰ, ਇੰਸਪੈਕਟਰ ਮੋਹਿਤ ਕੁਮਾਰ ਮੁੱਖ ਅਫਸਰ ਥਾਣਾ ਸੁਲਤਾਨਵਿੰਡ ਅਤੇ ਇੰਸਪੈਕਟਰ ਹਰਮਨਦੀਪ ਮੁੱਖ ਅਫਸਰ ਥਾਣਾ ਕੋਤਵਾਲੀ ਸਮੇਤ ਪੁਲਿਸ ਕਰਮਚਾਰੀ ਹਾਜ਼ਰ ਰਹੇ। ਅਧਿਕਾਰੀਆਂ ਨੇ ਖੁਦ ਲੋਕਾਂ ਨੂੰ ਠੰਡਾ ਮਿੱਠਾ ਜਲ ਪਿਲਾਇਆ ਅਤੇ ਗਰਮੀ ਤੋਂ ਰਾਹਤ ਪ੍ਰਦਾਨ ਕੀਤੀ।ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਪੰਜਾਬ ਪੁਲਿਸ ਹਮੇਸ਼ਾਂ ਲੋਕ ਸੇਵਾ ਲਈ ਵਚਨਬੱਧ ਰਹੀ ਹੈ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਲੋਕ ਭਲਾਈ ਕਾਰਜ ਜਾਰੀ ਰਹਿਣਗੇ। ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਦੌਰਾਨ ਛਬੀਲਾਂ ਲਗਾਉਣਾ ਮਨੁੱਖਤਾ ਦੀ ਸੇਵਾ ਹੈ ਅਤੇ ਇਸ ਨਾਲ ਸਮਾਜ ਵਿੱਚ ਭਾਈਚਾਰੇ ਦਾ ਸੰਦੇਸ਼ ਜਾਂਦਾ ਹੈ।ਇਸ ਦੌਰਾਨ ਰਾਹਗੀਰਾਂ ਅਤੇ ਸਥਾਨਕ ਲੋਕਾਂ ਨੇ ਪੰਜਾਬ ਪੁਲਿਸ ਦੇ ਇਸ ਉਪਰਾਲੇ ਦੀ ਖੁੱਲ੍ਹ ਕੇ ਸਰਾਹਨਾ ਕੀਤੀ। ਲੋਕਾਂ ਨੇ ਕਿਹਾ ਕਿ ਪੁਲਿਸ ਵੱਲੋਂ ਕੀਤੀ ਜਾ ਰਹੀ ਇਹ ਸੇਵਾ ਸਮਾਜ ਲਈ ਪ੍ਰੇਰਨਾਦਾਇਕ ਹੈ ਅਤੇ ਇਸ ਨਾਲ ਲੋਕਾਂ ਵਿੱਚ ਪੁਲਿਸ ਪ੍ਰਤੀ ਵਿਸ਼ਵਾਸ ਹੋਰ ਮਜ਼ਬੂਤ ਹੁੰਦਾ ਹੈ।

# ਹਰਭਜਨ ਸਿੰਘ ਈ.ਟੀ.ਓ. ਨੇ ਪਰਿਵਾਰ ਸਮੇਤ ਆਪਣੀ ਵੋਟ ਪਾਈ



ਅੰਮ੍ਰਿਤਸਰ 26 ਮਈ (ਬਬਲੂ ਮਹਾਜਨ ) - ਸੂਬੇ ਦੇ ਲੋਕ ਨਿਰਮਾਣ ਮੰਤਰੀ ਅਤੇ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਸ. ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਸਵੇਰੇ ਜੰਡਿਆਲਾ ਗੁਰੂ ਵਿਖੇ ਚੱਲ ਰਹੀਆਂ ਨਗਰ ਕੌਂਸਲ ਚੋਣਾਂ ਦੌਰਾਨ ਲੋਕਤੰਤਰ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਆਮ ਵੋਟਰਾਂ ਦੀ ਤਰ੍ਹਾਂ ਪਰਿਵਾਰ ਸਮੇਤ ਲਾਈਨ ਵਿੱਚ ਖੜ੍ਹ ਕੇ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ। ਉਨ੍ਹਾਂ ਵਾਰਡ ਨੰਬਰ 1 ਦੇ ਪੋਲਿੰਗ ਬੂਥ ਤੇ ਆਪਣੀ ਵੋਟ ਪਾਈ ਅਤੇ ਲੋਕਾਂ ਨੂੰ ਵੀ ਵੱਧ ਤੋਂ ਵੱਧ ਗਿਣਤੀ ਵਿੱਚ ਘਰਾਂ ਤੋਂ ਬਾਹਰ ਨਿਕਲ ਕੇ ਵੋਟ ਪਾਉਣ ਦੀ ਅਪੀਲ ਕੀਤੀ।ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਹਰ ਇੱਕ ਨਾਗਰਿਕ ਦਾ ਵੋਟ ਪਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਵੋਟ ਸਿਰਫ਼ ਇੱਕ ਅਧਿਕਾਰ ਹੀ ਨਹੀਂ, ਸਗੋਂ ਲੋਕਤੰਤਰ ਪ੍ਰਤੀ ਸਾਡੀ ਜ਼ਿੰਮੇਵਾਰੀ ਵੀ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਚੋਣਾਂ ਵਿੱਚ ਲੋਕਾਂ ਦਾ ਭਾਰੀ ਉਤਸ਼ਾਹ ਇਹ ਦਰਸਾਉਂਦਾ ਹੈ ਕਿ ਲੋਕ ਲੋਕਤੰਤਰਿਕ ਪ੍ਰਕਿਰਿਆ ਵਿੱਚ ਪੂਰਾ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਕਿਹਾ ਕਿ ਸ਼ਾਂਤੀਪੂਰਨ ਅਤੇ ਨਿਰਪੱਖ ਚੋਣਾਂ ਲੋਕਤੰਤਰ ਦੀ ਖ਼ੂਬਸੂਰਤੀ ਹਨ ਅਤੇ ਹਰ ਇੱਕ ਵੋਟਰ ਨੂੰ ਬਿਨਾਂ ਕਿਸੇ ਡਰ ਜਾਂ ਦਬਾਅ ਦੇ ਆਪਣੇ ਮਤ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ।ਉਨ੍ਹਾਂ ਨੇ ਚੋਣ ਡਿਊਟੀ 'ਤੇ ਤਾਇਨਾਤ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸੁਰੱਖਿਆ ਕਰਮਚਾਰੀਆਂ ਵੱਲੋਂ ਕੀਤੇ ਜਾ ਰਹੇ ਪ੍ਰਬੰਧਾਂ ਦੀ ਵੀ ਸਰਾਹਨਾ ਕੀਤੀ ਅਤੇ ਕਿਹਾ ਕਿ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਸ਼ਾਂਤੀਪੂਰਨ ਢੰਗ ਨਾਲ ਚੱਲ ਰਹੀ ਹੈ।

# ਬੀ.ਐਸ. ਸਾਹਿਲ ਬਣੇ ਕੌਮੀ ਕਿਸਾਨ ਯੂਨੀਅਨ ਦੇ ਮੀਡੀਆ ਇੰਚਾਰਜ



ਤਰਨਤਾਰਨ 26 ਮਈ (ਪੁਸ਼ਪਿੰਦਰ ਬੰਟੀ ਗੁਰਵਿੰਦਰ ਸਿੰਘ) ਕੌਮੀ ਕਿਸਾਨ ਯੂਨੀਅਨ ਦੀ ਇੱਕ ਮੀਟਿੰਗ ਜਿਲਾ ਪ੍ਰਧਾਨ ਤਰਸੇਮ ਸਿੰਘ ਲੁਹਾਰ ਦੀ ਅਗਵਾਈ ਹੇਠ ਕੀਤੀ ਕੀਤੀ ਗਈ ਇਸ ਮੌਕੇ ਬਿਕਰਮਜੀਤ ਸਿੰਘ ਸਾਹਿਲ ਨੂੰ ਯੂਨੀਅਨ ਦਾ ਮੀਡੀਆ ਇੰਚਾਰਜ ਨਿਯੁਕਤ ਕੀਤਾ ਗਿਆ ਇਸ ਮੌਕੇ ਤਰਸੇਮ ਸਿੰਘ ਲੁਹਾਰ ਨੇ ਕਿਹਾ ਕਿ ਸਾਨੂੰ ਆਸ ਹੈ ਕਿ ਜੋ ਇਹਨਾਂ ਨੂੰ ਜਿੰਮੇਵਾਰੀ ਦਿੱਤੀ ਹੈ ਇਹ ਇਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਇਸ ਮੌਕੇ ਸੀਨੀਅਰ ਆਗੂ ਸੁਖਪਾਲ ਸਿੰਘ ਅਤੇ ਰਤਨ ਸਿੰਘ ਆਦਿ ਨਾਲ਼ ਮਜੋਦ ਸਨ

# ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸੁਖਮਿੰਦਰ ਸਿੰਘ ਰਾਜਪਾਲ ਦੇ ਗ੍ਰਹਿ ਵਿਖੇ ਸਿੱਖ ਚਿੰਤਕਾਂ ਅਤੇ ਸਿੰਘ ਸਭਾਵਾਂ ਨਾਲ ਕੀਤੀ ਡੂੰਘੀ ਵਿਚਾਰ-ਚਰਚਾ

## *ਸ਼੍ਰੀ ਅਕਾਲ ਤਖ਼ਤ ਸਾਹਿਬ ਹਰ ਪੰਜਾਬੀ ਅਤੇ ਹਰ ਸਿੱਖ ਦੀ ਅਗਵਾਈ ਕਰੇਗਾ: ਜਥੇਦਾਰ ਗੜਗੱਜ*



ਜਲੰਧਰ, 26 ਮਈ (ਚ.ਨ.ਸ.) ਅੱਜ ਕੌਮ ਦੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਸੁਖਮਿੰਦਰ ਸਿੰਘ ਰਾਜਪਾਲ ਕੌਮੀ ਬੁਲਾਰੇ ਸ਼੍ਰੋਮਣੀ ਅਕਾਲੀ ਦਲ ਦੇ ਗ੍ਰਹਿ ਵਿਖੇ ਪਹੁੰਚੇ, ਜਿੱਥੇ ਉਹਨਾਂ ਦਾ ਫੁੱਲਾਂ ਦੀ ਵਰਖਾ ਅਤੇ ਨਿੱਘੇ ਸਤਿਕਾਰ ਨਾਲ ਭਰਪੂਰ ਸਵਾਗਤ ਕੀਤਾ ਗਿਆ। ਇਸ ਮੌਕੇ ਜਲੰਧਰ ਸ਼ਹਿਰ ਦੀਆਂ ਸਮੂਹ ਸਿੰਘ ਸਭਾਵਾਂ ਦੇ ਪ੍ਰਧਾਨ ਸਾਹਿਬਾਨ, ਸਕੱਤਰ ਸਾਹਿਬਾਨ ਅਤੇ ਮੈਂਬਰ ਵੱਡੀ ਗਿਣਤੀ ਵਿੱਚ ਹਾਜ਼ਰ ਰਹੇ।ਇਸ ਦੌਰਾਨ ਪੰਜਾਬ ਅਤੇ ਪੰਥ ਨਾਲ ਜੁੜੇ ਕਈ ਅਹਿਮ ਮੁੱਦਿਆਂ ਉੱਤੇ ਡੂੰਘੀ ਵਿਚਾਰ-ਚਰਚਾ ਕੀਤੀ ਗਈ। ਖਾਸ ਕਰਕੇ ਪਿਛਲੇ ਦਿਨੀਂ ਰਾਜਾ ਗਾਰਡਨ ਨਹਿਰ ਕੋਲ ਹੋਈ ਗੁਟਕਾ ਸਾਹਿਬ ਦੀ ਬੇਅਦਬੀ ਦੇ ਮਾਮਲੇ ਨੂੰ ਗੰਭੀਰਤਾ ਨਾਲ ਚੁੱਕਿਆ ਗਿਆ। ਦਾਸ ਸੁਖਮਿੰਦਰ ਸਿੰਘ ਰਾਜਪਾਲ ਵੱਲੋਂ ਇਸ ਗੱਲ 'ਤੇ ਆਵਾਜ਼ ਬੁਲੰਦ ਕੀਤੀ ਗਈ ਕਿ ਪੁਲਿਸ ਵੱਲੋਂ ਤਿੰਨ ਨੌਜਵਾਨਾਂ ਉੱਤੇ ਤਸ਼ੱਦਦ ਕੀਤਾ ਗਿਆ ਸੀ। ਭਾਵੇਂ ਉਹਨਾਂ ਨੂੰ ਰਿਹਾ ਕਰ ਦਿੱਤਾ ਗਿਆ ਹੈ, ਪਰ ਅਸਲ ਦੋਸ਼ੀ ਅਜੇ ਤੱਕ ਕਾਨੂੰਨ ਦੀ ਗ੍ਰਿਫ਼ਤ ਤੋਂ ਬਾਹਰ ਹਨ।ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਨੇ ਕਿਹਾ ਕਿ ਪੰਜਾਬ ਅਤੇ ਸਿੱਖ ਕੌਮ ਨੂੰ ਕਿਸੇ ਵੀ ਤਰ੍ਹਾਂ ਦੀ ਘਬਰਾਹਟ ਦੀ ਲੋੜ ਨਹੀਂ ਹੈ। ਉਹਨਾਂ ਕਿਹਾ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਹਰ ਪੰਜਾਬੀ ਅਤੇ ਹਰ ਸਿੱਖ ਦੀ ਅਗਵਾਈ ਕਰੇਗਾ ਅਤੇ ਕਿਸੇ ਨਾਲ ਵੀ ਧੱਕੇਸ਼ਾਹੀ ਨਹੀਂ ਹੋਣ ਦਿੱਤੀ ਜਾਵੇਗੀ। ਉਹਨਾਂ ਨੇ ਕਿਹਾ ਕਿ ਕਿਸੇ ਦੀ ਵੀ ਵੋਟ ਨਹੀਂ ਕੱਟੀ ਜਾਵੇਗੀ ਅਤੇ ਨਾ ਹੀ ਪੰਜਾਬੀਆਂ ਦੇ ਹੱਕਾਂ 'ਤੇ ਡਾਕਾ ਮਾਰਨ ਦਿੱਤਾ ਜਾਵੇਗਾ।ਸਿੰਘ ਸਾਹਿਬ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਸਾਰੇ ਪੰਜਾਬੀ ਅਤੇ ਸਿੱਖ ਇਕੱਠੇ ਹੋ ਕੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰਛਾਇਆ ਹੇਠ ਇਕਜੁੱਟ ਹੋਣ, ਤਾਂ ਜੋ ਕੌਮ, ਪੰਜਾਬ ਅਤੇ ਪੰਥ ਦੇ ਹੱਕਾਂ ਦੀ ਰੱਖਿਆ ਹੋ ਸਕੇ। ਉਹਨਾਂ ਕਿਹਾ ਕਿ ਅੱਜ ਲੋੜ ਹੈ ਏਕਤਾ, ਚੜ੍ਹਦੀਕਲਾ ਅਤੇ ਪੰਥਕ ਸੋਚ ਨਾਲ ਅੱਗੇ ਵਧਣ ਦੀ।ਇਸ ਮੌਕੇ ਹਾਜ਼ਰ ਸੁਖਮਿੰਦਰ ਸਿੰਘ ਰਾਜਪਾਲ , ਐਡਵੋਕੇਟ ਸਰਬਜੀਤ ਸਿੰਘ ਰਾਜਪਾਲ , ਨਿਰਵੈਰ ਸਿੰਘ ਸਾਜਨ , ਕੁਲਜੀਤ ਸਿੰਘ ਚਾਵਲਾ, ਗੁਰਜੋਤ ਸਿੰਘ, ਜਪਨਜੋਤ ਸਿੰਘ, ਜਤਿੰਦਰ ਕੌਰ, ਸਤਵਿੰਦਰ ਕੌਰ, ਲੱਕੀ ਮਲਹੋਤਰਾ, ਵਿਜੇ ਕੁਮਾਰ ਮੀਤਾ, ਸੁਰਿੰਦਰ ਪਾਲ ਸਿੰਘ ਮੱਕੜ, ਸੁਖਪਾਲ ਸਿੰਘ, ਗੁਰਨਾਮ ਸਿੰਘ, ਸਤਨਾਮ ਸਿੰਘ, ਮਾਸਟਰ ਨਿਰਜਨ ਸਿੰਘ, ਬੂਟਾ ਸਿੰਘ, ਗਿਆਨੀ ਗੁਰਲਾਲ ਸਿੰਘ ਜੀ, ਸਰਦਾਰ ਪਰਸ਼ੋਤਮ ਸਿੰਘ, ਗਗਨਦੀਪ ਸਿੰਘ, ਹਰਪ੍ਰੀਤ ਸਿੰਘ, ਮਨਦੀਪ ਸਿੰਘ, ਮਾਰਟਿਨ ਸਿੰਘ ਆਦਿ ਹਾਜ਼ਿਰ ਸੀ ਅਤੇ ਸਮੁੱਚੀ ਸਿੰਘ ਸਭਾਵਾਂ ਦੇ ਨੁਮਾਇੰਦਿਆਂ ਨੇ ਵੀ ਸਿੰਘ ਸਾਹਿਬ ਸਿਰੋਪਾ ਪਾ ਕੇ ਸਨਮਾਨ ਕੀਤਾ ਤੇ ਉਨ੍ਹਾ ਦਾਰਾਜਪਾਲ ਦੇ ਗ੍ਰਹਿ ਵਿਖੇ ਪੁੱਜਣ ਤੇ ਦਿਲੋ ਧੰਨਵਾਦ ਕੀਤਾ ਅਤੇ ਪੰਥਕ ਮੁੱਦਿਆਂ 'ਤੇ ਇਕੱਠੇ ਹੋ ਕੇ ਲੜਨ ਦਾ ਭਰੋਸਾ ਦਿੱਤਾ।

# ਕੈਨੇਡਾ ਪੁੱਜੇ ਭਾਈ ਹਰਵਿੰਦਰਪਾਲ ਸਿੰਘ ਲਿਟਲ, ਕੀਰਤਨ ਰਾਹੀਂ ਕਰਨਗੇ ਸਿੱਖੀ ਦਾ ਪ੍ਰਚਾਰ



ਅੰਮ੍ਰਿਤਸਰ, 26 ਮਈ (ਬਬਲੂ ਮਹਾਜਨ) : ਬੀਬੀ ਕੌਲਾਂ ਜੀ ਭਲਾਈ ਕੇਂਦਰ ਦੇ ਕੀਰਤਨੀਏ ਭਾਈ ਹਰਵਿੰਦਰਪਾਲ ਸਿੰਘ ਲਿਟਲ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ ਕੈਨੇਡਾ ਪਹੁੰਚੇ। ਇਸ ਦੌਰੇ ਦੌਰਾਨ ਉਹ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਦੇ ਵਿਖੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਵਿਦੇਸ਼ ਪਹੁੰਚਣ ਤੇ ਕੈਨੇਡਾ ਦੀਆਂ ਸੰਗਤਾਂ ਨੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ। ਭਾਈ ਹਰਵਿੰਦਰ ਪਾਲ ਸਿੰਘ ਲਿਟਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਮਿਤੀ 9 ਜੂਨ ਤੱਕ ਰੋਜਾਨਾ ਕੀਰਤਨ ਸਮਾਗਮ 7 ਤੋਂ 9 ਵਜੇ ਸੱਜਣਗੇ। ਉਹਨਾਂ ਦੱਸਿਆ ਵਿਸ਼ੇਸ਼ ਤੌਰ ਤੇ ਮਹਾਨ ਆਤਮ ਰਸ ਕੀਰਤਨ ਦਰਬਾਰ 29,30,31 ਮਈ ਨੂੰ ਸ਼ਾਮ 6 ਵਜੇ ਤੋਂ 11 ਵਜੇ ਤੱਕ ਹੋ ਰਹੇ ਹਨ। ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਸਾਬਕਾ ਹੈਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਗਿਆਨੀ ਜਗਤਾਰ ਸਿੰਘ ਜੀ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਅਰਦਾਸੀਏ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਅਤੇ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਬੀਬੀ ਕੌਲਾਂ ਜੀ ਵਾਲੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।ਭਾਈ ਹਰਵਿੰਦਰਪਾਲ ਸਿੰਘ ਜੀ ਨੇ ਕਿਹਾ ਮਨ ਦੀ ਇੱਕੋ ਇੱਕ ਇੱਛਾ ਹੈ ਕਿ ਦੁਨੀਆਂ ਦੇ ਕੋਨੇ ਕੋਨੇ ਵਿੱਚ ਸਿੱਖੀ ਦਾ ਬੂਟਾ ਹਮੇਸ਼ਾ ਵੱਧਦਾ ਫੁਲਦਾ ਰਹੇ। ਉਹਨਾਂ ਕਿਹਾ ਇਸ ਦੌਰੇ ਦੌਰਾਨ ਕੈਨੇਡਾ ਦੀਆਂ ਸੰਗਤਾਂ ਵੱਲੋਂ ਉਹਨਾਂ ਨੂੰ ਭਰਪੂਰ ਮਾਨ ਸਤਿਕਾਰ ਮਿਲ ਰਿਹਾ ਹੈ।

# ਰਮਦਾਸ ਨਗਰ ਕੌਂਸਲ ਦੇ ਵਾਰਡ ਨੰਬਰ 11 ਵਿੱਚ ਵੋਟਿੰਗ ਦੌਰਾਨ ਜ਼ਬਰਦਸਤ ਹੰਗਾਮਾ

## ਪੁਲਿਸ ਵੱਲੋਂ ਪੋਲਿੰਗ ਏਜੰਟਾਂ ਅਤੇ ਉਮੀਦਵਾਰਾਂ ਨੂੰ ਅੰਦਰ ਜਾਣ ਤੋਂ ਰੋਕਣ ਦੇ ਦੋਸ਼



ਅੰਮ੍ਰਿਤਸਰ, 26 ਮਈ ( ਬਬਲੂ ਮਹਾਜਨ) : ਨਗਰ ਕੌਂਸਲ ਚੋਣਾਂ ਦੌਰਾਨ ਰਮਦਾਸ ਵਾਰਡ ਨੰਬਰ 11 ਵਿੱਚ ਉਸ ਵੇਲੇ ਮਾਹੌਲ ਤਣਾਅਪੂਰਨ ਬਣ ਗਿਆ ਜਦੋਂ ਤਿੰਨ ਵੋਟਾਂ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ। ਮਾਮਲੇ ਨੇ ਉਸ ਸਮੇਂ ਹੋਰ ਗੰਭੀਰ ਰੂਪ ਧਾਰ ਲਿਆ ਜਦੋਂ ਪੁਲਿਸ ਵੱਲੋਂ ਪੋਲਿੰਗ ਬੂਥ ਦਾ ਦਰਵਾਜ਼ਾ ਬੰਦ ਕਰ ਦਿੱਤਾ ਗਿਆ ਅਤੇ ਪੋਲਿੰਗ ਏਜੰਟਾਂ ਤੇ ਉਮੀਦਵਾਰਾਂ ਨੂੰ ਅੰਦਰ ਜਾਣ ਤੋਂ ਰੋਕਿਆ ਗਿਆ। ਇਸ ਘਟਨਾ ਤੋਂ ਬਾਅਦ ਮੌਕੇ 'ਤੇ ਹੰਗਾਮੇ ਵਾਲੀ ਸਥਿਤੀ ਬਣ ਗਈ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਪ੍ਰਸ਼ਾਸਨ ਖ਼ਿਲਾਫ਼ ਨਾਰਾਜ਼ਗੀ ਜਤਾਈ।ਮੌਕੇ 'ਤੇ ਭਾਜਪਾ ਆਗੂ ਅਤੇ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਅਕਾਲੀ ਆਗੂ ਜੋਧ ਸਿੰਘ ਸਮਰਾ ਅਤੇ ਕਾਂਗਰਸ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਵੀ ਪਹੁੰਚੇ। ਉਨ੍ਹਾਂ ਪ੍ਰਸ਼ਾਸਨ 'ਤੇ ਚੋਣ ਪ੍ਰਕਿਰਿਆ ਵਿੱਚ ਰੁਕਾਵਟ ਪੈਦਾ ਕਰਨ ਅਤੇ ਪੋਲਿੰਗ ਏਜੰਟਾਂ ਨੂੰ ਅੰਦਰ ਜਾਣ ਤੋਂ ਰੋਕਣ ਦੇ ਦੋਸ਼ ਲਗਾਏ। ਆਗੂਆਂ ਨੇ ਕਿਹਾ ਕਿ ਚੋਣ ਪ੍ਰਕਿਰਿਆ ਪਾਰਦਰਸ਼ੀ ਅਤੇ ਨਿਰਪੱਖ ਹੋਣੀ ਚਾਹੀਦੀ ਹੈ ਅਤੇ ਕਿਸੇ ਵੀ ਪਾਰਟੀ ਨਾਲ ਧੱਕੇਸ਼ਾਹੀ ਨਹੀਂ ਹੋਣੀ ਚਾਹੀਦੀ ਹੰਗਾਮੇ ਦੀ ਸੂਚਨਾ ਮਿਲਣ ਤੋਂ ਬਾਅਦ ਐਸਡੀਐਮ ਅਜਨਾਲਾ ਡਾ. ਚਾਰੂਮਿਤਾ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਦੋਵੇਂ ਧਿਰਾਂ ਨਾਲ ਗੱਲਬਾਤ ਕਰਕੇ ਮਾਹੌਲ ਨੂੰ ਸ਼ਾਂਤ ਕਰਵਾਇਆ। ਮੀਡੀਆ ਨਾਲ ਗੱਲਬਾਤ ਕਰਦਿਆਂ ਐਸਡੀਐਮ ਨੇ ਦੱਸਿਆ ਕਿ ਤਿੰਨ ਵੋਟਾਂ ਨੂੰ ਲੈ ਕੇ ਇਹ ਵਿਵਾਦ ਸਾਹਮਣੇ ਆਇਆ ਸੀ। ਉਨ੍ਹਾਂ ਕਿਹਾ ਕਿ ਇਹ ਵੋਟਾਂ ਕਿਸੇ ਹੋਰ ਬੂਥ ਤੋਂ ਸ਼ਿਫਟ ਹੋ ਕੇ ਇਸ ਬੂਥ ਵਿੱਚ ਆਈਆਂ ਸਨ, ਪਰ ਸੰਬੰਧਿਤ ਲਿਸਟ ਸਮੇਂ ਸਿਰ ਸਟਾਫ ਵੱਲੋਂ ਨਹੀਂ ਭੇਜੀ ਗਈ, ਜਿਸ ਕਾਰਨ ਗਲਤਫਹਿਮੀ ਪੈਦਾ ਹੋਈ।ਐਸਡੀਐਮ ਡਾ. ਚਾਰੂਮਿਤਾ ਨੇ ਸਪਸ਼ਟ ਕੀਤਾ ਕਿ ਮਾਮਲੇ ਨੂੰ ਤੁਰੰਤ ਹੱਲ ਕਰ ਲਿਆ ਗਿਆ ਹੈ ਅਤੇ ਅਜੇ ਤੱਕ ਕਿਸੇ ਵੀ ਤਰ੍ਹਾਂ ਦੀ ਗਲਤ ਵੋਟ ਪੈਣ ਦੀ ਪੁਸ਼ਟੀ ਨਹੀਂ ਹੋਈ। ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਨਿਰਪੱਖ ਢੰਗ ਨਾਲ ਕਰਵਾਈ ਜਾ ਰਹੀ ਹੈ ਅਤੇ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥ ਵਿੱਚ ਲੈਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।ਘਟਨਾ ਤੋਂ ਬਾਅਦ ਇਲਾਕੇ ਵਿੱਚ ਪੁਲਿਸ ਦੀ ਸੁਰੱਖਿਆ ਹੋਰ ਵਧਾ ਦਿੱਤੀ ਗਈ ਅਤੇ ਪ੍ਰਸ਼ਾਸਨ ਵੱਲੋਂ ਪੂਰੇ ਮਾਮਲੇ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ।

# ਨਗਰ ਨਿਗਮ ਬਟਾਲਾ 'ਚ ਵੋਟ ਪ੍ਰਕਿਰਿਆ ਸ਼ਾਂਤੀ ਪੂਰਵਕ ਨੇਪਰੇ ਚੜ੍ਹੀ

ਬਟਾਲਾ, 26 ਮਈ (ਸੁਖਦੇਵ ਸਿੰਘ ਰੰਧਾਵਾ ਬਲਵੀਰ ਸੋਹਲ )- ਜ਼ਿਲਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿਤਿਆ ਉੱਪਲ ਦੀ ਅਗਵਾਈ ਵਿੱਚ ਨਗਰ ਨਿਗਮ ਬਟਾਲਾ ਸਮੇਤ ਨਗਰ ਕੌਂਸਲ ਫਤਿਹਗੜ੍ਹ ਚੂੜੀਆਂ, ਸ੍ਰੀ ਹਰਗੋਬਿੰਦਪੁਰ ਸਾਹਿਬ ਅਤੇ ਧਾਰੀਵਾਲ ਅੰਦਰ ਵੋਟ ਪ੍ਰਕਿਰਿਆ ਅਮਨ ਸ਼ਾਤੀ ਪੂਰਵਕ ਨੇਪਰੇ ਚੜ੍ਹੀ ਹੈ। ਐੱਸ.ਡੀ.ਐੱਮ-ਕਮ-ਰਿਟਰਨਿੰਗ ਅਫਸਰ ਬਟਾਲਾ ਸਾਰੰਗਪ੍ਰੀਤ ਸਿੰਘ ਨੇ ਬਟਾਲਾ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿਵਲ, ਪੁਲਿਸ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਸਮੇਤ ਸਮੂਹ ਪੋਲਿੰਗ ਸਟਾਫ ਦੇ ਸਹਿਯੋਗ ਨਾਲ ਵੋਟ ਪ੍ਰਕਿਰਿਆ ਸਫਲਤਾਪੂਰਵਕ ਢੰਗ ਨਾਲ ਨੇਪਰੇ ਚੜ੍ਹੀ ਹੈ, ਜਿਸ ਲਈ ਸਾਰੇ ਵਧਾਈ ਦੇ ਪਾਤਰ ਹਨ। ਇਸ ਮੌਕੇ ਉਨਾਂ ਰਾਜਸੀ ਪਾਰਟੀਆਂ ਸਮੇਤ ਸਮੂਹ ਉਮੀਦਵਾਰਾਂ ਵਲੋਂ ਵੋਟ ਪ੍ਰਕਿਰਿਆ ਬਹੁਤ ਹੀ ਸੁਖਾਵੇਂ ਤੇ ਅਮਨ ਸ਼ਾਂਤੀ ਢੰਗ ਨਾਲ ਮੁਕੰਮਲ ਕਰਵਾਉਣ ਲਈ ਜਿਲਾ ਪ੍ਰਸ਼ਾਸਨ ਨੂੰ ਦਿੱਤੇ ਸਹਿਯੋਗ ਲਈ ਵੀ ਧੰਨਵਾਦ ਕੀਤਾ। ਉਨਾਂ ਗੱਲ ਕਰਦਿਆਂ ਅੱਗੇ ਦੱਸਿਆ ਕਿ ਨਗਰ ਨਿਗਮ ਬਟਾਲਾ ਵਿਚ 58.55 ਫੀਸਦ, ਪੋਲਿੰਗ ਹੋਈ ਹੈ ਅਤੇ ਵੋਟਾਂ ਦੀ ਗਿਣਤੀ 29 ਮਈ ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਮਾਣਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਸਟਰਾਂਗ ਰੂਮ ਵਿਚ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ 24 ਘੰਟੇ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ।ਜਿਲ੍ਹੇ ਵਿੱਚ 66.43 ਫੀਸਦੀ ਪੋਲਿੰਗ ਹੋਈ ਹੈ। ਨਗਰ ਨਿਗਮ ਬਟਾਲਾ ਵਿਚ 58.55 ਫੀਸਦ, ਨਗਰ ਕੌਂਸਲ ਫਤਿਹਗੜ੍ਹ ਚੂੜੀਆਂ ਵਿੱਚ 64.93ਵਫੀਸਦ, ਨਗਰ ਕੌਂਸਲ ਧਾਰੀਵਾਲ ਵਿੱਚ 69.69 ਫੀਸਦ ਫੀਸਦ ਪੋਲਿੰਗ ਹੋਈ ਹੈ।

# 31 ਮਈ ਨੂੰ ਹੋਵੇਗੀ ਵਿਸ਼ਾਲ ਪੰਥਕ ਇਕੱਤਰਤਾ

## ਸਿੱਖ ਕੌਮ ਪੰਥਕ ਏਕਤਾ ਨਾਲ ਤੈਅ ਕਰੇ ਅਗਲਾ ਰਾਹ : ਹੈਡ ਗ੍ਰੰਥੀ



ਅੰਮ੍ਰਿਤਸਰ ,26 ਮਈ : (ਬਬਲੂ ਮਹਾਜਨ) ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਲਿਆਂਦੇ ਗਏ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਸਬੰਧੀ ਸਿੱਖ ਸੰਗਤਾਂ ਨੂੰ ਕਿਹਾ ਕਿ ਇਸ ਐਕਟ ਵਿੱਚ ਕੁਝ ਅਜਿਹੀਆਂ ਮੱਦਾਂ ਸ਼ਾਮਲ ਕੀਤੀਆਂ ਗਈਆਂ ਹਨ ਜੋ ਸਿੱਖ ਭਾਵਨਾਵਾਂ ਦੇ (ਵਿਸ਼ੇਸ਼ ਤੌਰ ਤੇ ਗ੍ਰੰਥੀ ਸਿੰਘਾਂ, ਪ੍ਰਚਾਰਕ ਸਾਹਿਬਾਨ, ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ)ਵਿਰੁੱਧ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਆਪਣੇ ਗੁਰੂ ਸਾਹਿਬਾਨ ਦੀ ਬੇਅਦਬੀ ਅਤੇ ਸਤਿਕਾਰ ਨਾਲ ਜੁੜੇ ਹਰ ਮਸਲੇ ਨੂੰ ਬਹੁਤ ਗੰਭੀਰਤਾ ਨਾਲ ਲੈਂਦੀ ਹੈ, ਗਿਆਨੀ ਅਮਰਜੀਤ ਸਿੰਘ ਨੇ ਕਿਹਾ ਕਿ ਇਸ ਸੰਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ 31 ਮਈ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਇਕ ਵਿਸ਼ਾਲ ਪੰਥਕ ਇਕੱਤਰਤਾ ਕਰਵਾਈ ਜਾ ਰਹੀ ਹੈ। ਇਸ ਇਕੱਤਰਤਾ ਵਿੱਚ ਸਿੱਖ ਵਿਦਵਾਨ, ਧਾਰਮਿਕ ਜਥੇਬੰਦੀਆਂ, ਟਕਸਾਲਾਂ, ਨਿਹੰਗ ਸਿੰਘ ਜਥੇਬੰਦੀਆਂ ਅਤੇ ਵੱਖ-ਵੱਖ ਸਿੱਖ ਸੰਸਥਾਵਾਂ ਆਪਣੇ ਵਿਚਾਰ ਸਾਂਝੇ ਕਰਨਗੀਆਂ। ਉਨ੍ਹਾਂ ਕਿਹਾ ਕਿ ਇਹ ਸਮਾਂ ਪੰਥਕ ਏਕਤਾ ਦਾ ਹੈ ਅਤੇ ਸਾਰਿਆਂ ਨੂੰ ਮਿਲ ਬੈਠ ਕੇ ਗੁਰਮਤਿ ਅਨੁਸਾਰ ਅਗਲਾ ਰਾਹ ਤੈਅ ਕਰਨਾ ਚਾਹੀਦਾ ਹੈ।ਉਨ੍ਹਾਂ ਸੰਗਤਾਂ ਨੂੰ ਕਿਹਾ ਕਿ ਉਹ ਵੱਡੀ ਗਿਣਤੀ ਵਿੱਚ ਬਾਬਾ ਬਕਾਲਾ ਸਾਹਿਬ ਪਹੁੰਚ ਕੇ ਪੰਥਕ ਇਕੱਤਰਤਾ ਦਾ ਹਿੱਸਾ ਬਣਨ ਅਤੇ ਸਿੱਖ ਕੌਮ ਨਾਲ ਜੁੜੇ ਇਸ ਅਹਿਮ ਮਸਲੇ 'ਤੇ ਆਪਣੀ ਹਾਜ਼ਰੀ ਦਰਜ ਕਰਵਾਉਣ। ਉਨ੍ਹਾਂ ਕਿਹਾ ਕਿ ਕੌਮੀ ਮਸਲਿਆਂ ਦੇ ਹੱਲ ਲਈ ਸਿੱਖ ਸੰਗਤਾਂ ਦੀ ਇੱਕਜੁਟਤਾ ਬਹੁਤ ਜ਼ਰੂਰੀ ਹੈ।

# ਜ਼ਿਲ੍ਹਾ ਅੰਮ੍ਰਿਤਸਰ ਦੀਆਂ 3 ਨਗਰ ਕੌਂਸਲਾਂ ਅਤੇ 1 ਨਗਰ ਪੰਚਾਇਤ ਦੀ ਚੋਣ ਅਮਨ-ਸ਼ਾਂਤੀ ਨਾਲ ਮੁਕੰਮਲ



ਅੰਮ੍ਰਿਤਸਰ, 26 ਮਈ (ਬਬਲੂ ਮਹਾਜਨ) : ਜ਼ਿਲ੍ਹਾ ਅੰਮ੍ਰਿਤਸਰ ਦੀਆਂ 3 ਨਗਰ ਕੌਂਸਲਾਂ ਜੰਡਿਆਲਾ ਗੁਰੂ, ਮਜੀਠਾ, ਰਮਦਾਸ ਅਤੇ 1 ਨਗਰ ਪੰਚਾਇਤ ਰਈਆ ਦੀ ਆਮ ਚੋਣ ਅੱਜ ਪੂਰੀ ਤਰ੍ਹਾਂ ਅਮਨ-ਸ਼ਾਂਤੀ ਨਾਲ ਮੁਕੰਮਲ ਹੋ ਗਈ ਹੈ। ਤੇਜ਼ ਗਰਮੀ ਦੇ ਬਾਵਜੂਦ ਵੀ ਇਨ੍ਹਾਂ ਨਗਰ ਕੌਂਸਲਾਂ ਅਤੇ ਨਗਰ ਪੰਚਾਇਤ ਦੇ ਵੋਟਰਾਂ ਨੇ ਪੂਰੇ ਉਤਸ਼ਾਹ ਦੇ ਨਾਲ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ।ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ਅਧੀਨ 3 ਨਗਰ ਕੌਂਸਲਾਂ ਜੰਡਿਆਲਾ ਗੁਰੂ, ਮਜੀਠਾ, ਰਮਦਾਸ ਅਤੇ 1 ਨਗਰ ਪੰਚਾਇਤ ਰਈਆ ਵਿੱਚ ਅੱਜ ਸਵੇਰੇ 8:00 ਵਜੇ ਵੋਟਾਂ ਪੈਣ ਦੀ ਪ੍ਰੀਕ੍ਰਿਆ ਸ਼ੁਰੂ ਹੋਈ ਸੀ ਜੋ ਸ਼ਾਮ 5:00 ਵਜੇ ਤੱਕ ਨਿਰਵਿਘਨ ਚੱਲੀ। ਇਸ ਦੌਰਾਨ ਇਨ੍ਹਾਂ 3 ਨਗਰ ਕੌਂਸਲਾਂ ਅਤੇ ਇੱਕ ਨਗਰ ਪੰਚਾਇਤ ਵਿੱਚ ਵੋਟਾਂ ਪੈਣ ਦੀ ਕੁੱਲ ਪ੍ਰਤੀਸ਼ਤ 63.5 ਫ਼ੀਸਦੀ ਰਹੀ ਹੈ। ਨਗਰ ਕੌਂਸਲ ਅਤੇ ਨਗਰ ਪੰਚਾਇਤ ਵਾਈਜ ਪਈਆਂ ਵੋਟਾਂ ਦੀ ਪ੍ਰਤੀਸ਼ਤਤਾ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨਗਰ ਕੌਂਸਲ ਜੰਡਿਆਲਾ ਗੁਰੂ ਵਿੱਚ ਕੁੱਲ 57.08 ਫ਼ੀਸਦੀ ਵੋਟਾਂ ਪਈਆਂ ਹਨ। ਇਸ ਤੋਂ ਇਲਾਵਾ ਨਗਰ ਕੌਂਸਲ ਮਜੀਠਾ ਵਿੱਚ 62 ਫ਼ੀਸਦੀ ਅਤੇ ਨਗਰ ਕੌਂਸਲ ਰਮਦਾਸ ਵਿੱਚ 77.33 ਫ਼ੀਸਦੀ ਵੋਟਰਾਂ ਨੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਨਗਰ ਪੰਚਾਇਤ ਰਈਆ ਵਿੱਚ ਕੁੱਲ 53.06 ਪੋਲਿੰਗ ਫ਼ੀਸਦੀ ਰਹੀ ਹੈ। ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਵੋਟਾਂ ਦੇ ਬੈਲਟ ਬਕਸਿਆਂ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਰੱਖਿਆ ਜਾਵੇਗਾ ਅਤੇ 29 ਮਈ 2026 ਨੂੰ ਨਿਰਧਾਰਿਤ ਗਿਣਤੀ ਸਥਾਨਾਂ ਉੱਪਰ ਵੋਟਾਂ ਦੀ ਗਿਣਤੀ ਹੋਵੇਗੀ ਅਤੇ ਨਤੀਜੇ ਐਲਾਨੇ ਜਾਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਪੋਲਿੰਗ ਸਟੇਸ਼ਨਾਂ ਉੱਪਰ ਵੋਟਰਾਂ ਦੀ ਸਹੂਲਤ ਲਈ ਛਾਂ-ਪਾਣੀ ਅਤੇ ਹੋਰ ਲੋੜੀਂਦੇ ਪ੍ਰਬੰਧ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਏਨੀਂ ਗਰਮੀ ਦੇ ਬਾਵਜੂਦ ਵੀ ਵੋਟਰਾਂ ਨੇ ਪੂਰੇ ਉਤਸ਼ਾਹ ਨਾਲ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ ਹੈ ਜਿਸ ਲਈ ਉਹ ਸਮੂਹ ਵੋਟਰਾਂ ਦੇ ਧੰਨਵਾਦੀ ਹਨ। ਇਸ ਦੇ ਨਾਲ ਹੀ ਉਨ੍ਹਾਂ ਸਮੂਹ ਉਮੀਦਵਾਰਾਂ ਅਤੇ ਰਾਜਨੀਤਿਕ ਦਲਾਂ ਦਾ ਵੀ ਚੋਣ ਪ੍ਰੀਕ੍ਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ 'ਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਚੋਣਾਂ ਨੂੰ ਪੂਰੀ ਤਰ੍ਹਾਂ ਅਮਨ-ਸ਼ਾਂਤੀ ਦੇ ਮਹੌਲ ਵਿੱਚ ਅਜ਼ਾਦਾਨਾਂ, ਨਿਰਪੱਖ ਅਤੇ ਤਰੁੱਟੀ ਰਹਿਤ ਮੁਕੰਮਲ ਕਰਨ ਲਈ ਸਮੂਹ ਚੋਣ ਅਮਲੇ, ਸੁਰੱਖਿਆ ਅਮਲੇ ਦਾ ਵੀ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਏਨੀਂ ਗਰਮੀ ਦੇ ਬਾਵਜੂਦ ਵੀ ਵੋਟਰਾਂ ਨੇ ਪੂਰੇ ਉਤਸ਼ਾਹ ਨਾਲ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ ਹੈ ਜਿਸ ਲਈ ਉਹ ਸਮੂਹ ਵੋਟਰਾਂ ਦੇ ਧੰਨਵਾਦੀ ਹਨ। ਇਸ ਦੇ ਨਾਲ ਹੀ ਉਨ੍ਹਾਂ ਸਮੂਹ ਉਮੀਦਵਾਰਾਂ ਅਤੇ ਰਾਜਨੀਤਿਕ ਦਲਾਂ ਦਾ ਵੀ ਚੋਣ ਪ੍ਰੀਕ੍ਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ 'ਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਚੋਣਾਂ ਨੂੰ ਪੂਰੀ ਤਰ੍ਹਾਂ ਅਮਨ-ਸ਼ਾਂਤੀ ਦੇ ਮਹੌਲ ਵਿੱਚ ਅਜ਼ਾਦਾਨਾਂ, ਨਿਰਪੱਖ ਅਤੇ ਤਰੁੱਟੀ ਰਹਿਤ ਮੁਕੰਮਲ ਕਰਨ ਲਈ ਸਮੂਹ ਚੋਣ ਅਮਲੇ, ਸੁਰੱਖਿਆ ਅਮਲੇ ਦਾ ਵੀ ਧੰਨਵਾਦ ਕੀਤਾ।



ਅੰਬਰ ਪਬਲਿਕ ਸਕੂਲ ਤਨੇਲ ਦੇ ਵਿਦਿਆਰਥੀ ਸਮਰਪ੍ਰੀਤ ਸਿੰਘ ਪੁੱਤਰ ਯਾਦਵਿੰਦਰ ਸਿੰਘ ਪਿੰਡ ਤਾਹਰਪੁਰ ਦੇ ਬੱਚੇ ਨੇ ਅੰਮ੍ਰਿਤ ਛਕਿਆ ਓਸ ਦਾ ਸਕੂਲ ਦੇ ਪ੍ਰਿੰਸੀਪਲ ਬਲਕਾਰ ਸਿੰਘ ਤੇ ਸਕੂਲ ਸਟਾਫ਼ ਨੇ ਗੁਰੂ ਦੇ ਲੜ ਲੱਗਣ ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਫੋਟੋ (ਬਲਜਿੰਦਰ ਸਿੰਘ ਰੰਧਾਵਾ, ਚੌਂਕ ਮਹਿਤਾ)

# ਵੋਟਿੰਗ ਪ੍ਰਕਿਰਿਆ ਦਾ ਕੰਮ ਅਮਨ -ਅਮਾਨ ਨਾਲ ਨੇਪਰੇ ਚੜ੍ਹਿਆ



ਫ਼ਤਹਿਗੜ੍ਹ ਸਾਹਿਬ, 26 ਮਈ : (ਹਰਪ੍ਰੀਤ ਕੌਰ ਟਿਵਾਣਾ) ਜ਼ਿਲ੍ਹੇ ਅੰਦਰ ਨਗਰ ਕੌਂਸਲ ਸਰਹਿੰਦ-ਫ਼ਤਹਿਗੜ੍ਹ ਸਾਹਿਬ, ਮੰਡੀ ਗੋਬਿੰਦਗੜ੍ਹ, ਬੱਸੀ ਪਠਾਣਾਂ ਅਤੇ ਨਗਰ ਪੰਚਾਇਤ ਖਮਾਣੋਂ ਦੇ ਕੁੱਲ 80 ਵਾਰਡਾਂ ਦੀਆਂ ਚੋਣਾਂ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹ ਗਈਆਂ ਹਨ। ਇਨ੍ਹਾਂ ਚੋਣਾਂ ਨੂੰ ਅਮਨ-ਅਮਾਨ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਅਤੇ ਐਸ.ਐਸ.ਪੀ ਸ੍ਰੀ ਸ਼ੁਭਮ ਅਗਰਵਾਲ ਨੇ ਜ਼ਿਲ੍ਹੇ ਦੇ ਸਮੂਹ ਵੋਟਰਾਂ ਸਮੇਤ ਚੋਣ ਡਿਊਟੀ ਤੇ ਤਾਇਨਾਤ ਸਮੁੱਚੇ ਸਿਵਲ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹਨਾਂ ਚੋਣਾਂ ਵਿੱਚ ਵੋਟਰਾਂ ਨੇ ਆਪਣਾ ਪੂਰਾ ਉਤਸ਼ਾਹ ਦਿਖਾਇਆ ਅਤੇ ਸੁਚੱਜੇ ਢੰਗ ਨਾਲ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ। ਉਹਨਾਂ ਦੱਸਿਆ ਕਿ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਵਿਖੇ 71.11 ਫੀਸਦੀ, ਸਰਹਿੰਦ-ਫ਼ਤਹਿਗੜ੍ਹ ਸਾਹਿਬ 64.05 ਫੀਸਦੀ, ਬੱਸੀ ਪਠਾਣਾਂ ਵਿਖੇ 67.77 ਫੀਸਦੀ ਅਤੇ ਨਗਰ ਪੰਚਾਇਤ ਖਮਾਣੋਂ ਵਿਖੇ 73.56 ਫੀਸਦੀ ਮਤਦਾਨ ਹੋਇਆ। ਇਸ ਤਰਾਂ ਜ਼ਿਲ੍ਹੇ ਵਿੱਚ ਕਰੀਬ 69.10 ਫੀਸਦੀ ਮਤਦਾਨ ਹੋਇਆ ਹੈ। ਉਨ੍ਹਾਂ ਦੱਸਿਆ ਕਿ ਵੋਟਾਂ ਦੀ ਗਿਣਤੀ 29 ਮਈ ਨੂੰ ਹੋਵੇਗੀ।

# ਮਜੀਠਾ ਵਿੱਚ ਚੋਣ ਵਿਵਾਦ 'ਤੇ ਆਹਮੋ-ਸਾਹਮਣੇ ਹੋਏ ਬਿਕਰਮ ਸਿੰਘ ਮਜੀਠੀਆ ਅਤੇ ਤਲਬੀਰ ਸਿੰਘ ਗਿੱਲ

## *ਤਲਬੀਰ ਸਿੰਘ ਗਿੱਲ ਬੋਲੇ-ਮਜੀਠਾ ਵਿੱਚ ਹੁਣ ਗੁੰਡਾਗਰਦੀ ਨਹੀਂ ਚੱਲਣ ਦੇਵਾਂਗੇ*



ਅੰਮ੍ਰਿਤਸਰ, 26 ਮਈ (ਗੁਰਦਿਆਲ ਸਿੰਘ/ਬਬਲੂ ਮਹਾਜਨ) :ਮਜੀਠਾ ਵਿੱਚ ਨਗਰ ਕੌਂਸਲ ਚੋਣਾਂ ਦੌਰਾਨ ਹੋਏ ਵਿਵਾਦ ਨੇ ਸਿਆਸੀ ਮਾਹੌਲ ਨੂੰ ਹੋਰ ਵੀ ਗਰਮਾ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਮੀਡੀਆ ਸਾਹਮਣੇ ਇੱਕ-ਦੂਜੇ 'ਤੇ ਗੰਭੀਰ ਦੋਸ਼ ਲਗਾਏ। ਦੋਵੇਂ ਧਿਰਾਂ ਨੇ ਚੋਣੀ ਮਾਹੌਲ ਖਰਾਬ ਕਰਨ, ਗੁੰਡਾਗਰਦੀ ਕਰਨ ਅਤੇ ਪੁਲਿਸ ਪ੍ਰਸ਼ਾਸਨ 'ਤੇ ਦਬਾਅ ਬਣਾਉਣ ਦੇ ਇਲਜ਼ਾਮ ਲਗਾਏ।ਮੀਡੀਆ ਨਾਲ ਗੱਲਬਾਤ ਕਰਦਿਆਂ ਬਿਕਰਮ ਮਜੀਠੀਆ ਨੇ ਦੋਸ਼ ਲਗਾਇਆ ਕਿ ਮੁੱਖ ਮੰਤਰੀ ਭਗਵੰਤ ਦੇ ਫੋਨ ਆਉਣ ਤੋਂ ਬਾਅਦ ਪੁਲਿਸ ਨੇ ਇੱਕ ਦੋਸ਼ੀ ਨੂੰ ਮੌਕੇ ਤੋਂ ਬਾਹਰ ਕੱਢ ਦਿੱਤਾ। ਉਨ੍ਹਾਂ ਕਿਹਾ ਕਿ ਜਿਸ ਵਿਅਕਤੀ ਨੇ ਕਥਿਤ ਤੌਰ 'ਤੇ ਕੁੱਟਮਾਰ ਕੀਤੀ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ, ਉਸ ਨੂੰ ਪੁਲਿਸ ਹਿਰਾਸਤ ਵਿੱਚ ਲੈ ਕੇ ਆਈ ਸੀ ਪਰ ਬਾਅਦ ਵਿੱਚ ਦਬਾਅ ਹੇਠ ਛੱਡ ਦਿੱਤਾ ਗਿਆ। ਮਜੀਠੀਆ ਨੇ ਦੋਸ਼ ਲਗਾਇਆ ਕਿ ਐਸਐਸਪੀ ਤੱਕ ਪੁਲਿਸ ਅਧਿਕਾਰੀਆਂ 'ਤੇ ਦਬਾਅ ਬਣਾਇਆ ਜਾ ਰਿਹਾ ਸੀ ਅਤੇ ਸ਼ਿਕਾਇਤ ਦਰਜ ਕਰਨ ਤੋਂ ਵੀ ਬਚਿਆ ਜਾ ਰਿਹਾ ਸੀ।ਮਜੀਠੀਆ ਨੇ ਕਿਹਾ ਕਿ ਪੂਰੀ ਘਟਨਾ ਦੀ ਵੀਡੀਓ ਮੌਜੂਦ ਹੈ, ਜਿਸ ਵਿੱਚ ਪੁਲਿਸ ਕਥਿਤ ਦੋਸ਼ੀ ਨੂੰ ਫੜ ਕੇ ਬਾਹਰ ਲਿਆਉਂਦੀ ਦਿਖਾਈ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸੇ ਦੀ ਪੱਗ ਨੂੰ ਹੱਥ ਲਗਾਉਣਾ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਬਹੁਤ ਗੰਭੀਰ ਮਾਮਲਾ ਹੈ, ਪਰ ਇਸ ਦੇ ਬਾਵਜੂਦ ਪ੍ਰਸ਼ਾਸਨ ਕਾਰਵਾਈ ਕਰਨ ਤੋਂ ਕਤਰਾਂ ਰਿਹਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਸਿਆਸੀ ਦਬਾਅ ਰਾਹੀਂ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਆਗੂ ਤਲਬੀਰ ਸਿੰਘ ਗਿੱਲ ਨੇ ਅਕਾਲੀ ਦਲ 'ਤੇ ਬਾਹਰੀ ਲੋਕਾਂ ਨੂੰ ਬੁਲਾ ਕੇ ਮਾਹੌਲ ਖਰਾਬ ਕਰਨ ਦੇ ਦੋਸ਼ ਲਗਾਏ। ਉਨ੍ਹਾਂ ਕਿਹਾ ਕਿ ਮਜੀਠਾ ਵਿੱਚ ਭਾਈਚਾਰੇ ਅਤੇ ਸ਼ਾਂਤੀ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਹੁਣ ਇਲਾਕੇ ਦੇ ਲੋਕ ਅਜਿਹੀ ਗੁੰਡਾਗਰਦੀ ਬਰਦਾਸ਼ਤ ਨਹੀਂ ਕਰਨਗੇ। ਗਿੱਲ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਮਹਿਲਾਵਾਂ ਅਤੇ ਭੈਣਾਂ ਦਾ ਸਤਿਕਾਰ ਕੀਤਾ ਹੈ ਅਤੇ ਮਜੀਠਾ ਵਿੱਚ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਕੰਮ ਕੀਤਾ ਹੈ।ਤਲਬੀਰ ਸਿੰਘ ਗਿੱਲ ਨੇ ਦੋਸ਼ ਲਗਾਇਆ ਕਿ ਅਕਾਲੀ ਦਲ ਦੇ ਸਮਰਥਕ 20 ਤੋਂ 25 ਗੱਡੀਆਂ ਵਿੱਚ ਭਰ ਕੇ ਆਏ ਅਤੇ ਚੋਣੀ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਪੂਰੀ ਘਟਨਾਦੀ ਵੀਡੀਓ ਮੌਜੂਦ ਹੈ ਅਤੇ ਉਹ ਸਾਰੇ ਸਬੂਤ ਪੁਲਿਸ ਨੂੰ ਦੇਣਗੇ। ਗਿੱਲ ਨੇ ਕਿਹਾ ਕਿ ਜੇ ਕਿਸੇ ਨੇ ਕਾਨੂੰਨ ਆਪਣੇ ਹੱਥ ਵਿੱਚ ਲਿਆ ਹੈ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।ਆਪ ਆਗੂ ਨੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਅਤੇ ਐਸਐਸਪੀ ਚੋਣ ਪ੍ਰਕਿਰਿਆ ਨੂੰ ਸ਼ਾਂਤੀਪੂਰਨ ਢੰਗ ਨਾਲ ਸੰਭਾਲ ਰਹੇ ਸਨ, ਪਰ ਕੁਝ ਲੋਕ ਜਾਣਬੁੱਝ ਕੇ ਤਣਾਅ ਪੈਦਾ ਕਰਨਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਮਜੀਠਾ ਦੇ ਲੋਕ ਹੁਣ ਬਾਹਰੀ ਲੋਕਾਂ ਦੀ ਦਾਦਾਗਿਰੀ ਕਬੂਲ ਨਹੀਂ ਕਰਨਗੇ ਅਤੇ ਚੋਣਾਂ ਨੂੰ ਲੋਕਤੰਤਰੀ ਢੰਗ ਨਾਲ ਹੀ ਹੋਣ ਦਿੱਤਾ ਜਾਵੇਗਾ।ਘਟਨਾ ਤੋਂ ਬਾਅਦ ਇਲਾਕੇ ਵਿੱਚ ਭਾਰੀ ਪੁਲਿਸ ਬਲ ਤਾਇਨਾਤ ਕਰ ਦਿੱਤਾ ਗਿਆ ਅਤੇ ਪ੍ਰਸ਼ਾਸਨ ਪੂਰੇ ਮਾਮਲੇ 'ਤੇ ਨਜ਼ਰ ਬਣਾਈ ਹੋਈ ਹੈ। ਫਿਲਹਾਲ ਪੁਲਿਸ ਦੋਵੇਂ ਧਿਰਾਂ ਦੇ ਦੋਸ਼ਾਂ ਦੀ ਜਾਂਚ ਕਰ ਰਹੀ ਹੈ।


**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)**
**ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ**

**ਮਾਮਲਾ ਨੰ. : ਓਏ/1126/2025**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ**
**ਈਐਕਸਐਚ ਨੰ. 34449**

**ਪੰਜਾਬ ਨੈਸ਼ਨਲ ਬੈਂਕ**
**ਬਨਾਮ**
**ਮੈਸ. ਮਹਾਂਵੀਰ ਐਂਬਰੋਡੇਰੀ**

**ਵੱਲ,**
**(1) ਮੈਸਰਜ਼ ਮਹਾਵੀਰ ਐਂਬਰੋਡੇਰੀ, ਗਲੀ ਨੰਬਰ 6, ਨਿਊ ਰਾਜੇਸ਼ ਨਗਰ, ਨੇੜੇ ਗੁਰੂਦੁਆਰਾ ਤੂੰਗਪਾਈ, ਬਟਾਲਾ ਰੋਡ, ਅੰਮ੍ਰਿਤਸਰ-143001 ਵਿਖੇ ਸਥਿਤ ਆਪਣੇ ਪ੍ਰੋਪਰਾਈਟਰ ਸ਼. ਅਜੈ ਕੁਮਾਰ, ਅੰਮ੍ਰਿਤਸਰ, ਪੰਜਾਬ-143001**
**(2) ਅਜੈ ਕੁਮਾਰ ਪੁੱਤਰ ਸ਼. ਜਨਕ ਰਾਜ ਸ਼ਰਮਾ, ਮਕਾਨ ਨੰ: 132, ਗਲੀ ਨੰ: 5, ਰਾਜੇਂਦਰ ਨਗਰ, ਨੇੜੇ ਗੁਰੂਦੁਆਰਾ ਤੂੰਗਪਾਈ, ਬਟਾਲਾ ਰੋਡ, ਅੰਮ੍ਰਿਤਸਰ, ਪੰਜਾਬ-143001।**

**ਸੰਮਨ**

**ਜਿਥੇ ਕਿ, ਓ. ਏ./1126/2025, 06.05.2026 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 27,77,652.70/- (**ਅਰਜ਼ੀ, ਦਸਤਾਵੇਜ਼ਾਂ ਦੀਆਂ ਕਾਪੀਆਂ ਆਦਿ ਦੇ ਨਾਲ, ਨਾਲ ਨੱਥੀ ਹੈ।**) ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 06.07.2026 **ਨੂੰ ਸਵੇਰੇ** 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ** 08.05.2026 **ਨੂੰ ਜਾਰੀ।**

# ਪੰਜਾਬ ਵਿਧਾਨ ਸਭਾ ਚੋਣਾਂ 2027 ਲਈ ਪੀਐਮ ਮੋਦੀ ਭਾਜਪਾ ਦਾ ਸਭ ਤੋਂ ਵੱਡਾ ਚਿਹਰਾ ਹੋਣਗੇ: ਨਾਇਬ ਸਿੰਘ ਸੈਣੀ

ਨਵੀਂ ਦਿੱਲੀ, 26 ਮਈ (ਚ.ਨ.ਸ): ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਜੋ ਇਸ ਸਮੇਂ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਚੋਣ ਮੁਹਿੰਮ ਦੀ ਕਮਾਂਡ ਸੰਭਾਲ ਰਹੇ ਹਨ, ਨੇ ਵੱਡਾ ਸੰਕੇਤ ਦਿੱਤਾ ਹੈ ਕਿ ਪਾਰਟੀ ਸਰਹੱਦੀ ਰਾਜ ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੀ ਲੜੇਗੀ। ਨਵੀਂ ਦਿੱਲੀ ਵਿਖੇ ਇੱਕ ਪ੍ਰੋਗਰਾਮ ਦੌਰਾਨ ਪੰਜਾਬ ਵਿੱਚ ਭਾਜਪਾ ਕੋਲ ਕਿਸੇ ਪ੍ਰਮੁੱਖ ਸਥਾਨਕ ਚਿਹਰੇ ਦੀ ਘਾਟ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਸੈਣੀ ਨੇ ਸਪੱਸ਼ਟ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਪੰਜਾਬ ਵਿੱਚ ਪਾਰਟੀ ਦਾ 'ਸਭ ਤੋਂ ਵੱਡਾ ਚਿਹਰਾ' ਹਨ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਪਾਰਟੀ ਦੇ ਚਿਹਰੇ ਹਾਂ ਪਰ ਪੀਐਮ ਮੋਦੀ ਸਭ ਤੋਂ ਵੱਡੇ ਚਿਹਰੇ ਵਜੋਂ ਮੂਹਰੇ ਰਹਿਣਗੇ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਪਾਰਟੀ ਕੋਲ ਬਹੁਤ ਸਾਰੇ ਸਮਰੱਥ ਆਗੂ ਮੌਜੂਦ ਹਨ। ਇਸ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਨੇ ਪੱਛਮੀ ਬੰਗਾਲ ਤੇ ਪੰਜਾਬ ਦੇ ਸਿਆਸੀ ਹਾਲਾਤ ਦੀ ਤੁਲਨਾ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਅਸੀਂ ਪੱਛਮੀ ਬੰਗਾਲ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਚਿਹਰੇ 'ਤੇ ਚੋਣ ਲੜੀ ਸੀ, ਉਸੇ ਤਰ੍ਹਾਂ ਪੰਜਾਬ ਵਿੱਚ ਵੀ ਰਣਨੀਤੀ ਰਹੇਗੀ। ਉਨ੍ਹਾਂ ਕਿਹਾ ਕਿ ਸਾਡੇ ਕੋਲ ਮੁੱਖ ਮੰਤਰੀ ਦਾ ਚਿਹਰਾ ਹੈ, ਇੱਕ ਮਜ਼ਬੂਤ ਮੁੱਖ ਮੰਤਰੀ ਦਾ ਚਿਹਰਾ ਜੋ ਆਉਣ ਵਾਲੇ ਸਮੇਂ ਵਿੱਚ ਰਾਜ ਨੂੰ ਵਿਕਾਸ ਦੀਆਂ ਬੁਲੰਦੀਆਂ 'ਤੇ ਲੈ ਕੇ ਜਾਵੇਗਾ। ਦੂਜੇ ਪਾਸੇ, ਸਤਲੁਜ-ਯਮੁਨਾ ਲਿੰਕ ਨਹਿਰ ਦੇ ਦਹਾਕਿਆਂ ਪੁਰਾਣੇ ਵਿਵਾਦ ਨੂੰ ਸੁਲਝਾਉਣ ਲਈ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇੱਕ ਅਹਿਮ ਸੁਝਾਅ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚਨਾਬ ਨਦੀ ਦੇ ਪਾਣੀ ਨੂੰ ਪੰਜਾਬ ਵੱਲ ਮੋੜਿਆ ਜਾ ਸਕਦਾ ਹੈ, ਜਿੱਥੋਂ ਇਸ ਨੂੰ ਅੱਗੇ ਹਰਿਆਣਾ ਨਾਲ ਸਾਂਝਾ ਕਰਕੇ ਐਸਵਾਈਐਲ ਦੇ ਰੌਲੇ ਨੂੰ ਹਮੇਸ਼ਾ ਲਈ ਖ਼ਤਮ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਸਿੰਧ, ਜੇਹਲਮ ਤੇ ਚਨਾਬ ਨਦੀਆਂ ਦਾ ਪਾਣੀ 1961 ਦੀ ਸਿੰਧ ਜਲ ਸੰਧੀ ਤਹਿਤ ਪਾਕਿਸਤਾਨ ਨੂੰ ਅਲਾਟ ਕੀਤਾ ਗਿਆ ਸੀ, ਪਰ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਇਸ ਸਮਝੌਤੇ ਦੀਆਂ ਕੁਝ ਪ੍ਰਕਿਰਿਆਵਾਂ ਨੂੰ ਮੁਲਤਵੀ ਕਰ ਦਿੱਤਾ ਸੀ। ਹੁਣ ਇਸੇ ਪਾਣੀ ਦੀ ਵਰਤੋਂ ਰਾਹੀਂ ਦੋਵਾਂ ਰਾਜਾਂ ਦਾ ਜਲ ਸੰਕਟ ਹੱਲ ਕਰਨ ਦੀ ਗੱਲ ਕਹੀ ਜਾ ਰਹੀ ਹੈ।



# 9 ਸਾਲਾ ਬੱਚੀ ਦੀ ਫਾਹੇ ਨਾਲ ਲਟਕਦੀ ਲਾਸ਼ ਮਿਲੀ

ਮੋਗਾ, 26 ਮਈ (ਚ.ਨ.ਸ): ਥਾਣਾ ਸਿਟੀ ਮੋਗਾ ਅਧੀਨ ਆਉਂਦੇ ਇਲਾਕੇ ਮੇਖਾਂ ਵਾਲੀ ਗਲੀ ਵਿੱਚ ਸਥਿਤ ਕੁਆਰਟਰਾਂ ਵਿੱਚ ਰਹਿੰਦੇ ਇੱਕ ਪ੍ਰਵਾਸੀ ਪਰਿਵਾਰ ਦੀ 9 ਸਾਲਾ ਬੱਚੀ ਦੀ ਲਾਸ਼ ਕੁਆਰਟਰ ਦੇ ਬਾਹਰ ਹੀ ਲਟਕਦੀ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਬੱਚੀ ਦੇ ਪਿਤਾ ਦੀ ਵੀ ਮੌਤ ਹੋ ਚੁੱਕੀ ਹੈ। ਘਟਨਾ ਦੀ ਸੂਚਨਾ ਮਿਲਦੇ ਸਾਰ ਹੀ ਡੀ.ਐਸ.ਪੀ. ਸਿਟੀ ਜਤਿੰਦਰ ਸਿੰਘ, ਥਾਣਾ ਸਿਟੀ ਮੋਗਾ ਦੇ ਇੰਚਾਰਜ ਇੰਸਪੈਕਟਰ ਵਰੁਣ ਕੁਮਾਰ ਤੇ ਹੋਰ ਪੁਲਸ ਕਰਮਚਾਰੀ ਮੌਕੇ 'ਤੇ ਪਹੁੰਚੇ ਤੇ ਆਸ-ਪਾਸ ਰਹਿੰਦੇ ਹੋਰ ਮਜ਼ਦੂਰਾਂ ਕੋਲੋਂ ਪੁੱਛ-ਗਿੱਛ ਕੀਤੀ ਗਈ ਤਾਂ ਜੋ ਘਟਨਾ ਬਾਰੇ ਕੋਈ ਸੁਰਾਗ ਮਿਲ ਸਕੇ। ਡੀ.ਐਸ.ਪੀ. ਸਿਟੀ ਜਤਿੰਦਰ ਸਿੰਘ ਨੇ ਦੱਸਿਆ ਕਿ ਇਹ ਪਰਿਵਾਰ ਬਿਹਾਰ ਦਾ ਰਹਿਣ ਵਾਲਾ ਹੈ ਤੇ ਇੱਥੇ ਮਿਹਨਤ-ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰਦਾ ਹੈ। ਉਨ੍ਹਾਂ ਦੱਸਿਆ ਕਿ ਅੱਜ ਸਵੇਰੇ ਕੁਆਰਟਰ ਦੇ ਬਾਹਰ ਸਰਿਤਾ ਸਾਹਨੀ ਦੀ ਧੀ ਫਾਹੇ ਨਾਲ ਲਟਕਦੀ ਮਿਲੀ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਪਰ ਹੁਣ ਤੱਕ ਕੋਈ ਪੱਕਾ ਸਰਾਗ ਨਹੀਂ ਮਿਲਿਆ। ਇਲਾਕੇ ਦੇ ਲੋਕਾਂ ਵੱਲੋਂ ਸ਼ੱਕ ਪ੍ਰਗਟਾਇਆ ਜਾ ਰਿਹਾ ਹੈ ਕਿ ਬੱਚੀ ਦਾ ਪਹਿਲਾਂ ਕਤਲ ਕਰਕੇ ਉਸ ਨੂੰ ਫਾਹੇ ਨਾਲ ਲਟਕਾਇਆ ਗਿਆ ਹੋ ਸਕਦਾ ਹੈ। ਥਾਣਾ ਇੰਚਾਰਜ ਇੰਸਪੈਕਟਰ ਵਰੁਣ ਕੁਮਾਰ ਨੇ ਦੱਸਿਆ ਕਿ ਪੁਲਿਸ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੀ ਹੈ ਤੇ ਉਮੀਦ ਹੈ ਕਿ ਜਲਦੀ ਹੀ ਇਸ ਮਾਮਲੇ ਨੂੰ ਹੱਲ ਕਰ ਲਿਆ ਜਾਵੇਗਾ।

# ਜਬਰੀ ਵਸੂਲੀ, ਗੋਲੀਬਾਰੀ ਤੇ ਅਗਜ਼ਨੀ ਦੇ ਦੋਸ਼ ਹੇਠ ਪੰਜਾਬੀ ਮੂਲ ਦੇ 17 ਨੌਜਵਾਨ ਗ੍ਰਿਫ਼ਤਾਰ

ਟੋਰਾਂਟੋ, 26 ਮਈ (ਚ.ਨ.ਸ): ਕੈਨੇਡਾ ਪੁਲਿਸ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਜਬਰੀ ਵਸੂਲੀ, ਅੰਨ੍ਹੇਵਾਹ ਗੋਲੀਬਾਰੀ ਤੇ ਅਗਜ਼ਨੀ ਦੀਆਂ ਵਾਰਦਾਤਾਂ ਵਿੱਚ ਸ਼ਾਮਲ ਇੱਕ ਵੱਡੇ ਅਪਰਾਧਿਕ ਨੈਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਸ ਮਾਮਲੇ ਵਿੱਚ ਪੰਜਾਬੀ ਮੂਲ ਦੇ 17 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਗਿਰੋਹ ਮੁੱਖ ਤੌਰ 'ਤੇ ਗ੍ਰੇਟਰ ਟੋਰਾਂਟੋ ਏਰੀਆ ਤੇ ਕੈਨੇਡਾ ਦੇ ਹੋਰਨਾਂ ਹਿੱਸਿਆਂ ਵਿੱਚ ਦੱਖਣੀ ਏਸ਼ਿਆਈ (ਖਾਸ ਕਰਕੇ ਪੰਜਾਬੀ) ਕਾਰੋਬਾਰੀਆਂ ਨੂੰ ਆਪਣਾ ਨਿਸ਼ਾਨਾ ਬਣਾਉਂਦਾ ਸੀ। ਪੀਲ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 'ਫੋਰ ਬ੍ਰਦਰਜ਼' ਵਜੋਂ ਜਾਣੇ ਜਾਂਦੇ ਇਸ ਖ਼ਤਰਨਾਕ ਅਪਰਾਧਿਕ ਗਿਰੋਹ ਨੇ ਬਰੈਂਪਟਨ, ਮਿਸੀਸਾਗਾ, ਕੈਲੇਡਨ ਤੇ ਬ੍ਰਿਟਿਸ਼ ਕੋਲੰਬੀਆ ਵਿੱਚ ਰੈਸਟੋਰੈਂਟਾਂ, ਟਰੱਕਿੰਗ ਕੰਪਨੀਆਂ ਤੇ ਹੋਰ ਸਥਾਨਕ ਕਾਰੋਬਾਰੀਆਂ ਵਿਰੁੱਧ ਕਈ ਹਿੰਸਕ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ। ਜਾਂਚ ਅਧਿਕਾਰੀਆਂ ਮੁਤਾਬਿਕ ਇਸ ਸੰਗਠਿਤ ਅਪਰਾਧਿਕ ਨੈਟਵਰਕ ਦੇ ਤਾਰ ਗੁਆਂਢੀ ਮੁਲਕ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਨਾਲ ਵੀ ਜੁੜੇ ਹੋਏ ਹਨ, ਜਿੱਥੇ ਇਹ ਗਿਰੋਹ ਸਥਾਨਕ ਕਾਰੋਬਾਰੀਆਂ ਨੂੰ ਡਰਾ-ਧਮਕਾ ਕੇ ਮੋਟੀਆਂ ਰਕਮਾਂ ਵਸੂਲਣ ਦਾ ਧੰਦਾ ਚਲਾ ਰਿਹਾ ਸੀ।ਲੰਬੀ ਪੜਤਾਲ ਤੋਂ ਬਾਅਦ ਪੁਲਿਸ ਨੇ ਇਨ੍ਹਾਂ 17 ਮੁਲਜ਼ਮਾਂ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਪੁਲਿਸ ਮੁਤਾਬਕ ਇਹ ਸਾਰੇ ਮੁਲਜ਼ਮ ਕੁੱਲ 24 ਵਾਰਦਾਤਾਂ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ, ਜਿਨ੍ਹਾਂ ਵਿੱਚੋਂ 16 ਘਟਨਾਵਾਂ ਬਹੁਤ ਜ਼ਿਆਦਾ ਹਿੰਸਕ ਸਨ। 'ਫੋਰ ਬ੍ਰਦਰਜ਼' ਗਰੁੱਪ ਵੱਲੋਂ ਕੀਤੀਆਂ ਗਈਆਂ ਇਨ੍ਹਾਂ ਵਾਰਦਾਤਾਂ ਵਿੱਚ ਵੱਖ-ਵੱਖ ਥਾਵਾਂ 'ਤੇ ਅੱਗ ਲਗਾਉਣ ਤੇ ਕਈ ਗੋਲੀਬਾਰੀ ਦੀਆਂ ਘਟਨਾਵਾਂ ਸ਼ਾਮਲ ਹਨ, ਜਿਨ੍ਹਾਂ ਦੌਰਾਨ ਮੁਲਜ਼ਮਾਂ ਵੱਲੋਂ ਕੁੱਲ 324 ਰੌਂਦ ਗੋਲੀਆਂ ਚਲਾਈਆਂ ਗਈਆਂ ਸਨ।ਪੁਲਿਸ ਵੱਲੋਂ ਜਾਰੀ ਕੀਤੀ ਸੂਚੀ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਇਕਬਾਲ ਸਿੰਘ ਭਾਗੜੀਆ, ਆਕਾਸ਼ਦੀਪ ਸਿੰਘ, ਰਾਵਿੰਦਰ ਸਿੰਘ, ਜਸ਼ਨਬੀਰ ਸਿੰਘ, ਦਿਲਾਵਰਪ੍ਰੀਤ ਸਿੰਘ, ਮਨਦੀਪ ਸਿੰਘ, ਪ੍ਰਭਦੀਪ ਸੋਹਲ, ਪ੍ਰਤਾਪਬੀਰ ਘੁੰਮਣ, ਅਜੇਦੀਪ ਸਿੰਘ, ਨਵਰੂਪ ਸਿੰਘ, ਰਾਜਨ ਸਿੰਘ, ਅੰਮ੍ਰਿਤਜੋਤ ਸਿੰਘ, ਜਸ਼ਨਪ੍ਰੀਤ ਸਿੰਘ, ਗੁਨੀਤ, ਸੁਖਵਿੰਦਰ ਸਿੰਘ, ਮੋਹਿੰਦਰ ਸਿੰਘ ਤੇ ਗੌਤਮ ਵਜੋਂ ਹੋਈ ਹੈ।



### ਸਿੰਧ ਜਲ ਸਮਝੌਤਾ ਮੁਲਤਵੀ ਕਰਨ ਮਗਰੋਂ ਕੇਂਦਰ ਦਾ ਵੱਡਾ ਧਮਾਕਾ

# ਪਾਕਿਸਤਾਨ ਜਾਣ ਵਾਲਾ ਪਾਣੀ ਰੋਕਣ ਲਈ ਹਿਮਾਚਲ ਵੱਲ ਮੋੜਨ ਦੀ ਤਿਆਰੀ, ਪ੍ਰੋਜੈਕਟਾਂ ਨੂੰ ਜਲਦ ਮਿਲੇਗੀ ਹਰੀ ਝੰਡੀ

ਨਵੀਂ ਦਿੱਲੀ, 26 ਮਈ (ਚ.ਨ.ਸ): ਪਿਛਲੇ ਸਾਲ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਨਾਲ ਕੀਤੇ ਗਏ 'ਸਿੰਧ ਜਲ ਸਮਝੌਤੇ' (ਇੰਡਸ ਵਾਟਰਸ ਟ੍ਰੀਟੀ) ਨੂੰ ਮੁਲਤਵੀ (ਇਨ ਅਬੇਯਾਂਸ) ਕਰਨ ਦੇ ਇਤਿਹਾਸਕ ਫੈਸਲੇ ਤੋਂ ਬਾਅਦ ਹੁਣ ਕੇਂਦਰ ਸਰਕਾਰ ਨੇ ਇੱਕ ਹੋਰ ਵੱਡਾ ਤੇ ਰਣਨੀਤਕ ਕਦਮ ਚੁੱਕਿਆ ਹੈ। ਦੇਸ਼ ਦੇ ਅੰਦਰ ਹੀ ਸਿੰਧ ਨਦੀ ਪ੍ਰਣਾਲੀ ਦੇ ਪਾਣੀਆਂ ਦੀ ਵੱਧ ਤੋਂ ਵੱਧ ਵਰਤੋਂ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਵੱਲੋਂ ਚਿਨਾਬ ਨਦੀ ਪ੍ਰਣਾਲੀ ਨਾਲ ਸਬੰਧਤ ਦੋ ਵੱਡੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਤਜਵੀਜ਼ ਤਿਆਰ ਕੀਤੀ ਗਈ ਹੈ, ਜਿਨ੍ਹਾਂ ਦੀ ਕੁੱਲ ਲਾਗਤ ਲਗਭਗ 2,620 ਕਰੋੜ ਰੁਪਏ ਦੱਸੀ ਜਾ ਰਹੀ ਹੈ। ਇਨ੍ਹਾਂ ਪ੍ਰੋਜੈਕਟਾਂ ਦੇ ਅਮਲ ਵਿੱਚ ਆਉਣ ਨਾਲ ਪਾਕਿਸਤਾਨ ਵੱਲ ਜਾਣ ਵਾਲੇ ਵਾਧੂ ਪਾਣੀ ਨੂੰ ਰੋਕ ਕੇ ਭਾਰਤ ਦੇ ਉੱਤਰੀ ਰਾਜਾਂ ਵੱਲ ਮੋੜਿਆ ਜਾਵੇਗਾ, ਜਿਸ ਦਾ ਸਿੱਧਾ ਫਾਇਦਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਦਿੱਲੀ ਤੇ ਰਾਜਸਥਾਨ ਨੂੰ ਮਿਲੇਗਾ। ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਯੋਜਨਾਵਾਂ ਵਿੱਚ ਸਭ ਤੋਂ ਅਹਿਮ ਹਿਮਾਚਲ ਪ੍ਰਦੇਸ਼ ਵਿੱਚ ਬਣਨ ਵਾਲੀ 2,352 ਕਰੋੜ ਰੁਪਏ ਦੀ ਚਿਨਾਬ-ਬਿਆਸ ਲਿੰਕ ਟਨਲ (ਨਹਿਰੀ ਸੁਰੰਗ) ਹੈ। ਇਸ ਦੇ ਨਾਲ ਹੀ ਜੰਮੂ-ਕਸ਼ਮੀਰ ਵਿੱਚ ਸਥਿਤ ਸਲਾਲ ਡੈਮ ਵਿਖੇ 268 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਸੈਡੀਮੈਂਟ ਬਾਈਪਾਸ ਟਨਲ (ਗਾਦ ਕੱਢਣ ਵਾਲੀ ਸੁਰੰਗ) ਬਣਾਉਣ ਦੀ ਵੀ ਯੋਜਨਾ ਹੈ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਚਿਨਾਬ-ਬਿਆਸ ਲਿੰਕ ਪ੍ਰੋਜੈਕਟ ਨੂੰ ਕੇਂਦਰੀ ਕੈਬਨਿਟ ਦੀ ਅੰਤਿਮ ਮਨਜ਼ੂਰੀ ਲਈ ਕਿਸੇ ਵੀ ਵੇਲੇ ਪੇਸ਼ ਕੀਤਾ ਜਾ ਸਕਦਾ ਹੈ ਤੇ ਇਸ ਨੂੰ ਜਲਦ ਹੀ ਹਰੀ ਝੰਡੀ ਮਿਲਣ ਦੀ ਪੂਰੀ ਉਮੀਦ ਹੈ। ਇਸ ਵੱਡੇ ਪ੍ਰੋਜੈਕਟ ਦੇ ਤਹਿਤ ਹਿਮਾਚਲ ਪ੍ਰਦੇਸ਼ ਦੇ ਲਾਹੌਲ ਖੇਤਰ ਵਿੱਚ ਚਿਨਾਬ ਨਦੀ ਦੀ ਸਹਾਇਕ ਨਦੀ ਚੰਦਰਾ ਨਦੀ ਦੇ ਵਾਧੂ ਪਾਣੀ ਨੂੰ ਹਾਈਡ੍ਰੌਲਿਕ ਢਾਂਚੇ ਤੇ ਸੁਰੰਗਾਂ ਰਾਹੀਂ ਬਿਆਸ ਬੇਸਿਨ (ਦਰਿਆ) ਵੱਲ ਮੋੜਿਆ ਜਾਵੇਗਾ।ਇਸ ਮਹੱਤਵਪੂਰਨ ਯੋਜਨਾ ਦੇ ਤਹਿਤ ਲਗਭਗ 8.7 ਕਿਲੋਮੀਟਰ ਲੰਬੀ ਇੱਕ ਵਿਸ਼ਾਲ ਸੁਰੰਗ ਦਾ ਨਿਰਮਾਣ ਕੀਤਾ ਜਾਵੇਗਾ।

# 10 ਗ੍ਰਾਮ ਹੈਰੋਇਨ ਸਮੇਤ ਨੌਜਵਾਨ ਕਾਬੂ

ਰਾਹੋਂ, 26 ਮਈ (ਸੰਜੀਵ ਕੁਮਾਰ ਬੌਬੀ): ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਵਿੱਢੀ ਗਈ ਵਿਸ਼ੇਸ਼ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸੀਨੀਅਰ ਕਪਤਾਨ ਪੁਲਿਸ ਤੁਸ਼ਾਰ ਗੁਪਤਾ ਤੇ ਡੀ.ਐਸ.ਪੀ. ਸਬ-ਡਵੀਜ਼ਨ ਨਵਾਂਸ਼ਹਿਰ ਪੰਕਜ ਸ਼ਰਮਾ ਤੇ ਐਸਆਈ ਵਰਿੰਦਰ ਕੁਮਾਰ ਮੁੱਖ ਅਫਸਰ ਰਾਹੋਂ ਦੀ ਯੋਗ ਅਗਵਾਈ ਹੇਠ ਪੁਲਿਸ ਚੌਕੀ ਸ਼ੇਖਾ ਥਾਣਾ ਰਾਹੋਂ ਦੀ ਪੁਲਿਸ ਨੇ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਇਸੇ ਤਹਿਤ ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਇੱਕ ਨੌਜਵਾਨ ਨੂੰ 10 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਫੜ੍ਹੇ ਗਏ ਮੁਲਜ਼ਮ ਦੀ ਪਛਾਣ ਸਤਪਾਲ ਵਾਸੀ ਪਿੰਡ ਪੂੰਨੂ ਮਜਾਰਾ ਵਜੋਂ ਹੋਈ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਏ.ਐਸ.ਆਈ. ਸਤਨਾਮ ਸਿੰਘ ਰੰਧਾਵਾ ਇੰਚਾਰਜ ਪੁਲਿਸ ਚੌਕੀ ਸ਼ੇਖਾ ਮਜਾਰਾ ਨੇ ਦੱਸਿਆ ਕਿ ਪੁਲਿਸ ਟੀਮ ਸਮੇਤ ਸਰਕਾਰੀ ਗੱਡੀ ਰਾਹੀਂ ਸ਼ੱਕੀ ਪੁਰਸ਼ਾਂ ਤੇ ਵਾਹਨਾਂ ਦੀ ਚੈਕਿੰਗ ਲਈ ਨਾਕਾਬੰਦੀ 'ਤੇ ਮੌਜੂਦ ਸਨ। ਇਸੇ ਦੌਰਾਨ ਪਿੰਡ ਛੋਕਰਾਂ ਸਾਈਡ ਵੱਲੋਂ ਇੱਕ ਵਿਅਕਤੀ ਪੈਦਲ ਆਉਂਦਾ ਦਿਖਾਈ ਦਿੱਤਾ। ਪੁਲਿਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਉਹ ਘਬਰਾ ਗਿਆ ਤੇ ਉਸ ਨੇ ਤੁਰੰਤ ਆਪਣੇ ਪਜਾਮੇ ਦੀ ਖੱਬੀ ਜੇਬ ਵਿੱਚੋਂ ਇੱਕ ਪਾਰਦਰਸ਼ੀ ਮੋਮੀ ਲਿਫਾਫੀ ਕੱਢ ਕੇ ਸੜਕ ਕਿਨਾਰੇ ਸੁੱਟ ਦਿੱਤੀ ਤੇ ਮੌਕੇ ਤੋਂ ਖਿਸਕਣ ਦੀ ਕੋਸ਼ਿਸ਼ ਕਰਨ ਲੱਗਾ। ਪੁਲਿਸ ਮੁਲਾਜ਼ਮਾਂ ਨੇ ਤੁਰੰਤ ਮੁਸਤੈਦੀ ਦਿਖਾਉਂਦੇ ਹੋਏ ਉਕਤ ਨੌਜਵਾਨ ਨੂੰ ਘੇਰਾ ਪਾ ਕੇ ਕਾਬੂ ਕਰ ਲਿਆ। ਜਦੋਂ ਸੜਕ ਕਿਨਾਰੇ ਸੁੱਟੀ ਹੋਈ ਲਿਫਾਫੀ ਦੀ ਬਾਰੀਕੀ ਨਾਲ ਚੈਕਿੰਗ ਕੀਤੀ ਗਈ ਤਾਂ ਉਸ ਵਿੱਚੋਂ 10 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਪੁਲਿਸ ਨੇ ਨਸ਼ੀਲੇ ਪਦਾਰਥ ਨੂੰ ਕਬਜ਼ੇ ਵਿੱਚ ਲੈ ਕੇ ਮੁਲਜ਼ਮ ਸਤਪਾਲ ਖ਼ਿਲਾਫ਼ ਥਾਣਾ ਰਾਹੋਂ ਵਿਖੇ ਐਨ.ਡੀ.ਪੀ.ਐਸ. ਐਕਟ ਦੀ ਧਾਰਾ 21 ਤਹਿਤ ਮੁਕੱਦਮਾ ਦਰਜ ਕਰ ਲਿਆ ਹੈ ਤੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।



# ਨਗਰ ਕੌਂਸਲ ਚੋਣਾਂ ਲਈ ਵੋਟਿੰਗ ਲਈ ਲੱਗੀਆਂ ਲੰਮੀਆਂ ਕਤਾਰਾਂ

ਬਟਾਲਾ, 26 ਮਈ (ਰਾਜਨ ਸ਼ਰਮਾ/ਸੁਖਦੇਵ ਸਿੰਘ ਰੰਧਾਵਾ ਬਲਵੀਰ ਸੋਹਲ): ਨਗਰ ਕੌਂਸਲ ਫਤਹਿਗੜ੍ਹ ਚੂੜੀਆਂ ਦੀਆਂ ਵੋਟਾਂ ਲਈ ਵੋਟਿੰਗ ਦਾ ਕੰਮ ਸ਼ੁਰੂ ਹੋ ਗਿਆ ਹੈ, ਜਦਕਿ ਵੱਖ-ਵੱਖ ਬੂਥਾਂ ਉਪਰ ਲੰਮੀਆਂ ਕਤਾਰਾਂ ਲੱਗ ਗਈਆਂ ਹਨ। ਦੱਸ ਦਈਏ ਕਿ ਵਿਧਾਨ ਸਭਾ ਦੀਆਂ ਚੋਣਾਂ ਵਾਂਗ ਨਗਰ ਨਿਗਮ ਦੀਆਂ ਚੋਣਾਂ ਵਿੱਚ ਲੋਕਾਂ ਅੰਦਰ ਵੱਡਾ ਉਤਸ਼ਾਹ ਪਾਇਆ ਜਾ ਰਿਹਾ ਹੈ। ਜ਼ਿਕਰ ਖਾਸ ਹੈ ਕਿ ਪਹਿਲੀ ਵਾਰ ਇਸਤੇਮਾਲ ਕਰ ਰਹੇ ਵੋਟਰਾਂ ਵਿੱਚ ਵੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ ਜੋ ਕਤਾਰ ਵਿੱਚ ਖੜ੍ਹ ਕੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ।



# ਪਾਰਟੀ ਨੂੰ ਮਜ਼ਬੂਤ ਕਰਨ ਲਈ ਅਕਾਲੀ ਦਲ (ਬ) ਵੱਲੋਂ ਐਸ.ਸੀ. ਵਿੰਗ ਦੇ ਸਰਕਲ ਪ੍ਰਧਾਨਾਂ ਦੀਆਂ ਨਿਯੁਕਤੀਆਂ

ਬਟਾਲਾ/ਸ੍ਰੀ ਹਰਿਗੋਬਿੰਦਪੁਰ, 26 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਵਿਧਾਨ ਸਭਾ ਹਲਕਾ ਸ੍ਰੀ ਹਰਿਗੋਬਿੰਦਪੁਰ ਦੇ ਮੀਰੀ-ਪੀਰੀ ਦੇ ਮਾਲਕ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਧਰਤੀ 'ਤੇ ਸਥਿਤ ਇਤਿਹਾਸਕ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਹਲਕਾ ਇੰਚਾਰਜ ਤੇ ਮਾਝੇ ਦੇ ਨਿਧੜਕ ਜਰਨੈਲ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਕਰੀਬੀ ਸਾਥੀ ਰਾਜਨਬੀਰ ਸਿੰਘ ਵੱਲੋਂ ਆਪਣੇ ਸਾਥੀਆਂ ਸਮੇਤ ਅਹਿਮ ਬੈਠਕ ਕੀਤੀ ਗਈ ਹੈ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਦੱਸਿਆ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਐਸ.ਸੀ. ਵਿੰਗ ਦੇ ਸੂਬਾ ਪ੍ਰਧਾਨ ਗੁਲਜ਼ਾਰ ਸਿੰਘ ਰਣੀਕੇ, ਮਾਝੇ ਦੇ ਨਿਧੜਕ ਜਰਨੈਲ ਸਾ. ਕੈਬਨਿਟ ਮੰਤਰੀ ਪੰਜਾਬ ਬਿਕਰਮ ਸਿੰਘ ਮਜੀਠੀਆ ਤੇ ਪਾਰਟੀ ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ਼੍ਰੋਮਣੀ ਅਕਾਲੀ ਦਲ ਨੂੰ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿੱਚ ਹੋਰ ਮਜ਼ਬੂਤ ਕਰਨ ਲਈ ਸਰਕਲ ਪ੍ਰਧਾਨਾਂ ਦੀਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਆਖਿਆ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਸ਼ਾਨਦਾਰ ਜਿੱਤ ਪ੍ਰਾਪਤ ਕਰੇਗਾ ਤੇ ਸੂਬੇ ਵਿੱਚ ਅਕਾਲੀ ਦਲ ਦੀ ਸਰਕਾਰ ਬਣੇਗੀ। ਉਨ੍ਹਾਂ ਆਖਿਆ ਕਿ ਅੱਜ ਐਸ.ਸੀ. ਵਿੰਗ ਵਿੱਚ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਅਧੀਨ ਆਉਂਦੇ ਸਰਕਲਾਂ ਦੇ ਪ੍ਰਧਾਨਾਂ ਦੀਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਸੁਖਪਾਲ ਸਿੰਘ ਸੇਖਵਾਂ ਸਰਕਲ ਰੰਗੜ-ਨੰਗਲ, ਰਣਯੋਧ ਸਿੰਘ ਚੂਹੇਵਾਲ ਸਰਕਲ ਅੱਚਲ ਸਾਹਿਬ, ਸੋਨੂੰ ਮਿਸ਼ਰਪੁਰ ਸਰਕਲ ਅੱਚਲ ਸਾਹਿਬ-ਗੁਰਪ੍ਰੀਤ ਸਿੰਘ ਘੱਸ ਸਰਕਲ ਪੰਜਗਰਾਈਆਂ, ਲਵਪ੍ਰੀਤ ਸਿੰਘ ਹਰਪੁਰਾ ਸਰਕਲ ਪੰਜਗਰਾਈਆਂ, ਗੁਰਨਿਸ਼ਾਨ ਸਿੰਘ ਮਹਿਮਦ ਸਰਕਲ ਬੋਹਜਾ, ਮੰਗਲ ਸਿੰਘ ਵਿੱਕੀ ਘੁਮਾਣ ਸਰਕਲ ਘੁਮਾਣ, ਦਵਿੰਦਰ ਸਿੰਘ ਮਾੜੀ ਟਾਂਡਾ ਸਰਕਲ ਕੋਟਲੀ, ਦੇਸਾ ਸਿੰਘ ਵਿੱਠਵਾਂ ਸਰਕਲ ਮਾੜੀ ਪੰਨਵਾਂ, ਸੁਖਰਾਜ ਸਿੰਘ ਸਨੀ ਕਾਜ਼ਮਪੁਰ ਸਰਕਲ ਖੁਜਾਲਾ, ਸੂਬੇਦਾਰ ਨਰਿੰਦਰ ਸਿੰਘ ਸਰਕਲ ਵੀਲਾ ਬੱਜੂ, ਹਰਦੀਪ ਸਿੰਘ ਦਕੋਹਾ ਸਰਕਲ ਦਕੋਹਾ, ਕਮਲਜੀਤ ਸਿੰਘ ਮਿੱਠਾਪੁਰ ਸਰਕਲ ਚੀਮਾ ਖੁੱਡੀ, ਸਤਨਾਮ ਸਿੰਘ ਭੇਟ ਸਰਕਲ ਹਰਚੋਵਾਲ, ਸਕੱਤਰ ਸਿੰਘ ਭਾਮ ਸਰਕਲ ਹਰਚੋਵਾਲ, ਅਮਰੀਕ ਸਿੰਘ ਮੰਢਿਆਲਾ ਸਰਕਲ ਭੱਟੀਵਾਲ ਤੋਂ ਪ੍ਰਧਾਨ ਨਿਯੁਕਤ ਕੀਤੇ ਗਏ ਹਨ। ਰਾਜਨਬੀਰ ਸਿੰਘ ਘੁਮਾਣ ਨੇ ਕਿਹਾ ਕਿ ਸੂਬਾ ਪਾਰਟੀ ਹਾਈਕਮਾਂਡ ਵੱਲੋਂ ਵਿਧਾਨ ਸਭਾ ਹਲਕਾ ਸ੍ਰੀ ਹਰਿਗੋਬਿੰਦਪੁਰ ਤੋਂ ਐਸ.ਸੀ. ਵਿੰਗ ਦੇ ਕੁੱਲ 16 ਸਰਕਲ ਬਣਾਏ ਗਏ ਹਨ, ਜਿਨ੍ਹਾਂ ਵਿੱਚ ਸਰਕਲ ਪ੍ਰਧਾਨ ਨਿਯੁਕਤ ਕੀਤੇ ਗਏ ਹਨ। ਇਸ ਮੌਕੇ ਨਵ-ਨਿਯੁਕਤ ਸਰਕਲ ਪ੍ਰਧਾਨਾਂ ਨੇ ਅਕਾਲੀ ਦਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸੂਬਾ ਪ੍ਰਧਾਨ ਐਸ.ਸੀ. ਵਿੰਗ ਜਥੇ. ਗੁਲਜ਼ਾਰ ਸਿੰਘ ਰਣੀਕੇ ਤੇ ਸਮੁੱਚੀ ਹਾਈਕਮਾਂਡ ਤੇ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਮਿਲੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਰਸੀਵਰ ਜਥੇ. ਗੁਰਮੇਜ ਸਿੰਘ ਚੀਮਾ, ਪ੍ਰਧਾਨ ਕੁਲਦੀਪ ਸਿੰਘ ਮੂੜ, ਸੀਨੀਅਰ ਆਗੂ ਕੈਪਟਨ ਕੁਲਵਿੰਦਰ ਸਿੰਘ ਲਾਡੀ ਉਧਨਵਾਲ, ਸੁਖਚੈਨ ਸਿੰਘ ਭਾਮ, ਗੁਰਪ੍ਰੀਤ ਸਿੰਘ ਭਾਮ, ਸੀਨੀਅਰ ਆਗੂ ਸੁਲੱਖਣ ਸਿੰਘ ਬਾਠ, ਸੰਜੋਗਦੀਪ ਸਿੰਘ ਘੁਮਾਣ, ਬੰਟੀ ਮਾਨ ਹਾਜ਼ਰ ਸਨ।



# ਸਰਕਾਰ ਨੇ ਕਿਸਾਨਾਂ 'ਤੇ ਕੀਤੇ ਝੂਠੇ ਪਰਚੇ ਰੱਦ ਨਾ ਕੀਤੇ ਤਾਂ '27 ਦੀਆਂ ਚੋਣਾਂ 'ਚ ਪਿੰਡਾਂ 'ਚ ਨਹੀਂ ਵੜਨ ਦਿਆਂਗੇ: ਸੁਵਿੰਦਰ ਸਿੰਘ

ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 26 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ/ਡਾ. ਸਰਬਜੀਤ ਸਿੰਘ ਭਿੰਡਰ): ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਜ਼ੋਨ ਮੀਰੀ-ਪੀਰੀ ਸਾਹਿਬ ਦੀ ਇੱਕ ਭਰਵੀਂ ਮੀਟਿੰਗ ਪਿੰਡ ਦਕੋਹਾ ਦੇ ਗੁਰਦੁਆਰਾ ਲੰਗਰ ਹਾਲ ਵਿੱਚ ਹੋਈ, ਜਿਸ ਦੀ ਪ੍ਰਧਾਨਗੀ ਸੂਬਾ ਕੋਰ ਕਮੇਟੀ ਆਗੂ ਸੁਵਿੰਦਰ ਸਿੰਘ ਚੁਤਾਲਾ ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਮਸਾਣੀਆਂ ਨੇ ਕੀਤੀ। ਮੀਟਿੰਗ ਦੀ ਕਾਰਵਾਈ ਸਬੰਧੀ ਜਾਣਕਾਰੀ ਦਿੰਦਿਆਂ ਜ਼ੋਨ ਪ੍ਰਧਾਨ ਮਾਸਟਰ ਗੁਰਜੀਤ ਸਿੰਘ ਬੱਲੜਵਾਲ ਨੇ ਦੱਸਿਆ ਕਿ ਪੂਰੇ ਜ਼ਿਲ੍ਹੇ ਗੁਰਦਾਸਪੁਰ ਵਿੱਚ ਜਥੇਬੰਦੀ ਵੱਲੋਂ ਜ਼ੋਨ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਉਸੇ ਦੇ ਤਹਿਤ ਇਹ ਮੀਟਿੰਗ ਪਿੰਡ ਦਕੋਹਾ ਵਿੱਚ ਰੱਖੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਡਾ. ਬਲਵਿੰਦਰ ਸਿੰਘ ਕੋਟਲੀ ਤੇ ਹਜ਼ੂਰ ਸਿੰਘ ਕਪੂਰਾ ਨੇ ਏਜੰਡਿਆਂ 'ਤੇ ਆਪਣੇ ਵਿਚਾਰ ਰੱਖੇ। ਮੁੱਖ ਏਜੰਡੇ, ਜਥੇਬੰਦਕ ਢਾਂਚੇ ਸਬੰਧੀ, ਸ਼ੰਭੂ ਬਾਰਡਰ 'ਤੇ ਕਿਸਾਨਾਂ ਦੇ ਕੀਮਤੀ ਸਮਾਨ ਦੀ ਲੁੱਟ, ਚਿੱਪ ਵਾਲੇ ਮੀਟਰਾਂ ਦੇ ਰਾਹੀਂ ਹੋ ਰਿਹਾ ਬਿਜਲੀ ਬੋਰਡ ਦਾ ਪ੍ਰਾਈਵੇਟ ਕਰਨ, ਕਿਸਾਨਾਂ 'ਤੇ ਹੋਏ ਝੂਠੇ ਪਰਚੇ, ਅਮਰਵੇਲ ਵਾਂਗੂ ਵੱਧਦੀਆਂ ਡੀਜ਼ਲ-ਪੈਟਰੋਲ ਦੀਆਂ ਕੀਮਤਾਂ 'ਤੇ ਆਧਾਰਿਤ ਸਨ। ਇਨ੍ਹਾਂ ਏਜੰਡਿਆਂ 'ਤੇ ਬੋਲਦਿਆਂ ਹਰਵਿੰਦਰ ਸਿੰਘ ਮਸਾਣੀਆਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਸਾਨਾਂ ਨੂੰ ਲਾਮਬੰਦ ਹੋਣ 'ਤੇ ਜਥੇਬੰਦਕ ਢਾਂਚੇ ਵਿੱਚ ਪਰੋਏ ਜਾਣ 'ਤੇ ਜ਼ੋਰ ਦਿੱਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਰਪੋਰੇਟ ਘਰਾਣੇ ਬਹੁਤ ਜਲਦ ਸਾਡੀਆਂ ਜ਼ਮੀਨਾਂ ਖੋਹਣ ਦੀ ਤਿਆਰੀ ਵਿੱਚ ਹਨ ਤੇ ਸਰਕਾਰਾਂ ਉਨ੍ਹਾਂ ਦੀ ਇਸ ਕੰਮ ਵਿੱਚ ਹਰ ਮਦਦ ਕਰ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਫਸਲਾਂ ਦੀ ਐਮਐਸਪੀ ਦੀ ਆਸ ਲਗਾਈ ਬੈਠੇ ਹਾਂ, ਜ਼ਰਾ ਸੋਚੋ ਜੇ ਜ਼ਮੀਨਾਂ ਹੀ ਨਾ ਰਹੀਆਂ ਤਾਂ ਐਮਐਸਪੀ ਦਾ ਕੀ ਫਾਇਦਾ ਹੋਊਗਾ। ਇਸੇ ਤਰ੍ਹਾਂ ਸੂਬਾ ਕੋਰ ਕਮੇਟੀ ਆਗੂ ਤੇ ਜ਼ਿਲ੍ਹਾ ਇੰਚਾਰਜ ਸੁਵਿੰਦਰ ਸਿੰਘ ਚੁਤਾਲਾ ਹੋਰਾਂ ਬੋਲਦਿਆਂ ਸਰਕਾਰ ਨੂੰ ਸਪੱਸ਼ਟ ਚੇਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਸ਼ੰਭੂ ਬਾਰਡਰ ਤੋਂ ਲੁੱਟੇ ਕਿਸਾਨਾਂ ਦੇ ਕੀਮਤੀ ਸਮਾਨ ਦੀ ਭਰਪਾਈ ਨਾ ਕੀਤੀ, ਕਿਸਾਨਾਂ 'ਤੇ ਪਾਏ ਝੂਠੇ ਪਰਚੇ ਵਾਪਸ ਨਾ ਕੀਤੇ, ਬਿਜਲੀ ਬੋਰਡ ਦਾ ਹੋ ਰਿਹਾ ਨਿੱਜੀਕਰਨ ਨਾ ਰੋਕਿਆ, ਹਾਈਵੇ ਸਬੰਧੀ ਮੰਗਾਂ ਨੂੰ ਅਣਗੌਲਿਆਂ ਕੀਤਾ ਤਾਂ 2027 ਦੀਆਂ ਅਸੰਬਲੀ ਚੋਣਾਂ ਵਿੱਚ ਪਾਰਟੀ ਉਮੀਦਵਾਰਾਂ ਨੂੰ ਪਿੰਡਾਂ ਵਿੱਚ ਵੜਨ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਸਾਨਾਂ ਨੂੰ ਵੀ ਇਸ ਲੜਾਈ ਵਿੱਚ ਇੱਕਜੁੱਟ ਹੋਣ ਤੇ ਪੂਰੀ ਤਿਆਰੀ ਵਿੱਚ ਦੇਣ ਦੀ ਪੱਕੀ ਤਾਕੀਦ ਕੀਤੀ।ਇਸ ਜ਼ੋਨ ਮੀਟਿੰਗ ਨੂੰ ਵਧੀਆ ਤਰਤੀਬ ਦੇਣ ਤੇ ਸਫਲ ਬਣਾਉਣ ਵਿੱਚ ਆਗਿਆਪਾਲ ਸਿੰਘ ਬੋਲੇਵਾਲ, ਸਤਨਾਮ ਸਿੰਘ, ਸੋਹਣ ਸਿੰਘ, ਮਹਿਲ ਸਿੰਘ, ਸਰਵਨ ਸਿੰਘ, ਰਛਪਾਲ ਸਿੰਘ, ਤਰਸੇਮ ਸਿੰਘ, ਸੁਖਦੇਵ ਸਿੰਘ ਚੌਲ ਚੱਕ, ਹਰਦੀਪ ਸਿੰਘ, ਸਵਰਨ ਸਿੰਘ, ਸਰਪੰਚ ਪ੍ਰੀਤਮ ਸਿੰਘ, ਸਰਪੰਚ ਜੋਗਿੰਦਰ ਸਿੰਘ, ਮਾਸਟਰ ਹਰਬੰਸ ਸਿੰਘ, ਸਰਬਜੀਤ ਸਿੰਘ ਲੋਧੀ, ਹਰਜਿੰਦਰ ਸਿੰਘ, ਬਲਵਿੰਦਰ ਸਿੰਘ ਮਿਹਰ ਸਿੰਘ, ਅਜੀਤ ਸਿੰਘ, ਬੀਬੀ ਮਨਜੀਤ ਕੌਰ, ਬਲਵਿੰਦਰ ਕੌਰ, ਰਾਜਵਿੰਦਰ ਕੌਰ, ਪਰਮਜੀਤ ਕੌਰ, ਨਸੀਬ ਕੌਰ, ਭੁਪਿੰਦਰ ਸਿੰਘ ਦਕੋਹਾ ਆਦਿ ਆਗੂਆਂ ਨੇ ਆਪਣਾ ਭਰਪੂਰ ਯੋਗਦਾਨ ਦਿੱਤਾ। ਫੋਟੋਗ੍ਰਾਫੀ ਜ਼ੋਨ ਪ੍ਰੈਸ ਸਕੱਤਰ ਬਲਦੇਵ ਸਿੰਘ ਤੇ ਪ੍ਰੇਮ ਸਿੰਘ ਨੇ ਨਿਭਾਈ।



# ਪੁਲਿਸ ਵੱਲੋਂ 10 ਗ੍ਰਾਮ ਹੈਰੋਇਨ ਤੇ 1000 ਰੁਪਏ ਡਰੱਗ ਮਨੀ ਸਮੇਤ ਦੋਸ਼ੀ ਗ੍ਰਿਫ਼ਤਾਰ

ਗੁਰਦਾਸਪੁਰ, 26 ਮਈ (ਜਗੀਰ ਸਿੰਘ ਮੰਡ/ਨਾਹਰ): ਮਾਣਯੋਗ ਮੁੱਖ ਮੰਤਰੀ, ਪੰਜਾਬ ਵੱਲੋਂ ਐਲਾਨੇ ਯੁੱਧ ਨਸ਼ਿਆਂ ਦੇ ਵਿਰੁੱਧ ਮੁਹਿੰਮ ਤਹਿਤ ਮਾਣਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਤੇ ਮਾਣਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਦੀਨਾਨਗਰ ਵਿਖੇ ਸੁਸ਼ੀਲ ਉਰਫ ਸੁਨੀਲ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 10 ਗ੍ਰਾਮ ਹੈਰੋਇਨ ਤੇ 1000/- ਰੁਪਏ ਡਰੱਗ ਮਨੀ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖ਼ਿਲਾਫ਼ ਮੁਕੱਦਮਾ ਬਾ-ਜੁਰਮ 21(ਬੀ)/27(ਏ)-61-85 NDPS Act ਥਾਣਾ ਦੀਨਾਨਗਰ ਵਿਖੇ ਦਰਜ ਕੀਤਾ ਗਿਆ। ਆਦਿੱਤਯ, ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਦੇ ਖ਼ਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ।



# ਬੱਚਿਆਂ ਦੇ ਮਨਾਂ 'ਚ ਸ਼ਹੀਦਾਂ ਪ੍ਰਤੀ ਸਤਿਕਾਰ ਵਧਾਉਣ ਲਈ ਸੰਗਤਾਂ ਬੱਚਿਆਂ ਨੂੰ ਸਮਾਗਮਾਂ 'ਚ ਲੈ ਕੇ ਆਉਣ: ਗਿ. ਹਰਨਾਮ ਸਿੰਘ ਖ਼ਾਲਸਾ

ਚੌਕ ਮਹਿਤਾ, 26 ਮਈ (ਬਲਜਿੰਦਰ ਸਿੰਘ ਰੰਧਾਵਾ): ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲੇ ਦੀ ਅਗਵਾਈ ਦੇ ਵਿੱਚ ਜੂਨ 1984 (ਘੱਲੂਘਾਰਾ) ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਅੱਜ ਨਗਰ ਸਹਾਇਪੁਰ ਵਿਖੇ ਸ਼ਹੀਦੀ ਦੀਵਾਨ ਸਜਾਏ ਗਏ। ਜਿਸ ਦੌਰਾਨ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਦੇ ਜੀਵਨ ਸਫ਼ਰ ਨਾਲ ਜੁੜਿਆ ਪਾਵਨ ਇਤਿਹਾਸ ਸਰਵਣ ਕਰਵਾ ਕੇ ਸੰਗਤ ਨੂੰ ਨਿਹਾਲ ਕੀਤਾ।ਗਿਆਨੀ ਖ਼ਾਲਸਾ ਨੇ ਆਖਿਆ ਕਿ 1 ਜੂਨ ਤੋਂ ਸ਼ਹੀਦੀ ਹਫ਼ਤੇ ਦੀ ਸ਼ੁਰੂਆਤ ਹੋਵੇਗੀ, ਜਿਸ ਦੌਰਾਨ ਦਮਦਮੀ ਟਕਸਾਲ ਦੇ ਹੈਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਰੋਜ਼ਾਨਾ ਦੀਵਾਨ ਸਜਿਆ ਕਰਨਗੇ ਤੇ 6 ਜੂਨ ਨੂੰ 42ਵਾਂ ਮੁੱਖ ਤੇ ਮਹਾਨ ਸ਼ਹੀਦੀ ਸਮਾਗਮ ਹੋਵੇਗਾ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਇਨ੍ਹਾਂ ਦੀਵਾਨਾਂ ਦੇ ਵਿੱਚ ਸੰਗਤਾਂ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਆਉਣ ਤਾਂ ਜੋ ਸਾਡੇ ਬੱਚੇ ਕੌਮ ਦੇ ਸ਼ਹੀਦਾਂ ਦੀਆਂ ਅਮਰ ਗਾਥਾਵਾਂ ਸੁਣ ਸਕਣ ਤੇ ਉਨ੍ਹਾਂ ਦੇ ਮਨਾਂ ਅੰਦਰ ਸ਼ਹੀਦਾਂ ਦੇ ਪ੍ਰਤੀ ਸਤਿਕਾਰ ਦੀ ਭਾਵਨਾ ਵੱਧ ਸਕੇ। ਇਸ ਦੌਰਾਨ ਟਕਸਾਲ ਦੇ ਹਜ਼ੂਰੀ ਰਾਗੀ ਜੱਥੇ ਨੇ ਰਸਦਾਇਕ ਪੋਥੀ ਦੇ ਪਾਠ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਪੋਥੀ ਦੇ ਪਾਠ ਦੀ ਸੇਵਾ ਭਾਈ ਸਤਨਾਮ ਸਿੰਘ ਖ਼ਾਲਸਾ ਤੇ ਸਟੇਜ ਸੰਚਾਲਨ ਦੀ ਸੇਵਾ ਪ੍ਰਿੰ. ਗੁਰਦੀਪ ਸਿੰਘ ਰੰਧਾਵਾ ਨੇ ਨਿਭਾਈ। ਸਮਾਗਮ ਦੀ ਸਮਾਪਤੀ ਮੌਕੇ ਪ੍ਰਬੰਧਕਾਂ ਵੱਲੋਂ ਸਿਰੋਪਾਓ ਤੇ ਦੁਸ਼ਾਲਾ ਭੇਟ ਕਰਕੇ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜਥੇ. ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ, ਜਥੇ. ਬਾਬਾ ਬੋਹੜ ਸਿੰਘ, ਪ੍ਰਿੰ. ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖ਼ਾਲਸਾ ਦੀਵਾਨ), ਭਾਈ ਜੁਝਾਰ ਸਿੰਘ, ਭਾਈ ਪ੍ਰਭਜੀਤ ਸਿੰਘ, ਭਾਈ ਸਤਨਾਮ ਸਿੰਘ, ਭਾਈ ਗੁਰਪ੍ਰੀਤ ਸਿੰਘ ਵੈਦ, ਪ੍ਰੋ. ਗਿਆਨੀ ਜੋਬਨਜੀਤ ਸਿੰਘ, ਭਾਈ ਗੁਰਕਿਰਪਾਲ ਸਿੰਘ, ਭਾਈ ਪ੍ਰਕਾਸ਼ ਸਿੰਘ, ਭਾਈ ਨਿਰਮਲ ਸਿੰਘ ਤੇ ਗਿਆਨੀ ਮੋਹਣ ਸਿੰਘ ਹਾਜ਼ਰ ਸਨ।



# ਡੀ.ਸੀ. ਵੱਲੋਂ ਬਲਾਚੌਰ ਦੀ ਇਮੀਗ੍ਰੇਸ਼ਨ ਫਰਮ ਦਾ ਲਾਇਸੈਂਸ ਰੱਦ

ਸ਼ਹੀਦ ਭਗਤ ਸਿੰਘ ਨਗਰ, 26 ਮਈ (ਸੁਖਦੇਵ ਸਿੰਘ ਉੜਾਪੜ): ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਗੁਲਪ੍ਰੀਤ ਸਿੰਘ ਔਲਖ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ, 2012 ਦੀਆਂ ਵਿਵਸਥਾਵਾਂ ਤਹਿਤ ਬਲਾਚੌਰ ਵਿਖੇ ਸਥਿਤ ਇਮੀਗ੍ਰੇਸ਼ਨ ਫਰਮ ਮੈਸਰਜ਼ ਬ੍ਰੈਂਪਟਨ ਇਮੀਗ੍ਰੇਸ਼ਨ ਐਂਡ ਆਈ.ਈ.ਐਲ.ਟੀ.ਐਸ. ਇੰਸਟੀਚਿਊਟ ਦਾ ਲਾਇਸੈਂਸ ਰੱਦ ਕਰ ਦਿੱਤਾ ਹੈ।ਡਿਪਟੀ ਕਮਿਸ਼ਨਰ ਵੱਲੋਂ ਜਾਰੀ ਅਧਿਕਾਰਤ ਹੁਕਮਾਂ ਅਨੁਸਾਰ ਫਰਮ ਦੇ ਮਾਲਕ ਵਰਿੰਦਰ ਕੁਮਾਰ ਬਜਾੜ ਨੇ ਖੁਦ ਹੀ ਸੰਸਥਾ ਨੂੰ ਜਾਰੀ ਕੀਤੇ ਲਾਇਸੈਂਸ ਨੂੰ ਰੱਦ ਕਰਨ ਲਈ ਅਰਜ਼ੀ ਦਿੱਤੀ ਸੀ। ਪੁਲਿਸ ਅਧਿਕਾਰੀਆਂ ਵੱਲੋਂ ਤਸਦੀਕ ਤੇ ਰਿਪੋਰਟ ਪੇਸ਼ ਕੀਤੇ ਜਾਣ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਲਾਇਸੈਂਸ ਰੱਦ ਕਰ ਦਿੱਤਾ। ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਔਲਖ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਇਮੀਗ੍ਰੇਸ਼ਨ ਸਬੰਧੀ ਗਤੀਵਿਧੀਆਂ ਵਿੱਚ ਸ਼ਾਮਲ ਗੈਰ-ਅਧਿਕਾਰਤ ਤੇ ਗੈਰ-ਰਜਿਸਟਰਡ ਫਰਮਾਂ ਵਿਰੁੱਧ ਸਖ਼ਤ ਕਾਰਵਾਈ ਜਾਰੀ ਰਹੇਗੀ। ਡਿਪਟੀ ਕਮਿਸ਼ਨਰ ਨੇ ਵਸਨੀਕਾਂ ਨੂੰ ਸੁਚੇਤ ਰਹਿਣ ਤੇ ਵੀਜ਼ਾ, ਵਿਦੇਸ਼ੀ ਸਿੱਖਿਆ ਤੇ ਹੋਰ ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਸਿਰਫ ਲਾਇਸੈਂਸਸ਼ੁਦਾ ਤੇ ਅਧਿਕਾਰਤ ਇਮੀਗ੍ਰੇਸ਼ਨ ਫਰਮਾਂ ਕੋਲ ਹੀ ਪਹੁੰਚ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਇਮੀਗ੍ਰੇਸ਼ਨ ਖੇਤਰ ਵਿੱਚ ਗੈਰ-ਕਾਨੂੰਨੀ ਆਪਰੇਟਰਾਂ ਵੱਲੋਂ ਲੋਕਾਂ ਨਾਲ ਧੋਖਾਧੜੀ ਤੇ ਸ਼ੋਸ਼ਣ ਤੋਂ ਬਚਾਉਣ ਤੇ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਗ੍ਰਾਮ ਪੰਚਾਇਤ ਬੱਦੋਵਾਲ ਵੱਲੋਂ ਸਰਕਾਰੀ ਨਲਕਾ ਲਗਾਉਣ ਦੀ ਸ਼ੁਰੂਆਤ

ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 26 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਅੱਤ ਦੀ ਪੈ ਰਹੀ ਗਰਮੀ ਨੂੰ ਮੁੱਖ ਰੱਖਦਿਆਂ ਹੋਇਆਂ ਤੇ ਲੋਕਾਂ ਲਈ ਸਾਫ਼ ਪਾਣੀ ਪੀਣ ਦੀ ਸਹੂਲਤ ਲਈ ਪਿੰਡ ਬੱਦੋਵਾਲ ਦੀ ਗ੍ਰਾਮ ਪੰਚਾਇਤ ਵੱਲੋਂ ਸਰਕਾਰੀ ਨਲਕਾ ਲਗਾਉਣ ਦੀ ਸ਼ੁਰੂਆਤ ਕੀਤੀ ਗਈ। ਇਹ ਨਲਕਾ ਗ੍ਰਾਮ ਪੰਚਾਇਤ ਬੱਦੋਵਾਲ ਦੇ ਸਹਿਯੋਗ ਨਾਲ ਸਰਕਾਰ ਵੱਲੋਂ ਕਾਫ਼ੀ ਡੂੰਘਾ ਬੋਰ ਕਰਕੇ ਲਗਾਇਆ ਜਾ ਰਿਹਾ, ਬੋਰ ਡੂੰਘਾ ਹੋਣ ਕਰਕੇ ਇਸ ਨਲਕੇ ਦਾ ਪਾਣੀ ਪੀਣ ਲਈ ਸਾਫ-ਸੁਥਰਾ ਹੋਵੇਗਾ। ਇਸ ਮੌਕੇ ਸਰਪੰਚ ਸੁਖਵੰਤ ਕੌਰ, ਸਾਬਕਾ ਸਰਪੰਚ ਹਰਦੇਵ ਸਿੰਘ ਬੱਦੋਵਾਲ, ਹਰਜੀਤ ਸਿੰਘ ਪਰਮਾਰ ਬਲਾਕ ਸੰਮਤੀ ਮੈਂਬਰ, ਸੰਦੀਪ ਸਿੰਘ ਨੰਬਰਦਾਰ, ਗੁਰਦਾਸ ਸਿੰਘ, ਦਲਬੀਰ ਸਿੰਘ ਪ੍ਰਧਾਨ, ਬਲਵਿੰਦਰ ਸਿੰਘ ਨੰਬਰਦਾਰ, ਤੀਰਥ ਸਿੰਘ ਮੈਂਬਰ, ਅਜੀਤ ਸਿੰਘ ਵਿਰਦੀ ਸਰਬਜੀਤ ਸਿੰਘ ਆਦਿ ਹਾਜ਼ਰ ਸਨ।



# ਸੇਂਟ ਕਬੀਰ ਪਬਲਿਕ ਸਕੂਲ ਵਿਖੇ ਨਸ਼ਾ ਜਾਗਰੂਕਤਾ ਤੇ ਰੋਕਥਾਮ ਭਾਸ਼ਣ ਕਰਵਾਇਆ

ਕਾਹਨੂੰਵਾਨ, 26 ਮਈ (ਕੁਲਜੀਤ ਸਿੰਘ ਖੋਖਰ): ਨੌਜਵਾਨਾਂ ਵਿੱਚ ਨਸ਼ੇ ਦੀ ਦੁਰਵਰਤੋਂ ਦੀ ਵੱਧ ਰਹੀ ਚਿੰਤਾ ਨੂੰ ਦੂਰ ਕਰਨ ਲਈ ਰੈਡ ਕਰਾਸ ਇੰਟੀਗ੍ਰੇਟਿਡ ਐਂਡ ਰੀਹੈਬਲੀਟੇਸ਼ਨ ਸੈਂਟਰ ਫਾਰ ਐਡਿਕਟਸ ਗੁਰਦਾਸਪੁਰ ਨੇ ਸ਼ਿਵ ਦੁਲਾਰ ਸਿੰਘ ਢਿੱਲੋਂ, ਸਕੱਤਰ, ਇੰਡੀਅਨ ਰੈਡ ਕਰਾਸ ਸੁਸਾਇਟੀ, ਪੰਜਾਬ ਰਾਜ ਸ਼ਾਖਾ ਚੰਡੀਗੜ੍ਹ ਦੀ ਅਗਵਾਈ ਹੇਠ, ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਪਿੰਡ ਬਖਤਪੁਰ, ਗੁਰਦਾਸਪੁਰ ਵਿਖੇ ਇੱਕ ਨਸ਼ਾ ਜਾਗਰੂਕਤਾ ਤੇ ਰੋਕਥਾਮ ਭਾਸ਼ਣ ਕਰਵਾਇਆ ਗਿਆ।ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਨੂੰ ਨਸ਼ੇ ਦੀ ਦੁਰਵਰਤੋਂ ਦੇ ਦੁਰਪ੍ਰਭਾਵਾਂ ਬਾਰੇ ਪ੍ਰੇਰਿਤ ਕਰਨਾ ਸੀ। ਪ੍ਰੋਗਰਾਮ ਦੀ ਅਗਵਾਈ ਪ੍ਰਿੰਸੀਪਲ ਐਸ.ਬੀ. ਨਾਇਰ, ਪ੍ਰਬੰਧਨ ਕਮੇਟੀ ਦੇ ਮੈਂਬਰਾਂ ਨੇ ਕੀਤੀ ਤੇ ਵਿਦਿਆਰਥੀਆਂ ਤੇ ਸਤਿਕਾਰਯੋਗ ਅਧਿਆਪਕਾਂ ਦੀ ਇੱਕ ਵੱਡੀ ਗਿਣਤੀ ਨੇ ਸ਼ਿਰਕਤ ਕੀਤੀ। ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਰਘਬੀਰ ਸਿੰਘ, ਕੋਮਲਪ੍ਰੀਤ ਕੌਰ ਤੇ ਆਭਾ ਸ਼ਰਮਾ ਦੀ ਟੀਮ ਆਈਆਰਸੀਏ ਗੁਰਦਾਸਪੁਰ ਨੇ ਨਸ਼ੇ ਦੀ ਲਤ ਦੇ ਕਾਰਨਾਂ ਤੇ ਪ੍ਰਭਾਵਾਂ ਨੂੰ ਉਜਾਗਰ ਕਰਦੇ ਹੋਏ ਇੱਕ ਸੰਖੇਪ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। ਉਨ੍ਹਾਂ ਨੇ ਨਸ਼ੇ ਦੀ ਦੁਰਵਰਤੋਂ ਦੇ ਲੱਛਣਾਂ ਤੇ ਸ਼ੁਰੂਆਤੀ ਦਖਲ-ਅੰਦਾਜ਼ੀ ਤੇ ਸਹਾਇਤਾ ਪ੍ਰਣਾਲੀਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਹ ਵੀ ਪ੍ਰੇਰਿਤ ਕੀਤਾ ਕਿ ਉਹ ਆਪਣੀ ਜ਼ਿੰਦਗੀ ਵਿੱਚ ਕਿਸੇ ਵੀ ਤਰ੍ਹਾਂ ਦੇ ਨਸ਼ੇ ਦੀ ਵਰਤੋਂ ਨਾ ਕਰਨ ਕਿਉਂਕਿ ਜਿੰਨਾ ਜ਼ਿਆਦਾ ਤੁਸੀਂ ਨਸ਼ਿਆਂ ਦੀ ਵਰਤੋਂ ਕਰੋਗੇ, ਓਨਾ ਹੀ ਘੱਟ ਤੁਸੀਂ ਜੀਵੋਂਗੇ। ਸਕੂਲ ਦੇ ਪ੍ਰਬੰਧਨ ਨੇ ਕੇਂਦਰ ਦੇ ਇਸ ਕਦਮ ਦੀ ਬਹੁਤ ਸ਼ਲਾਘਾ ਕੀਤੀ। ਸਹੁੰ ਚੁੱਕਦੇ ਸਮੇਂ ਵਿਦਿਆਰਥੀਆਂ ਨੇ ਆਪਣੇ ਜੀਵਨ ਵਿੱਚ ਕਿਸੇ ਵੀ ਤਰ੍ਹਾਂ ਦੇ ਨਸ਼ੇ ਨੂੰ ਨਾ ਛੂਹਣ ਤੇ ਐਨਐਮਬੀਏ ਦੇ ਰਾਜਦੂਤ ਬਣਨ ਦੀ ਸਹੁੰ ਚੁੱਕੀ।



# ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਤਲਵਾੜਾ ਵਿਖੇ ਆਯੋਜਿਤ

ਤਲਵਾੜਾ, 26 ਮਈ (ਜਗਮੋਹਨ ਸ਼ਰਮਾ): ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਪੰਜਾਬ ਤਹਿਸੀਲ ਮੁਕੇਰੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਤਲਵਾੜਾ ਵਿਖੇ ਆਯੋਜਿਤ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਤਹਿਸੀਲ ਪ੍ਰਧਾਨ ਗਿਆਨ ਸਿੰਘ ਗੁਪਤਾ ਨੇ ਕੀਤੀ। ਇਸ ਮੌਕੇ ਮੁੱਖ ਸਲਾਹਕਾਰ ਯੁਗਰਾਜ ਸਿੰਘ, ਵਿੱਤ ਸਕੱਤਰ ਹੈਡਮਾਸਟਰ ਉਤਮ ਸਿੰਘ ਸਮੇਤ ਹੋਰ ਕਈ ਅਹੁਦੇਦਾਰ ਤੇ ਲਗਭਗ 100 ਪੈਨਸ਼ਨਰ ਹਾਜ਼ਰ ਸਨ।ਮੀਟਿੰਗ ਦੌਰਾਨ ਪੈਨਸ਼ਨਰਾਂ ਨੂੰ ਆ ਰਹੀਆਂ ਵੱਖ-ਵੱਖ ਸਮੱਸਿਆਵਾਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਕਈ ਪੈਨਸ਼ਨਰਾਂ ਨੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ ਅਪ੍ਰੈਲ ਮਹੀਨੇ ਦੀ ਪੈਨਸ਼ਨ ਅਜੇ ਤੱਕ ਬੈਂਕ ਖਾਤਿਆਂ ਵਿੱਚ ਪ੍ਰਾਪਤ ਨਹੀਂ ਹੋਈ। ਇਸ ਤੋਂ ਇਲਾਵਾ ਬਹੁਤ ਸਾਰੇ ਪੈਨਸ਼ਨਰਾਂ ਦੇ ਲਾਈਫ ਸਰਟੀਫਿਕੇਟ ਡਿਜੀਟਲ ਤਰੀਕੇ ਨਾਲ ਜਮ੍ਹਾਂ ਨਹੀਂ ਹੋ ਸਕੇ, ਜਿਸ ਕਾਰਨ ਉਨ੍ਹਾਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੀਟਿੰਗ ਵਿੱਚ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਸਲਾਹ-ਮਸ਼ਵਰਾ ਕੀਤਾ ਗਿਆ ਤੇ ਸਰਕਾਰ ਤੱਕ ਇਹ ਮਾਮਲੇ ਪਹੁੰਚਾਉਣ 'ਤੇ ਜ਼ੋਰ ਦਿੱਤਾ ਗਿਆ। ਜ਼ਿਲ੍ਹਾ ਜੁਆਇੰਟ ਸਕੱਤਰ ਸ਼ਿਵ ਕੁਮਾਰ ਨੇ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਆਉਣ ਵਾਲੇ ਸੰਘਰਸ਼ੀ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸਰਕਾਰ ਦੀ ਤਿੱਖੇ ਸ਼ਬਦਾਂ ਵਿੱਚ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਬਾਰ-ਬਾਰ ਸੰਘਰਸ਼ ਕਰਨ ਦੇ ਬਾਵਜੂਦ ਵੀ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਤਹਿਸੀਲ ਸਹਾਇਕ ਸਕੱਤਰ ਧਿਆਨ ਸਿੰਘ, ਮੁਲਖ ਰਾਜ, ਉਪ ਪ੍ਰਧਾਨ ਮੇਲਾ ਸਿੰਘ, ਓਮ ਦੱਤ, ਤਿਲਕ ਰਾਜ, ਮੁਖਤਿਆਰ ਸਿੰਘ, ਕੇਸਰੀ ਦਾਸ, ਪ੍ਰੀਤਮ ਸਿੰਘ, ਬਲਵੰਤ ਸਿੰਘ, ਕ੍ਰਿਸ਼ਨ ਕਿਸ਼ੋਰ, ਕੁੰਦਨ ਸਿੰਘ ਤੇ ਰਾਜਿੰਦਰ ਪ੍ਰਸ਼ਾਦ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰ ਹਾਜ਼ਰ ਸਨ। ਮੀਟਿੰਗ ਦੀ ਕਾਰਵਾਈ ਤਹਿਸੀਲ ਦੇ ਜਨਰਲ ਸਕੱਤਰ ਕੇਹਰ ਸਿੰਘ ਵੱਲੋਂ ਚਲਾਈ ਗਈ।




# ਭੋਗਪੁਰ ਸਾਲਾਨਾ ਜੋੜ ਮੇਲਾ 21 ਜੂਨ ਨੂੰ



ਭੋਗਪੁਰ, 26 ਮਈ (ਜੰਡੀਰ ਸੈਣੀ): ਬਾਬਾ ਮਸਤ ਜੀ ਭੋਗਪੁਰ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ 21 ਜੂਨ ਨੂੰ ਮੁਹੱਲਾ ਪ੍ਰਾਣੀ ਆਬਾਦੀ ਵਾਰਡ ਨੰਬਰ ਇੱਕ ਭੋਗਪੁਰ ਜ਼ਿਲ੍ਹਾ ਜਲੰਧਰ ਵਿਖੇ ਬਹੁਤ ਹੀ ਧੂਮ-ਧਾਮ ਦੇ ਨਾਲ ਮਨਾਇਆ ਜਾ ਰਿਹਾ ਹੈ। ਪ੍ਰੋਗਰਾਮ 11 ਵਜੇ ਤੋਂ ਸ਼ੁਰੂ ਹੋਣਗੇ, ਜਿਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਰਨਾਮ ਸਿੰਘ ਮਿਨਹਾਸ ਨੰਬਰਦਾਰ ਨੇ ਦੱਸਿਆ ਕਿ ਕੱਵਾਲੀਆਂ ਤੇ ਸੂਫੀ ਕਲਾਮ 11 ਵਜੇ ਤੋਂ ਆਰੰਭ ਹੋਣਗੇ ਤੇ ਇਹ ਪ੍ਰੋਗਰਾਮ ਸੇਵਾਦਾਰ ਕਰਮ ਚੰਦ ਨੰਬਰਦਾਰ, ਮੇਲਾ ਸਰਪ੍ਰਸਤ ਖਵਾਜਾ ਮਨਜ਼ੂਰ ਹੁਸੈਨ ਜੀ ਦੇ ਆਸ਼ੀਰਵਾਦ ਸਦਕਾ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਹਿੱਸਾ ਲੈ ਰਹੇ ਬਾਬਾ ਰਮੇਸ਼ ਸਿੰਘ, ਆਰ ਕੌਰ, ਅਮਰੀਕ ਜੱਸਲ, ਸਨਾ ਖਾਨ ਮੋਇਨ ਨਿਜ਼ਾਮੀ ਬਰਦਰਜ ਯੂਪੀ ਆਦਿ ਹਨ।

# ਦਿਲਜੀਤ ਦੋਸਾਂਝ ਦੇ ਘਰ ਤੇ ਲੁਧਿਆਣਾ ਦੇ ਮੇਅਰ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਲੁਧਿਆਣਾ, 26 ਮਈ (ਚ.ਨ.ਸ): ਮਸ਼ਹੂਰ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਤੇ ਲੁਧਿਆਣਾ ਦੀ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਦੇ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਭਰੀ ਈ-ਮੇਲ ਮਿਲੀ ਹੈ। ਇਸ ਤੋਂ ਬਾਅਦ ਸੁਰੱਖਿਆ ਏਜੰਸੀਆਂ ਹਾਈ ਅਲਰਟ 'ਤੇ ਹਨ। ਬੀਤੇ ਦਿਨ ਸਵੇਰੇ ਕਰੀਬ ਸਾਢੇ ਸੱਤ ਵਜੇ ਮਿਲੀ ਈ-ਮੇਲ ਤੋਂ ਬਾਅਦ ਜ਼ਿਲ੍ਹਾ ਪੁਲਿਸ ਤੇ ਸਾਈਬਰ ਸੈਲ ਦੀਆਂ ਟੀਮਾਂ ਤੁਰੰਤ ਚੌਕਸ ਹੋ ਗਈਆਂ ਹਨ। ਈ-ਮੇਲ ਭੇਜਣ ਵਾਲੇ ਦੇ ਆਈਪੀ ਐਡਰੈਸ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਧਮਕੀ ਨਿਗਮ ਕਮਿਸ਼ਨਰ ਦੀ ਈ-ਮੇਲ 'ਤੇ ਆਈ ਹੈ। ਇਸ ਵਿੱਚ ਸੋਮਵਾਰ ਬਾਅਦ ਦੁਪਹਿਰ 1.11 ਵਜੇ ਮੇਅਰ ਦੇ ਦਫ਼ਤਰ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਹੈ ਤੇ ਰਾਤ 9.11 ਵਜੇ ਗਾਇਕ ਦਿਲਜੀਤ ਦੋਸਾਂਝ ਦੇ ਘਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ



ਗਈ ਹੈ। ਮੇਲ ਵਿੱਚ 1984 ਦੇ ਸਿੱਖ ਦੰਗਿਆਂ ਦਾ ਬਦਲਾ ਲੈਣ ਦੀ ਗੱਲ ਕਰਦਿਆਂ 'ਖ਼ੂਨ ਦਾ ਬਦਲਾ ਖ਼ੂਨ' ਨਾਅਰਾ ਲਿਖਿਆ ਗਿਆ ਹੈ। 6 ਜੂਨ ਤੱਕ ਲਗਾਤਾਰ ਧਮਾਕੇ ਕਰਨ ਦੀ ਧਮਕੀ ਦਿੱਤੀ ਗਈ ਹੈ। ਧਮਕੀ 'ਖ਼ਾਲਿਸਤਾਨ ਨੈਸ਼ਨਲ ਆਰਮੀ' ਨੇ ਦਿੱਤੀ ਹੈ। ਇਸ ਈ-ਮੇਲ ਹੇਠਾਂ ਦੋ ਸ਼ੱਕੀ ਨਾਂ ਇੰਜਨੀਅਰ ਗੁਰਨਖ ਸਿੰਘ ਤੇ ਡਾ. ਗੁਰਨਿਰਵੈਰ ਸਿੰਘ ਖ਼ਾਨ ਰਾਜਾਦਾ ਲਿਖੇ ਹੋਏ ਹਨ। ਪੁਲਿਸ ਨੇ ਇਹ ਈ-ਮੇਲ ਆਉਂਦਿਆਂ ਹੀ ਗਾਇਕ ਦੋਸਾਂਝ ਦੇ ਘਰ ਤੇ ਮੇਅਰ ਦਫ਼ਤਰ ਸਣੇ ਉਨ੍ਹਾਂ ਦੇ ਘਰ ਦੀ ਸੁਰੱਖਿਆ ਵਧਾ ਦਿੱਤੀ ਹੈ। ਦੂਜੇ ਪਾਸੇ, ਸਾਈਬਰ ਮਾਹਿਰਾਂ ਤੇ ਤਕਨੀਕੀ ਟੀਮਾਂ ਵੱਲੋਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਸ ਵੀ ਪੀਐਨ ਜਾਂ ਫ਼ਰਜ਼ੀ ਸਰਵਰ ਪਿੱਛੇ ਅਸਲ ਵਿੱਚ ਕੌਣ ਜ਼ਿੰਮੇਵਾਰ ਹੈ।

# ਮੋਗਾ ਦੀ ਧੀ ਹਰਮਨਪ੍ਰੀਤ ਕੌਰ 'ਪਦਮਸ਼੍ਰੀ' ਨਾਲ ਸਨਮਾਨਿਤ

## ☛ਰਾਸ਼ਟਰਪਤੀ ਭਵਨ 'ਚ ਮਿਲਿਆ ਦੇਸ਼ ਦਾ ਚੌਥਾ ਸਭ ਤੋਂ ਵੱਡਾ ਨਾਗਰਿਕ ਸਨਮਾਨ

ਮੋਗਾ, 26 ਮਈ (ਚ.ਨ.ਸ): ਕਹਿੰਦੇ ਹਨ ਕਿ ਹੋਣਹਾਰ ਬੱਚਿਆਂ ਦੀ ਕਾਬਲੀਅਤ ਬਚਪਨ ਤੋਂ ਹੀ ਦਿਖਣ ਲੱਗ ਪੈਂਦੀ ਹੈ ਤੇ ਮੋਗਾ ਦੀ ਧੀ ਹਰਮਨਪ੍ਰੀਤ ਕੌਰ ਨੇ ਇਸ ਗੱਲ ਨੂੰ ਸਾਬਤ ਕਰ ਦਿੱਤਾ। ਨਿੱਕੀ ਉਮਰ ਵਿੱਚ ਹੀ ਹੱਥ ਵਿੱਚ ਬੱਲਾ ਫੜ ਕੇ ਮੈਦਾਨ ਵਿੱਚ ਉਤਰਨ ਵਾਲੀ ਹਰਮਨ ਅੱਜ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਵਜੋਂ ਦੇਸ਼ ਦਾ ਮਾਣ ਬਣ ਚੁੱਕੀ ਹੈ। ਹਰਮਨਪ੍ਰੀਤ ਕੌਰ ਨੂੰ ਸੋਮਵਾਰ ਨੂੰ ਨਵੀਂ ਦਿੱਲੀ ਸਥਿਤ ਰਾਸ਼ਟਰਪਤੀ ਭਵਨ ਵਿੱਚ ਆਯੋਜਿਤ ਸਿਵਲ ਇਨਵੈਸਟੀਚਰ ਸਮਾਰੋਹ ਦੌਰਾਨ ਪਦਮਸ਼੍ਰੀ ਸਨਮਾਨ ਨਾਲ ਨਿਵਾਜਿਆ ਗਿਆ। ਰਾਸ਼ਟਰਪਤੀ ਵੱਲੋਂ ਇਹ ਸਨਮਾਨ ਭਾਰਤੀ ਮਹਿਲਾ ਕ੍ਰਿਕਟ ਵਿੱਚ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਲਈ ਪ੍ਰਦਾਨ ਕੀਤਾ ਗਿਆ। ਉਸ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਉਸ ਨੂੰ ਰਣਜੀਤ ਸਿੰਘ ਖੇਡ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਮੋਗਾ ਸ਼ਹਿਰ ਵਿੱਚ ਇਸ ਉਪਲਬਧੀ ਦੀ ਹਰ ਪਾਸੇ ਚਰਚਾ ਹੋ ਰਹੀ ਹੈ। ਹਰਮਨਪ੍ਰੀਤ ਕੌਰ ਦਾ ਕ੍ਰਿਕਟ ਸਫ਼ਰ ਮੋਗਾ ਦੇ ਗੁਰੂ ਨਾਨਕ ਕਾਲਜ ਦੇ ਖੇਡ ਮੈਦਾਨ ਤੋਂ ਸ਼ੁਰੂ ਹੋਇਆ ਸੀ। ਬਚਪਨ ਤੋਂ ਹੀ ਉਸ ਦੇ ਅੰਦਰ ਕ੍ਰਿਕਟ ਪ੍ਰਤੀ ਬੇਅੰਤ ਜਜ਼ਬਾ ਤੇ ਜਿੱਤਣ ਦੀ ਲਗਨ ਸੀ। ਉਸ ਦੇ ਪਿਤਾ ਖੇਡਾਂ ਦੇ ਸ਼ੌਕੀਨ ਸਨ ਤੇ ਜਦੋਂ ਵੀ ਉਹ ਆਪਣੇ ਦੋਸਤਾਂ ਨਾਲ ਮੈਦਾਨ ਵਿੱਚ ਜਾਂਦੇ ਤਾਂ ਹਰਮਨ ਨੂੰ ਵੀ ਨਾਲ ਲੈ ਜਾਂਦੇ। ਮੈਦਾਨ ਵਿੱਚ ਉਸ ਦੀ ਖੇਡ ਦੇਖ ਕੇ ਲੋਕਾਂ ਨੂੰ ਅਹਿਸਾਸ ਹੋ ਜਾਂਦਾ ਸੀ ਕਿ ਇਹ ਬੱਚੀ ਇੱਕ ਦਿਨ ਵੱਡਾ ਨਾਮ ਬਣੇਗੀ। ਹਰਮਨਪ੍ਰੀਤ ਦੀ ਬਚਪਨ ਦੀ ਸਾਥਣ ਪਰਵੀਨ ਖਾਨ ਨੇ ਦੱਸਿਆ ਕਿ ਉਨ੍ਹਾਂ ਨੇ



ਕਈ ਸਾਲ ਇਕੱਠੇ ਅਭਿਆਸ ਕੀਤਾ। ਹਰਮਨ ਦੇ ਅੰਦਰ ਸ਼ੁਰੂ ਤੋਂ ਹੀ ਕੁਝ ਵੱਖਰਾ ਕਰਨ ਦੀ ਲਾਲਸਾ ਸੀ। ਉਹ ਹਰ ਮੈਚ ਜਿੱਤਣ ਦੀ ਗੱਲ ਕਰਦੀ ਸੀ ਤੇ ਕ੍ਰਿਕਟ ਲਈ ਉਸ ਦਾ ਜਨੂੰਨ ਦਿਨੋਂ-ਦਿਨ ਵੱਧਦਾ ਗਿਆ। ਸਮੇਂ ਦੇ ਨਾਲ ਉਹ ਪੂਰੀ ਤਰ੍ਹਾਂ ਖੇਡ ਨੂੰ ਸਮਰਪਿਤ ਹੋ ਗਈ ਤੇ ਉਸ ਦੇ ਸੁਪਨੇ ਹੋਰ ਵੱਡੇ ਹੁੰਦੇ ਗਏ। ਹਰਮਨਪ੍ਰੀਤ ਦੀ ਕਾਮਯਾਬੀ ਦੇ ਪਿੱਛੇ ਉਸ ਦੇ ਮਾਪਿਆਂ ਦਾ ਵੱਡਾ ਯੋਗਦਾਨ ਹੈ। ਉਸ ਦੇ ਪਿਤਾ ਨੇ ਦੱਸਿਆ ਕਿ ਪਰਿਵਾਰ ਦੀ ਆਰਥਿਕ ਹਾਲਤ ਜ਼ਿਆਦਾ ਮਜ਼ਬੂਤ ਨਹੀਂ ਸੀ। ਕਈ ਵਾਰ ਕ੍ਰਿਕਟ ਦਾ ਸਮਾਨ ਖਰੀਦਣਾ ਵੀ ਮੁਸ਼ਕਿਲ ਹੋ ਜਾਂਦਾ ਸੀ, ਪਰ ਧੀ ਦੇ ਸੁਪਨਿਆਂ ਨੂੰ ਕਦੇ ਟੁੱਟਣ ਨਹੀਂ ਦਿੱਤਾ ਗਿਆ। ਹਰਮਨਪ੍ਰੀਤ ਦੀ ਸੰਘਰਸ਼ ਭਰੀ ਕਹਾਣੀ ਅੱਜ ਦੇਸ਼ ਦੀਆਂ ਕਰੋੜਾਂ ਧੀਆਂ ਲਈ ਪ੍ਰੇਰਨਾ ਬਣ ਚੁੱਕੀ ਹੈ।

# ਗੁਲਮਰਗ 'ਚ ਅਚਾਨਕ ਤਕਨੀਕੀ ਖ਼ਰਾਬੀ ਕਾਰਨ ਕੇਬਲ ਕਾਰ ਸੇਵਾ ਹੋਈ ਪ੍ਰਭਾਵਿਤ

## ☛ਕਈ ਸੈਲਾਨੀ ਕੇਬਲ ਕਾਰ ਦੇ ਕੈਬਿਨਾਂ 'ਚ ਫਸੇ

ਸ੍ਰੀਨਗਰ, 26 ਮਈ (ਚ.ਨ.ਸ): ਪ੍ਰਸਿੱਧ ਸੈਲਾਨੀ ਸਥਾਨ ਗੁਲਮਰਗ ਵਿਖੇ ਗੁਲਮਰਗ ਗੋਂਡੋਲਾ ਦੇ ਪਹਿਲੇ ਪੜਾਅ ਵਿੱਚ ਅਚਾਨਕ ਇੱਕ ਵੱਡੀ ਤਕਨੀਕੀ ਖ਼ਰਾਬੀ ਆਉਣ ਕਾਰਨ ਕੇਬਲ ਕਾਰ ਸੇਵਾ ਵਿਚਾਲੇ ਹੀ ਠੱਪ ਹੋ ਗਈ। ਇਸ ਅਚਾਨਕ ਆਈ ਗੜਬੜੀ ਕਾਰਨ ਕੇਬਲ ਕਾਰ ਅੱਗੇ ਨਹੀਂ ਵੱਧ ਸਕੀ, ਜਿਸ ਦੇ ਸਿੱਟੇ ਵਜੋਂ ਕਈ ਸੈਲਾਨੀ ਹਵਾ ਵਿੱਚ ਵੱਖ-ਵੱਖ ਕੈਬਿਨਾਂ ਦੇ ਅੰਦਰ ਹੀ ਫਸ ਗਏ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਸਥਾਨਕ ਪ੍ਰਸ਼ਾਸਨ, ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਤੇ ਵਿਸ਼ੇਸ਼ ਬਚਾਅ ਟੀਮਾਂ ਤੁਰੰਤ ਹਰਕਤ ਵਿੱਚ ਆਈਆਂ ਤੇ ਮੌਕੇ 'ਤੇ ਪਹੁੰਚ ਕੇ ਇੱਕ ਹੰਗਾਮੀ ਬਚਾਅ ਮੁਹਿੰਮ ਸ਼ੁਰੂ ਕੀਤੀ ਗਈ। ਰਾਹਤ ਟੀਮਾਂ ਵੱਲੋਂ ਬੇਹੱਦ ਸਾਵਧਾਨੀ ਨਾਲ ਰੱਸੀਆਂ ਦੀ ਮਦਦ



ਨਾਲ ਕੇਬਲ ਕਾਰ ਦੇ ਕੈਬਿਨਾਂ ਵਿੱਚ ਫਸੇ ਸੈਲਾਨੀਆਂ ਨੂੰ ਇੱਕ-ਇੱਕ ਕਰਕੇ ਸੁਰੱਖਿਅਤ ਬਾਹਰ ਕੱਢਣ ਲਈ ਜੰਗੀ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਅਧਿਕਾਰੀਆਂ ਮੁਤਾਬਿਕ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਤੇ ਸਾਰੇ ਸੈਲਾਨੀਆਂ ਨੂੰ ਜਲਦੀ ਤੇ ਸੁਰੱਖਿਅਤ ਬਾਹਰ ਕੱਢ ਲਿਆ ਜਾਵੇਗਾ।

# ਸਬਜ਼ੀ ਲੈਣ ਬਾਜ਼ਾਰ ਗਏ ਮੁੰਡੇ ਦਾ ਬੇਰਹਿਮੀ ਨਾਲ ਕਤਲ

ਲੁਧਿਆਣਾ, 26 ਮਈ (ਚ.ਨ.ਸ): ਮਾਸੀ ਦੇ ਪੁੱਤ ਨਾਲ ਬਾਜ਼ਾਰ 'ਚ ਸਬਜ਼ੀ ਲੈਣ ਗਏ ਇੱਕ 16 ਸਾਲਾ ਨੌਜਵਾਨ 'ਤੇ ਹਥਿਆਰਾਂ ਨਾਲ ਲੈਸ ਦਰਜਨ ਦੇ ਕਰੀਬ ਨੌਜਵਾਨਾਂ ਨੇ ਹਮਲਾ ਕਰ ਦਿੱਤਾ। ਜਦੋਂ ਉਹ ਬਚਾਅ ਲਈ ਭੱਜਿਆ ਤਾਂ ਹਮਲਾਵਰਾਂ ਨੇ ਉਸ ਦਾ ਪਿੱਛਾ ਕਰਕੇ ਉਸ ਨੂੰ ਗੰਭੀਰ ਰੂਪ 'ਚ ਜ਼ਖ਼ਮੀ ਕਰ ਦਿੱਤਾ, ਜਿਸ ਦੀ ਹਸਪਤਾਲ 'ਚ ਇਲਾਜ ਦੌਰਾਨ ਮੌਤ ਹੋ ਗਈ। ਸੂਚਨਾ ਮਿਲਦਿਆਂ ਹੀ ਥਾਣਾ ਸਦਰ ਦੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ 'ਚ ਲਿਆ ਤੇ ਪੋਸਟਮਾਰਟਮ ਤੋਂ ਬਾਅਦ ਵਾਰਿਸਾਂ ਦੇ ਹਵਾਲੇ ਕਰ ਦਿੱਤਾ। ਮ੍ਰਿਤਕ ਦੀ ਪਛਾਣ 16 ਸਾਲਾ ਸਾਹਿਲ ਵਜੋਂ ਹੋਈ ਹੈ। ਪੁਲਿਸ ਨੇ ਕਰਨੈਲ ਸਿੰਘ ਨਗਰ ਦੇ ਰਹਿਣ ਵਾਲੇ ਸੰਜੀਤ ਸਿੰਘ ਦੇ ਬਿਆਨਾਂ 'ਤੇ ਦੇਵ ਕਲੋਨੀ ਦੇ ਰਹਿਣ ਵਾਲੇ ਪਰਮ, ਗੌਤਮ, ਬੱਚੂ, ਹੈਬੋਵਾਲ ਦੇ ਨੰਨੀ ਤੇ ਉਨ੍ਹਾਂ ਦੇ 12 ਅਣਪਛਾਤੇ ਸਾਥੀਆਂ ਖ਼ਿਲਾਫ ਕਤਲ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਹੈ। ਫਿਲਹਾਲ ਸਾਰੇ ਮੁਲਜ਼ਮ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹਨ। ਸਾਹਿਲ ਦੇ ਪਿਤਾ ਸੰਜੀਤ ਸਿੰਘ, ਜੋ ਪੇਂਟ ਦਾ ਕੰਮ ਕਰਦੇ ਹਨ, ਨੇ ਦੱਸਿਆ ਕਿ ਸਾਹਿਲ ਨੇ ਅਜੇ 10ਵੀਂ ਜਮਾਤ 60 ਫੀਸਦੀ ਅੰਕਾਂ ਨਾਲ ਪਾਸ ਕੀਤੀ ਸੀ ਤੇ ਅਗਲੀ ਕਲਾਸ 'ਚ ਦਾਖ਼ਲਾ ਲੈਣਾ ਸੀ। ਉਹ 2 ਭੈਣਾਂ ਦਾ ਇਕਲੌਤਾ ਭਰਾ ਸੀ। 21 ਮਈ ਨੂੰ ਉਹ ਆਪਣੇ ਮਾਸੀ ਦੇ ਪੁੱਤ ਪੰਕਜ ਨਾਲ ਮੋਟਰਸਾਈਕਲ 'ਤੇ ਸਬਜ਼ੀ ਲੈਣ ਗਿਆ ਸੀ। ਪੰਕਜ ਨੇ ਦੱਸਿਆ ਕਿ ਜਦੋਂ ਉਹ ਫੁੱਲਾਂਵਾਲ ਸਟੇਡੀਅਮ ਨੇੜੇ ਸੇਵਾ ਕੇਂਦਰ ਕੋਲ ਪਹੁੰਚੇ ਤਾਂ ਸਟੇਡੀਅਮ ਵਾਲੀ ਗਲੀ 'ਚ ਉਕਤ ਹਥਿਆਰਬੰਦ ਮੁਲਜ਼ਮ ਪਹਿਲਾਂ ਤੋਂ ਹੀ ਮੌਜੂਦ ਸਨ।ਖ਼ਬਰ ਮਿਲਦਿਆਂ ਹੀ ਪਰਿਵਾਰ ਵਾਲੇ ਸਾਹਿਲ ਦੇ ਮਾਸੜ ਬੇਚਨ ਰਾਮ ਨੂੰ ਨਾਲ ਲੈ ਕੇ ਮੌਕੇ 'ਤੇ ਪਹੁੰਚੇ ਤੇ ਉਸ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ, ਜਿੱਥੇ 3 ਦਿਨ ਜ਼ਿੰਦਗੀ ਤੇ ਮੌਤ ਦੀ ਲੜਾਈ ਲੜਦਿਆਂ ਐਤਵਾਰ ਦੇਰ ਸ਼ਾਮ ਉਸ ਦੀ ਮੌਤ ਹੋ ਗਈ।ਸਬ-ਇੰਸਪੈਕਟਰ ਜੋਹਨ ਪੀਟਰ ਨੇ ਦੱਸਿਆ ਕਿ ਮਾਮਲਾ ਦਰਜ ਕਰਕੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਘਾਲੀ ਜਾ ਰਹੀ ਹੈ। ਨਾਮਜ਼ਦ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਜਾਰੀ ਹੈ ਤੇ ਉਨ੍ਹਾਂ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਪੰਜਾਬੀ ਗਾਇਕ ਹਰਬੀਰ ਸਿੰਘ ਸੋਹਲ 5 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ

## ☛ਆਸਟ੍ਰੇਲੀਆ ਤੋਂ ਚੱਲ ਰਹੇ ਅੰਤਰਰਾਸ਼ਟਰੀ ਡਰੱਗ ਨੈਟਵਰਕ ਦਾ ਪਰਦਾਫਾਸ਼

ਖੰਨਾ (ਲੁਧਿਆਣਾ), 26 ਮਈ (ਚ.ਨ.ਸ): ਪੰਜਾਬ ਪੁਲਿਸ ਨੇ ਅੰਤਰਰਾਸ਼ਟਰੀ ਨਸ਼ਾ ਤਸਕਰੀ ਨੈਟਵਰਕ ਦਾ ਪਰਦਾਫਾਸ਼ ਕਰਦਿਆਂ ਪੰਜਾਬੀ ਗਾਇਕ ਹਰਬੀਰ ਸਿੰਘ ਸੋਹਲ ਨੂੰ ਪੰਜ ਕਿਲੋ ਹੈਰੋਇਨ ਤੇ ਲਗਭਗ 1.50 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਸ ਨੈਟਵਰਕ ਨੂੰ ਆਸਟ੍ਰੇਲੀਆ ਵਿੱਚ ਬੈਠਾ ਗੁਰਜੰਟ ਸਿੰਘ ਉਰਫ਼ ਜੰਟਾ ਚਲਾ ਰਿਹਾ ਸੀ, ਜਦਕਿ



ਪੰਜਾਬ ਵਿੱਚ ਉਸ ਦੇ ਸਾਥੀ ਨਸ਼ੇ ਦੀ ਸਪਲਾਈ ਕਰਦੇ ਸਨ। ਮਾਮਲੇ ਦੇ ਤਾਰ ਗੈਂਗਸਟਰ ਜੈਪਾਲ ਭੁੱਲਰ ਗੈਂਗ ਨਾਲ ਵੀ ਜੁੜੇ ਹੋਏ ਦੱਸੇ ਜਾ ਰਹੇ ਹਨ। ਐਸਐਸਪੀ ਡਾ. ਦਰਪਣ ਆਹਲੂਵਾਲੀਆ ਨੇ ਦੱਸਿਆ ਕਿ 7 ਮਾਰਚ 2026 ਨੂੰ ਲੁਧਿਆਣਾ ਦੇ ਰਹਿਣ ਵਾਲੇ ਅਕਸ਼ੈ ਕੁਮਾਰ ਨੂੰ 301 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਸੀ। ਅਕਸ਼ੈ ਇਹ ਖੇਪ ਵਿਸ਼ਾਲ ਤੇ ਸੰਜੀਵ ਕੁਮਾਰ ਉਰਫ਼ ਸੰਨੀ ਤੋਂ ਲਿਆਉਂਦਾ ਸੀ। ਜਾਂਚ ਦੌਰਾਨ ਗੁਰਜੰਟ ਸਿੰਘ ਤੇ ਪੰਜਾਬੀ ਗਾਇਕ ਹਰਬੀਰ ਸਿੰਘ ਸੋਹਲ ਦੇ ਨਾਮ ਸਾਹਮਣੇ ਆਏ। ਪੁਲਿਸ ਨੇ ਸੋਮਵਾਰ ਨੂੰ ਹਰਬੀਰ ਸਿੰਘ ਸੋਹਲ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਦੀ ਥਾਰ ਕਾਰ ਵਿਚੋਂ ਪੰਜ ਕਿਲੋ 100 ਗ੍ਰਾਮ ਹੈਰੋਇਨ ਤੇ ਕਰੀਬ ਡੇਢ ਲੱਖ ਰੁਪਏ ਦੀ ਡਰੱਗ ਮਨੀ ਬ੍ਰਾਮਦ ਹੋਈ ਹੈ। ਉਧਰ, ਫਾਜ਼ਿਲਕਾ ਵਿੱਚ ਪੰਜਾਬ ਪੁਲਿਸ ਨੇ ਐਤਵਾਰ ਨੂੰ ਬੀਐਸਐਫ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਸਰਹੱਦ ਨੇੜੇ ਖੇਤਾਂ ਵਿੱਚੋਂ ਕਰੀਬ 11 ਕਿਲੋ ਹੈਰੋਇਨ ਬ੍ਰਾਮਦ ਕੀਤੀ ਹੈ। ਐਸਐਸਪੀ ਗਗਨਅਜੀਤ ਸਿੰਘ ਨੇ ਦੱਸਿਆ ਕਿ ਤਲਾਸ਼ੀ ਦੌਰਾਨ ਖੇਤ ਵਿੱਚੋਂ ਮਿਲੇ ਬੰਡਲ ਵਿੱਚੋਂ 20 ਪੈਕਟ ਮਿਲੇ, ਜਿਨ੍ਹਾਂ ਵਿੱਚ 10 ਕਿਲੋ 950 ਗ੍ਰਾਮ ਹੈਰੋਇਨ ਸੀ। ਸ਼ੱਕ ਹੈ ਕਿ ਇਹ ਹੈਰੋਇਨ ਪਾਕਿਸਤਾਨ ਤੋਂ ਡਰੋਨ ਰਾਹੀਂ ਭਾਰਤੀ ਸਰਹੱਦ ਵਿੱਚ ਸੁੱਟੀ ਗਈ ਸੀ।

# ਈਰਾਨ ਵੱਲੋਂ ਹੋਰਮੁਜ਼ ਜਲਡਮਰੂ ਰਾਹੀਂ ਲੰਘਣ ਵਾਲੇ ਜਹਾਜ਼ਾਂ 'ਤੇ 'ਨੇਵੀਗੇਸ਼ਨਲ ਸੇਵਾਵਾਂ' ਲਈ ਫੀਸ ਵਸੂਲਣ ਦਾ ਐਲਾਨ

ਤਹਿਰਾਨ/ਦੁਬਈ, 26 ਮਈ (ਚ.ਨ.ਸ): ਈਰਾਨ ਦੇ ਵਿਦੇਸ਼ ਮੰਤਰਾਲੇ ਨੇ ਇੱਕ ਅਹਿਮ ਪ੍ਰੈਸ ਕਾਨਫਰੰਸ ਦੌਰਾਨ ਸਪੱਸ਼ਟ ਕੀਤਾ ਹੈ ਕਿ ਤਹਿਰਾਨ ਪ੍ਰਸ਼ਾਸਨ ਰਣਨੀਤਕ ਤੌਰ 'ਤੇ ਬੇਹੱਦ ਮਹੱਤਵਪੂਰਨ ਸਟਰੇਟ ਆਫ ਹੋਰਮੁਜ਼ ਰਾਹੀਂ ਲੰਘਣ ਵਾਲੇ ਸਮੁੰਦਰੀ ਜਹਾਜ਼ਾਂ ਤੋਂ ਕਿਸੇ ਕਿਸਮ ਦਾ ਟੋਲ ਟੈਕਸ ਵਸੂਲ ਨਹੀਂ ਕਰ ਰਿਹਾ, ਸਗੋਂ ਉਨ੍ਹਾਂ ਨੂੰ ਦਿੱਤੀਆਂ ਜਾਣ ਵਾਲੀਆਂ ਨੇਵੀਗੇਸ਼ਨਲ ਸੇਵਾਵਾਂ (ਸਮੁੰਦਰੀ ਮਾਰਗਦਰਸ਼ਨ) ਬਦਲੇ ਫੀਸ ਇਕੱਠੀ ਕਰ ਰਿਹਾ ਹੈ। ਈਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘੇਈ ਨੇ ਆਪਣੀ ਹਫ਼ਤਾਵਾਰੀ ਪ੍ਰੈਸ ਬ੍ਰੀਫਿੰਗ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੋਰਮੁਜ਼ ਜਲਡਮਰੂ, ਫ਼ਾਰਸ ਦੀ ਖਾੜੀ ਤੇ ਓਮਾਨ ਦੇ ਸਮੁੰਦਰ ਦੇ ਵਾਤਾਵਰਨ ਦੀ ਸੁਰੱਖਿਆ ਲਈ ਕੀਤੇ ਜਾਣ ਵਾਲੇ ਜ਼ਰੂਰੀ ਉਪਾਵਾਂ ਤੇ ਜਹਾਜ਼ਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਨੇਵੀਗੇਸ਼ਨਲ ਸੇਵਾਵਾਂ ਦੇ ਬਦਲੇ ਕੁਝ ਖ਼ਾਸ ਫੀਸਾਂ ਦੀ ਵਸੂਲੀ ਕਰਨਾ ਲਾਜ਼ਮੀ



ਹੋ ਗਿਆ ਹੈ। ਉਨ੍ਹਾਂ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਈਰਾਨ ਦਾ ਮਕਸਦ ਵਪਾਰਕ ਜਹਾਜ਼ਾਂ 'ਤੇ ਕੋਈ ਜਬਰੀ ਟੋਲ ਲਗਾਉਣਾ ਨਹੀਂ ਹੈ, ਇਸ ਲਈ ਇਸ ਪ੍ਰਕਿਰਿਆ ਨੂੰ ਟੋਲ ਟੈਕਸ ਦਾ ਨਾਂ ਨਾ ਦਿੱਤਾ ਜਾਵੇ। ਦੂਜੇ ਪਾਸੇ, ਅੰਤਰਰਾਸ਼ਟਰੀ ਸ਼ਿਪਿੰਗ ਤੇ ਸਮੁੰਦਰੀ ਵਪਾਰ ਦੇ ਅੰਕੜਿਆਂ ਮੁਤਾਬਿਕ ਖਾੜੀ ਦੇ ਇਸ ਅਹਿਮ ਖੇਤਰ ਵਿੱਚੋਂ ਤੇਲ ਤੇ ਐਲ.ਐਨ.ਜੀ. (ਤਰਲ ਕੁਦਰਤੀ ਗੈਸ) ਲੈ ਕੇ ਜਾਣ ਵਾਲੇ ਜਹਾਜ਼ਾਂ ਦੀ ਆਵਾਜਾਈ ਲਗਾਤਾਰ ਜਾਰੀ ਹੈ। ਤਾਜ਼ਾ ਰਿਪੋਰਟਾਂ ਅਨੁਸਾਰ ਦੋ ਵੱਡੇ ਐਲ.ਐਨ.ਜੀ. ਟੈਂਕਰ ਹੋਰਮੁਜ਼ ਜਲਡਮਰੂ ਰਾਹੀਂ ਬਾਹਰ ਨਿਕਲੇ ਹਨ, ਜੋ ਪਾਕਿਸਤਾਨ ਐ ਚੀਨ ਵੱਲ ਜਾ ਰਹੇ ਹਨ। ਇਸੇ ਤਰ੍ਹਾਂ ਇਰਾਕੀ ਕੱਚਾ ਤੇਲ ਲੈ ਕੇ ਚੀਨ ਵੱਲ ਜਾ ਰਿਹਾ ਇੱਕ ਸੁਪਰਟੈਂਕਰ ਲਗਭਗ ਤਿੰਨ ਮਹੀਨਿਆਂ ਤੱਕ ਫਸੇ ਰਹਿਣ ਤੋਂ ਬਾਅਦ ਸ਼ਨੀਵਾਰ ਨੂੰ ਖਾੜੀ ਖੇਤਰ ਤੋਂ ਰਵਾਨਾ ਹੋਇਆ ਹੈ।ਸ਼ਿਪਿੰਗ ਡੇਟਾ ਮੁਤਾਬਿਕ ਫੁਵੈਰਿਤ ਨਾਮਕ ਐਲ.ਐਨ.ਜੀ. ਟੈਂਕਰ ਬਹਾਮਾਸ ਦੇ ਝੰਡੇ ਹੇਠ ਕਤਰ ਦੀ ਰਾਸ ਲਾਫਾਨ ਬੰਦਰਗਾਹ ਤੋਂ ਗੈਸ ਲੋਡ ਕਰਕੇ ਪਾਕਿਸਤਾਨ ਦੀ ਬੰਦਰਗਾਹ ਵੱਲ ਵੱਧ ਰਿਹਾ ਹੈ। ਇਸ ਦੇ ਨਾਲ ਹੀ ਈਗਲ ਵੇਰੋਨਾ ਨਾਮਕ ਇੱਕ ਹੋਰ ਵੱਡਾ ਤੇਲ ਟੈਂਕਰ ਜੂਨ ਮਹੀਨੇ ਦੇ ਅੱਧ ਤੱਕ ਚੀਨ ਦੀ ਨਿੰਗਬੋ ਬੰਦਰਗਾਹ 'ਤੇ ਪਹੁੰਚਣ ਦੀ ਉਮੀਦ ਹੈ।

# ਚੋਣ ਆਬਜ਼ਰਵਰ ਰਾਕੇਸ਼ ਕੁਮਾਰ ਪੋਪਲੀ ਵੱਲੋਂ ਪੋਲਿੰਗ ਕੇਂਦਰਾਂ ਦਾ ਦੌਰਾ

ਬਟਾਲਾ, 26 ਮਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਨਗਰ ਨਿਗਮ ਬਟਾਲਾ ਤੇ ਨਗਰ ਕੌਂਸਲਾਂ ਦੀਆਂ ਚੋਣਾਂ ਨੂੰ ਅਮਨ-ਅਮਾਨ ਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਮੁਸਤੈਦ ਹੈ।ਅੱਜ ਜ਼ਿਲ੍ਹਾ ਗੁਰਦਾਸਪੁਰ ਲਈ ਨਿਯੁਕਤ ਚੋਣ ਆਬਜ਼ਰਵਰ ਰਾਕੇਸ਼ ਕੁਮਾਰ ਪਿਪਲੀ ਵੱਲੋਂ ਬਟਾਲਾ ਵਿਖੇ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਐਸਡੀਐਮ-ਕਮ-ਰਿਟਰਨਿੰਗ ਅਫਸਰ ਬਟਾਲਾ ਸਾਰੰਗਪ੍ਰੀਤ ਸਿੰਘ ਤੇ ਡਾ. ਰਣਧੀਰ ਠਾਕੁਰ ਮੁੱਖ ਖੇਤੀਬਾੜੀ ਅਫਸਰ-ਕਮ-ਰਿਟਰਨਿੰਗ ਅਫਸਰ ਗੁਰਦਾਸਪੁਰ ਵੀ ਮੌਜੂਦ ਸਨ। ਚੋਣ ਆਬਜ਼ਰਵਰ ਵੱਲੋਂ ਪੋਲਿੰਗ ਸੈਂਟਰਾਂ ਦਾ ਜਾਇਜ਼ਾ ਲਿਆ ਤੇ ਵੋਟਿੰਗ ਪ੍ਰਕਿਰਿਆ ਪੂਰੀ ਤਰ੍ਹਾਂ ਸ਼ਾਂਤੀਪੂਰਵਕ ਤਰੀਕੇ ਨਾਲ ਚੱਲ ਰਹੀ ਸੀ। ਦੌਰੇ ਦੌਰਾਨ ਉਨ੍ਹਾਂ ਨੇ ਉਥੇ ਤਾਇਨਾਤ ਚੋਣ ਅਮਲੇ ਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਚੋਣ ਏਜੰਟਾਂ



ਨਾਲ ਗੱਲਬਾਤ ਕਰਕੇ ਚੋਣ ਪ੍ਰਬੰਧਾਂ ਬਾਰੇ ਫੀਡਬੈਕ ਲਈ ਇਸ ਮੌਕੇ ਚੋਣ ਆਬਜ਼ਰਵਰ ਵੱਲੋਂ ਪੋਲਿੰਗ ਕੇਂਦਰ 'ਤੇ ਆਏ ਵੋਟਰਾਂ ਨਾਲ ਵੀ ਗੱਲਬਾਤ ਕੀਤੀ। ਵੋਟਰਾਂ ਤੋਂ ਚੋਣ ਪ੍ਰਬੰਧਾਂ ਬਾਰੇ ਜਾਣਕਾਰੀ ਲਈ ਤੇ ਲੋਕਤੰਤਰ ਦੇ ਇਸ ਤਿਉਹਾਰ ਵਿੱਚ ਹਿੱਸਾ ਲੈਣ ਲਈ ਉਨ੍ਹਾਂ ਦਾ ਹੌਸਲਾ ਵਧਾਇਆ। ਉਨ੍ਹਾਂ ਦੱਸਿਆ ਕਿ ਚੋਣਾਂ ਦੌਰਾਨ ਵੋਟਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੋਟਰਾਂ ਦੀ ਸਹੂਲਤ ਲਈ ਪੋਲਿੰਗ ਕੇਂਦਰਾਂ 'ਤੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ। ਬਜ਼ੁਰਗਾਂ ਤੇ ਦਿਵਿਆਂਗ ਵੋਟਰਾਂ ਲਈ ਵੀਲ੍ਹ ਚੇਅਰਜ਼, ਗਰਮੀ ਤੋਂ ਬਚਾਅ ਲਈ ਛਾਂਦਾਰ ਥਾਂ (ਸ਼ੈਡ) ਤੇ ਪੀਣ ਲਈ ਸਾਫ਼ ਤੇ ਠੰਡੇ ਪਾਣੀ ਦੇ ਵਿਸ਼ੇਸ਼ ਪ੍ਰਬੰਧ ਅਮਲ ਵਿੱਚ ਲਿਆਂਦੇ ਗਏ ਹਨ ਤਾਂ ਜੋ ਕਿਸੇ ਵੀ ਨਾਗਰਿਕ ਨੂੰ ਵੋਟ ਪਾਉਣ ਵੇਲੇ ਕੋਈ ਦਿੱਕਤ ਨਾ ਆਵੇ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਡਰ, ਭੈਅ ਜਾਂ ਲਾਲਚ ਦੇ ਲੋਕਤੰਤਰ ਦੇ ਇਸ ਤਿਉਹਾਰ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਤੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਜ਼ਰੂਰ ਕਰਨ।

# ਨਗਰ ਪੰਚਾਇਤ ਚੋਣਾਂ ਮਾਮੂਲੀ ਤਕਰਾਰਬਾਜ਼ੀ ਤੋਂ ਬਾਅਦ ਸ਼ਾਂਤੀਪੂਰਵਕ ਨੇਪਰੇ ਚੜ੍ਹੀਆਂ

## ☛ਵਾਰਡ ਨੰਬਰ 6 'ਚ ਸਭ ਤੋਂ ਵੱਧ 83 ਫ਼ੀਸਦੀ ਪੋਲਿੰਗ



ਕੋਟ ਈਸੇ ਖਾਂ, 26 ਮਈ (ਗੁਰਦੇਵ ਖੁਰਾਣਾ/ਹਰਜੀਤ ਛਾਬੜਾ): ਨਗਰ ਪੰਚਾਇਤ ਕੋਟ ਈਸੇ ਖਾਂ ਦੀਆਂ 13 ਵਾਰਡਾਂ ਲਈ ਹੋਈਆਂ ਚੋਣਾਂ ਮਾਮੂਲੀ ਤਕਰਾਰਬਾਜ਼ੀ ਤੋਂ ਬਾਅਦ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਈਆਂ। ਚੋਣਾਂ ਦੌਰਾਨ ਵੋਟਰਾਂ ਵਿੱਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ ਤੇ ਸਵੇਰੇ ਤੋਂ ਹੀ ਵੱਖ-ਵੱਖ ਪੋਲਿੰਗ ਕੇਂਦਰਾਂ 'ਤੇ ਵੋਟਰਾਂ ਦੀਆਂ ਲੰਬੀਆਂ ਕਤਾਰਾਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਖ਼ਾਸ ਕਰਕੇ ਮਹਿਲਾ ਵੋਟਰਾਂ ਵਿੱਚ ਵੋਟ ਪਾਉਣ ਲਈ ਵਧੇਰੇ ਉਤਸ਼ਾਹ ਦੇਖਿਆ ਗਿਆ। ਮਿਲੀ ਜਾਣਕਾਰੀ ਅਨੁਸਾਰ ਨਗਰ ਪੰਚਾਇਤ ਦੇ 13 ਵਾਰਡਾਂ ਵਿੱਚ ਕੁੱਲ 10,452 ਵੋਟਰ ਸਨ, ਜਿਨ੍ਹਾਂ ਵਿੱਚੋਂ ਕਰੀਬ 7,600 ਵੋਟਾਂ ਪੋਲ ਹੋਈਆਂ, ਜੋ ਲਗਭਗ 73 ਫੀਸਦੀ ਪੋਲਿੰਗ ਬਣਦੀ ਹੈ। ਇਨ੍ਹਾਂ ਨਗਰ ਪੰਚਾਇਤ ਵੋਟਾਂ ਸਬੰਧੀ ਲੋਕਾਂ ਵਿੱਚ ਇੰਨਾ ਉਤਸ਼ਾਹ ਸੀ ਕਿ ਸਵੇਰੇ 8 ਵਜੇ ਤੋਂ ਹੀ ਪੋਲਿੰਗ ਭਰਪੂਰ ਸ਼ੁਰੂ ਹੋ ਗਈ ਤੇ ਦੁਪਹਿਰ ਆਉਣ ਦੇ ਤੱਕ ਵੋਟਰਾਂ ਵਿੱਚ ਉਤਸ਼ਾਹ ਪੂਰਾ ਬਣਿਆ ਰਿਹਾ। ਜਿੱਥੇ ਪ੍ਰਸ਼ਾਸਨ ਵੱਲੋਂ ਵੋਟਿੰਗ ਪੂਰੇ ਟਾਈਮ ਪੂਰੇ ਸਵੇਰੇ 8 ਵਜੇ ਤੋਂ ਸ਼ੁਰੂ ਕਰਵਾ ਦਿੱਤੀ ਗਈ ਸੀ ਉਥੇ ਹੀ ਪੂਰੇ 5 ਵਜੇ ਵੋਟਿੰਗ ਪੋਲਿੰਗ ਸਟੇਸ਼ਨਾਂ ਦੇ ਗੇਟ ਵੀ ਪ੍ਰਸ਼ਾਸਨ ਵੱਲੋਂ ਬੰਦ ਕਰ ਦਿੱਤੇ ਗਏ। ਬਹੁਤ ਜ਼ਿਆਦਾ ਤੇਜ਼ ਧੁੱਪ ਤੇ ਗਰਮੀ ਦਾ ਪ੍ਰਭਾਵ ਵੀ ਵੋਟਰਾਂ ਦੇ ਉਤਸ਼ਾਹ ਨੂੰ ਘੱਟ ਨਹੀਂ ਕਰ ਸਕਿਆ ਚੋਣਾਂ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਲਈ ਪ੍ਰਸ਼ਾਸਨ ਵੱਲੋਂ ਛੇ ਪੋਲਿੰਗ ਕੇਂਦਰ ਬਣਾਏ ਗਏ ਸਨ। ਹਰ ਪੋਲਿੰਗ ਕੇਂਦਰ 'ਤੇ ਪੰਜਾਬ ਪੁਲਿਸ ਦੇ ਜਵਾਨ ਪੂਰੀ ਮੁਸਤੈਦੀ ਨਾਲ ਤਾਇਨਾਤ ਰਹੇ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ। ਚੋਣਾਂ ਦੇ ਮੱਦੇਨਜ਼ਰ ਐਸਐਸਪੀ ਮੋਗਾ ਸਰਤਾਜ ਸਿੰਘ ਚਾਹਲ ਤੇ ਆਈਜੀ ਫਰੀਦਕੋਟ ਵੱਲੋਂ ਵੀ ਆ ਕੇ ਪੋਲਿੰਗ ਬੂਥਾਂ ਦੀ ਚੈਕਿੰਗ ਕੀਤੀ ਗਈ। ਚੋਣਾਂ ਦੌਰਾਨ ਵਾਰਡ ਨੰਬਰ 10 ਵਿੱਚ ਇੱਕ ਜਾਅਲੀ ਵੋਟ ਪਾਉਣ ਦਾ ਮਾਮਲਾ ਸਾਹਮਣੇ ਆਇਆ। ਦੱਸਿਆ ਜਾ ਰਿਹਾ ਹੈ ਕਿ ਸਬੰਧਤ ਵਿਅਕਤੀ ਮੌਕੇ ਤੋਂ ਭੱਜਣ ਵਿੱਚ ਕਾਮਯਾਬ ਹੋ ਗਿਆ। ਇਸ ਮਾਮਲੇ ਸਬੰਧੀ ਅਕਾਲੀ ਦਲ ਦੇ ਹਲਕਾ ਇੰਚਾਰਜ ਬਰਜਿੰਦਰ ਸਿੰਘ ਮੱਖਣ ਬਰਾੜ ਮੌਕੇ 'ਤੇ ਪਹੁੰਚੇ ਤੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਬਲਾਕ ਦਫ਼ਤਰ ਕੋਟ ਈਸੇ ਖਾਂ ਵਿਖੇ ਸਵੇਰੇ ਪੋਲਿੰਗ ਸ਼ੁਰੂ ਹੋਣ ਸਮੇਂ ਕੁਝ ਸਮੇਂ ਲਈ ਹਲਕੀ ਤਕਰਾਰਬਾਜ਼ੀ ਦੀ ਸਥਿਤੀ ਵੀ ਬਣੀ ਰਹੀ। ਚੋਣਾਂ ਦੌਰਾਨ ਵਾਰਡ ਨੰਬਰ 6 ਸਭ ਤੋਂ ਵੱਧ ਚਰਚਾ ਵਿੱਚ ਰਿਹਾ, ਜਿੱਥੇ ਕਰੀਬ 83 ਫੀਸਦੀ ਪੋਲਿੰਗ ਦਰਜ ਕੀਤੀ ਗਈ।

# ਪੀਐਮ ਸ੍ਰੀ ਸਰਹਿੰਦ ਗਰਲਜ਼ ਸਕੂਲ 'ਚ ਨਵੀਂ ਵੋਕੇਸ਼ਨਲ ਟਰੇਨਰ ਨੇ ਅਹੁਦਾ ਸੰਭਾਲਿਆ



ਮੰਡੀ ਗੋਬਿੰਦਗੜ੍ਹ, 26 ਮਈ (ਰੂਪਲ ਸੂਦ): ਪੀਐਮ ਸ੍ਰੀ ਸਰਹਿੰਦ ਗਰਲਜ਼ ਸਕੂਲ ਵਿੱਚ ਬਿਊਟੀ ਐਂਡ ਵੇਲਨੈਸ ਦੀ ਨਵੀਂ ਵੋਕੇਸ਼ਨਲ ਟਰੇਨਰ ਅਨੁਰਾਧਾ ਪਾਠਕ ਨੇ ਪ੍ਰਿੰਸੀਪਲ ਤੇ ਸਮੂਹ ਸਟਾਫ ਦੀ ਹਾਜ਼ਰੀ ਵਿੱਚ ਕਾਰਜਭਾਰ ਸੰਭਾਲਿਆ ਤੇ ਉਨ੍ਹਾਂ ਦਾ ਸਕੂਲ ਵਿੱਚ ਸਵਾਗਤ ਕੀਤਾ। ਇਸ ਮੌਕੇ ਪ੍ਰਿੰਸੀਪਲ 'ਤੇ ਪੂਰੇ ਸਟਾਫ ਨੇ ਸਕੂਲ ਵਿੱਚ ਜੁੜਨ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸ੍ਰੀਮਤੀ ਪਾਠਕ ਨੇ ਭਰੋਸਾ ਦਿੱਤਾ ਕਿ ਉਹ ਵਿਦਿਆਰਥੀਆਂ ਦੇ ਚੰਗੇ ਭਵਿੱਖ ਤੇ ਸਰਵਪੱਖੀ ਵਿਕਾਸ ਲਈ ਪੂਰੀ ਇਮਾਨਦਾਰੀ, ਲਗਨ ਤੇ ਸਮਰਪਣ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਕਿਲ-ਬੇਸਡ ਸਿੱਖਿਆ ਦੀ ਬਹੁਤ ਮਹੱਤਤਾ ਹੈ ਤੇ ਉਹ ਵਿਦਿਆਰਥੀਆਂ ਨੂੰ ਆਤਮਨਿਰਭਰ, ਆਤਮਵਿਸ਼ਵਾਸੀ ਤੇ ਕਰੀਅਰ ਪ੍ਰਤੀ ਜਾਗਰੂਕ ਬਣਾਉਣ ਲਈ ਯਤਨਸ਼ੀਲ ਰਹਿਣਗੇ। ਉਨ੍ਹਾਂ ਦੱਸਿਆ ਕਿ ਪ੍ਰਸਿੱਧ ਸੈਲੂਨਾਂ ਤੇ ਬਿਊਟੀ ਮਾਹਿਰਾਂ ਦੇ ਸਹਿਯੋਗ ਨਾਲ ਖ਼ਾਸ ਟ੍ਰੇਨਿੰਗ ਪ੍ਰੋਗਰਾਮ, ਵਰਕਸ਼ਾਪਾਂ ਤੇ ਪ੍ਰੈਕਟੀਕਲ ਸੈਸ਼ਨ ਕਰਵਾਏ ਜਾਣਗੇ। ਇਨ੍ਹਾਂ ਉਪਰਾਲਿਆਂ ਨਾਲ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਗਿਆਨ ਮਿਲੇਗਾ। ਉਨ੍ਹਾਂ ਦੇ ਪੇਸ਼ੇਵਰ ਹੁਨਰ ਵਿੱਚ ਵਾਧਾ ਹੋਵੇਗਾ ਤੇ ਰੋਜ਼ਗਾਰ ਦੇ ਵਧੀਆ ਮੌਕੇ ਪ੍ਰਾਪਤ ਹੋਣਗੇ। ਸਕੂਲ ਪ੍ਰਬੰਧਕਾਂ ਨੇ ਉਨ੍ਹਾਂ ਦੇ ਸਕਾਰਾਤਮਕ ਦ੍ਰਿਸ਼ਟੀਕੋਣ ਦੀ ਸਰਾਹਨਾ ਕਰਦਿਆਂ ਵਿਸ਼ਵਾਸ ਜਤਾਇਆ ਕਿ ਉਨ੍ਹਾਂ ਦਾ ਯੋਗਦਾਨ ਸਕੂਲ ਵਿੱਚ ਵੋਕੇਸ਼ਨਲ ਸਿੱਖਿਆ ਨੂੰ ਹੋਰ ਮਜ਼ਬੂਤ ਬਣਾਏਗਾ।

# ਰਾਜਾ ਸੁਰ ਸੈਣੀ ਦੀ ਯਾਦਗਾਰ ਧੂਮਧਾਮ ਨਾਲ ਮਨਾਵਾਂਗੇ: ਆਗੂ



ਆਦਮਪੁਰ, 26 ਮਈ (ਜੰਡੀਰ ਸੈਣੀ): ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸੈਣੀ ਸਮਾਜ ਵੱਲੋਂ ਮੀਟਿੰਗਾਂ ਕੀਤੀਆਂ ਗਈਆਂ। ਅੱਜ ਦੀ ਮੀਟਿੰਗ ਤਰਸੇਮ ਸੈਣੀ ਆਲ ਇੰਡੀਆ ਚੇਅਰਮੈਨ ਰਾਈਸ ਮਿੱਲ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿੱਚ ਸੈਣੀ ਸਮਾਜ ਨੂੰ ਓਬੀਸੀ 27 ਫੀਸਦੀ ਰਾਖਵੇਂ ਹੱਕਾਂ ਦਾ ਪੂਰਾ ਲਾਭ ਨਾ ਮਿਲਣ 'ਤੇ ਚਿੰਤਾ ਜਤਾਈ। ਆਗੂਆਂ ਨੇ ਕਿਹਾ ਕਿ ਕਈ ਥਾਵਾਂ 'ਤੇ ਸਮਾਜ ਦੇ ਲੋਕਾਂ ਨੂੰ ਓਬੀਸੀ ਸਰਟੀਫਿਕੇਟ ਬਣਾਉਣ ਵਿੱਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਤਰਸੇਮ ਸੈਣੀ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਸਰਟੀਫਿਕੇਟ ਬਣਾਉਣ ਵਿੱਚ ਤੰਗੀ-ਪੇਸ਼ੀ ਆਉਂਦੀ ਹੈ ਤਾਂ ਉਹ ਸਮਾਜ ਦੇ ਆਗੂਆਂ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਦੀ ਮਦਦ ਕੀਤੀ ਜਾਵੇਗੀ। ਇਸ ਮੌਕੇ 'ਤੇ ਰਾਜਾ ਸੁਰ ਸੈਣੀ ਜੀ ਦੀ ਯਾਦਗਾਰ ਸਬੰਧੀ ਉਤਸਵ ਮਨਾਉਣ ਦਾ ਵੀ ਫੈਸਲਾ ਕੀਤਾ ਗਿਆ। ਇਸ ਤੋਂ ਇਲਾਵਾ 30 ਮਈ ਨੂੰ ਸੈਣੀ ਸਮਾਜ ਦੀ ਰਾਹੋਂ ਵਿਖੇ ਰਾਜ ਪੱਧਰੀ ਮੀਟਿੰਗ ਕਰਨ ਦਾ ਐਲਾਨ ਕੀਤਾ ਗਿਆ। ਜਿਸ ਵਿੱਚ ਭਵਿੱਖੀ ਰਣਨੀਤੀ 'ਤੇ ਵਿਚਾਰ ਕੀਤਾ ਜਾਵੇਗਾ। ਅਸ਼ੋਕ ਸੈਣੀ ਨੇ ਕਿਹਾ ਕਿ ਸੈਣੀ ਸਮਾਜ ਆਪਣੇ ਹੱਕਾਂ ਲਈ ਇੱਕਜੁੱਟ ਹੋ ਕੇ ਜ਼ਿੰਮੇਵਾਰੀਆਂ ਨਿਭਾ ਰਿਹਾ ਹੈ ਤੇ ਸਮਾਜ ਦੇ ਨੌਜਵਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

# ਡੀ.ਸੀ. ਵੱਲੋਂ ਸ਼ਾਂਤੀਪੂਰਨ ਤੇ ਸੁਚਾਰੂ ਚੋਣਾਂ ਲਈ ਵੋਟਰਾਂ, ਪੋਲਿੰਗ ਸਟਾਫ਼ ਤੇ ਉਮੀਦਵਾਰਾਂ ਦਾ ਧੰਨਵਾਦ

ਐਸ.ਬੀ.ਐਸ. ਨਗਰ, 26 ਮਈ (ਸੁਖਦੇਵ ਸਿੰਘ ਉੜਾਪੜ): ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਅੱਜ ਆਜ਼ਾਦ, ਨਿਰਪੱਖ ਤੇ ਸ਼ਾਂਤੀਪੂਰਨ ਢੰਗ ਨਾਲ ਨਗਰ ਕੌਂਸਲ ਚੋਣਾਂ ਕਰਵਾਉਣ ਵਿੱਚ ਸਹਿਯੋਗ ਦੇਣ ਲਈ ਵੋਟਰਾਂ, ਪੋਲਿੰਗ ਤੇ ਸੁਰੱਖਿਆ ਸਟਾਫ਼, ਉਮੀਦਵਾਰਾਂ ਤੇ ਰਾਜਨੀਤਿਕ ਪਾਰਟੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੋਲਿੰਗ ਪੂਰੀ ਤਰ੍ਹਾਂ



ਸ਼ਾਂਤੀਪੂਰਨ ਰਹੀ ਤੇ ਜ਼ਿਲ੍ਹੇ ਦੇ ਕਿਸੇ ਵੀ ਪੋਲਿੰਗ ਬੂਥ ਤੋਂ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ। ਡੀ.ਸੀ. ਨੇ ਕਿਹਾ ਕਿ ਸਵੇਰੇ 8 ਵਜੇ ਸ਼ੁਰੂ ਹੋਈ ਵੋਟਿੰਗ ਸ਼ਾਮ 5 ਵਜੇ ਤੱਕ ਸ਼ਾਂਤੀਪੂਰਵਕ ਢੰਗ ਨਾਲ ਮੁਕੰਮਲ ਹੋਈ ਤੇ ਵੋਟਿੰਗ ਦੌਰਾਨ ਹਿੰਸਾ ਦੀ ਕੋਈ ਘਟਨਾ ਸਾਹਮਣੇ ਨਹੀਂ ਆਈ। ਉਨ੍ਹਾਂ ਕਿਹਾ ਕਿ ਅੱਜ ਦੀ ਪੋਲਿੰਗ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ ਤੇ ਇਸ ਵੱਡੀ ਲੋਕਤੰਤਰੀ ਪ੍ਰਕਿਰਿਆ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਵੱਡੀ ਗਿਣਤੀ ਵਿੱਚ ਪੋਲਿੰਗ ਤੇ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਸਨ। ਉਨ੍ਹਾਂ ਸਮੂਹ ਰਾਜਨੀਤਿਕ ਪਾਰਟੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਪੋਲਿੰਗ ਸਟਾਫ਼ ਤੇ ਪੁਲਿਸ ਪ੍ਰਸ਼ਾਸਨ ਨੇ ਨਿਰਪੱਖ ਤੇ ਸੁਚਾਰੂ ਵੋਟਿੰਗ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਸ਼ਾਂਤੀਪੂਰਨ ਢੰਗ ਨਾਲ ਚੋਣਾਂ ਕਰਵਾਉਣ ਵਿੱਚ ਸਹਿਯੋਗ ਦੇਣ ਲਈ ਵੋਟਰਾਂ ਨੂੰ ਵੀ ਵਧਾਈ ਦਿੱਤੀ।

# ਡਾ. ਰਵਜੋਤ ਸਿੰਘ ਨੇ ਦੇਰ ਤੋਂ ਕੀਤੀ ਜਾ ਰਹੀ ਮੰਗ ਪੂਰੀ ਕੀਤੀ

ਹੁਸ਼ਿਆਰਪੁਰ, 26 ਮਈ (ਪਰਮਿੰਦਰ ਘੁੰਮਣ): ਸ਼ਹੀਦ ਭਗਤ ਸਿੰਘ ਸੈਨਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਮਿੰਦਰ ਸਾਗਰ ਨੇ ਦੱਸਿਆ ਕਿ ਹਲਕਾ ਸ਼ਾਮਚੁਰਾਸੀ ਦੇ ਵਿਧਾਇਕ ਤੇ ਮੰਤਰੀ ਪੰਜਾਬ ਸਰਕਾਰ ਡਾ. ਰਵਜੋਤ ਸਿੰਘ ਆਪਣੇ ਹਲਕੇ ਦੇ ਲੋਕਾਂ ਲਈ ਕਿਸੇ ਮਸੀਹਾ ਤੋਂ ਘੱਟ ਨਹੀਂ ਹਨ। ਮਹਿਗਰੋਵਾਲ ਤੇ ਹੋਰ ਵੀ ਕਈ ਪਿੰਡਾਂ ਦੇ ਲੋਕਾਂ ਵੱਲੋਂ ਪੁਲ ਬਣਾਉਣ ਦੀ ਮੰਗ ਬਹੁਤ ਦੇਰ ਤੋਂ ਕੀਤੀ ਜਾ ਰਹੀ ਸੀ ਪਰ ਕਦੇ ਵੀ ਕਿਸੇ ਵੀ ਸਰਕਾਰ ਜਾਂ ਵਿਧਾਇਕ ਨੇ ਉਨ੍ਹਾਂ ਲੋਕਾਂ ਦੀ ਨਹੀਂ ਸੁਣੀ। ਡਾ. ਰਵਜੋਤ ਸਿੰਘ ਨੇ ਕੰਢੀ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਮੈਨੂੰ ਇਕ ਵਾਰ ਮੌਕਾ ਦਿਉ ਸਭ ਤੋਂ ਪਹਿਲਾਂ ਇਸ ਚੋਅ ਤੇ ਪੁਲ ਹੀ ਬਣਾਵਾਂਗਾ। ਸਾਗਰ ਨੇ ਦੱਸਿਆ ਕਿ ਅੱਜ ਮੈਨੂੰ ਮਹਿਗਰੋਵਾਲ ਜਾਣ ਦਾ ਮੌਕਾ ਮਿਲਿਆ ਤਾਂ ਚੋਅ ਵਿੱਚ ਪੁਲ ਨੂੰ ਬਣਦਾ ਦੇਖ ਮੈਨੂੰ ਬਹੁਤ ਖੁਸ਼ੀ ਹੋਈ। ਲੋਕਾਂ ਨਾਲ ਗੱਲਬਾਤ ਕੀਤੀ ਤੇ ਲੋਕਾਂ ਨੇ ਕਿਹਾ ਕਿ ਡਾ. ਰਵਜੋਤ ਸਿੰਘ ਸਾਡੇ ਪਿੰਡਾਂ ਲਈ ਕਿਸੇ ਮਸੀਹਾ ਤੋਂ ਘੱਟ ਨਹੀਂ ਹਨ। ਰਾਹਗੀਰਾਂ ਨੇ ਦੱਸਿਆ ਕਿ ਹੁਣ ਚੋਅ ਵਿੱਚ ਜਿਨ੍ਹਾਂ ਮਰਜ਼ੀ ਪਾਣੀ ਆ ਜਾਵੇ ਸਾਡੇ ਬੱਚੇ ਸਕੂਲ ਕਾਲਜ ਤੇ ਕੰਮ ਕਾਰ ਵਾਲੇ ਵੀ ਆਪਣੇ ਕਾਰੋਬਾਰ 'ਤੇ ਜਾ ਸਕਣਗੇ, ਹੁਣ ਲੋਕਾਂ ਨੂੰ ਆਉਣ-ਜਾਣ ਵਿੱਚ ਕੋਈ ਵੀ ਮੁਸ਼ਕਿਲ ਨਹੀਂ ਹੋਵੇਗੀ। ਇਹ ਪੁਲ ਜਲਦੀ ਹੀ ਕੁੱਝ ਮਹੀਨਿਆਂ ਵਿੱਚ ਤਿਆਰ ਹੋ ਜਾਵੇਗਾ। ਇਸ ਮੌਕੇ ਪਰਸ਼ੋਤਮ ਲਾਡਾ ਵੀ ਮੌਜੂਦ ਸੀ।

# ਦੇਸ਼ ਭਗਤ ਗਲੋਬਲ ਸਕੂਲ ਦੇ ਵਿਦਿਆਰਥੀਆਂ ਦਾ ਮਨੋਰੰਜਕ ਦੌਰਾ



ਮੰਡੀ ਗੋਬਿੰਦਗੜ੍ਹ, 26 ਮਈ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਗਲੋਬਲ ਸਕੂਲ ਨੇ ਬਾਲਵਾਟਿਕਾ ਤੋਂ ਤੀਜੀ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਕੁਈਨਜ਼ਲੈਂਡ ਵਾਟਰ ਪਾਰਕ ਦਾ ਵਿਦਿਅਕ ਤੇ ਮਨੋਰੰਜਕ ਦੌਰਾ ਕਰਵਾਇਆ ਤੇ ਬੱਚਿਆਂ ਨੇ ਇਸ ਦਿਲਚਸਪ ਤੇ ਤਾਜ਼ਗੀ ਭਰੀ ਸੈਰ ਦਾ ਆਨੰਦ ਮਾਣਿਆ। ਵਿਦਿਆਰਥੀਆਂ ਨੇ ਰੋਮਾਂਚਕ ਪਾਣੀ ਦੀਆਂ ਸਵਾਰੀਆਂ ਤੇ ਵੱਖ-ਵੱਖ ਮਨੋਰੰਜਨ ਪਾਰਕ ਆਕਰਸ਼ਣਾਂ ਦਾ ਅਨੁਭਵ ਕੀਤਾ ਤੇ ਗਰਮੀ ਤੋਂ ਰਾਹਤ ਲਈ। ਉਨ੍ਹਾਂ ਜੀਵੰਤ ਡਾਂਸ ਪ੍ਰਦਰਸ਼ਨਾਂ ਤੇ ਦਿਲਚਸਪ ਸਮੂਹ ਗਤੀਵਿਧੀਆਂ ਵਿੱਚ ਵੀ ਹਿੱਸਾ ਲਿਆ, ਜੋ ਸਾਥੀਆਂ ਵਿੱਚ ਟੀਮ ਵਰਕ, ਆਤਮ ਵਿਸ਼ਵਾਸ ਤੇ ਦੋਸਤੀ ਨੂੰ ਉਤਸ਼ਾਹਿਤ ਕਰਦੇ ਹਨ। ਦਿਨ ਦਾ ਸਮਾਪਨ ਪਾਰਕ ਦੇ ਰੈਸਟੋਰੈਂਟ ਵਿੱਚ ਸੁਆਦੀ ਦੁਪਹਿਰ ਦੇ ਖਾਣੇ ਨਾਲ ਹੋਇਆ। ਪ੍ਰਿੰਸੀਪਲ ਇੰਦੂ ਸ਼ਰਮਾ ਨੇ ਇਸ ਦੌਰੇ ਦੇ ਸੁਚਾਰੂ ਤੇ ਸੁਰੱਖਿਅਤ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਡਿਊਟੀ 'ਤੇ ਮੌਜੂਦ ਅਧਿਆਪਕਾਂ ਤੇ ਸਟਾਫ਼ ਮੈਂਬਰਾਂ ਦੀ ਸ਼ਲਾਘਾ ਕੀਤੀ। ਸਕੂਲ ਦੇ ਚੇਅਰਮੈਨ ਡਾ. ਜ਼ੋਰਾ ਸਿੰਘ ਤੇ ਜਨਰਲ ਸਕੱਤਰ ਡਾ. ਤਜਿੰਦਰ ਕੌਰ ਨੇ ਜ਼ੋਰ ਦੇ ਕੇ ਕਿਹਾ ਕਿ ਸਹਿ-ਪਾਠਕ੍ਰਮ ਗਤੀਵਿਧੀਆਂ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ, ਮਾਨਸਿਕ ਤੇ ਸਮੁੱਚੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

# ਗਰਮੀ ਨੇ ਕੱਢੇ ਵੱਟ, ਛੋਟੀ ਨਹਿਰ 'ਚ ਨਹਾ ਕੇ ਬੱਚਿਆਂ ਨੇ ਲੱਭੀ ਰਾਹਤ

ਤਲਵਾੜਾ, 26 ਮਈ (ਜਗਮੋਹਨ ਸ਼ਰਮਾ): ਇਲਾਕੇ ਵਿੱਚ ਪੈ ਰਹੀ ਤਿੱਖੀ ਗਰਮੀ ਨੇ ਲੋਕਾਂ ਦਾ ਜੀਣਾ ਮੁਸ਼ਕਿਲ ਕਰ ਦਿੱਤਾ ਹੈ। ਦਿਨ ਚੜ੍ਹਦੇ ਹੀ ਤਾਪਮਾਨ ਇਸ ਕਦਰ ਵੱਧ ਜਾਂਦਾ ਹੈ ਕਿ ਲੋਕ ਘਰਾਂ ਤੋਂ ਬਾਹਰ ਨਿਕਲਣ ਤੋਂ ਵੀ ਕਤਰਾਉਣ ਲੱਗ ਪਏ ਹਨ। ਗਰਮੀ ਦੇ ਇਸ ਕਹਿਰ ਵਿੱਚ ਛੋਟੇ-ਛੋਟੇ ਬੱਚਿਆਂ ਨੇ ਪਿੰਡ ਰੌਲੀ ਦੀ ਛੋਟੀ ਨਹਿਰ ਵਿੱਚ ਨਹਾ ਕੇ ਗਰਮੀ ਤੋਂ ਕੁਝ ਸਮੇਂ ਲਈ ਰਾਹਤ ਮਹਿਸੂਸ ਕੀਤੀ। ਨਹਿਰ ਵਿੱਚ ਪਾਣੀ ਨਾਲ ਖੇਡਦੇ ਤੇ ਨਹਾਉਂਦੇ ਬੱਚਿਆਂ ਦੇ ਚਿਹਰਿਆਂ 'ਤੇ ਖੁਸ਼ੀ ਸਾਫ਼ ਦੇਖਣ ਨੂੰ ਮਿਲੀ। ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਵਾਰ ਮਈ ਮਹੀਨੇ ਵਿੱਚ ਹੀ ਜੂਨ ਵਰਗੀ ਤਪਸ਼ ਮਹਿਸੂਸ ਹੋ ਰਹੀ ਹੈ। ਦੁਪਹਿਰ ਦੇ ਸਮੇਂ ਸੜਕਾਂ ਸੁੰਨੀਆਂ ਹੋ ਜਾਂਦੀਆਂ ਹਨ ਤੇ ਲੋਕ ਘਰਾਂ ਵਿੱਚ ਰਹਿਣ ਨੂੰ ਮਜਬੂਰ ਹਨ। ਬੱਚੇ ਵੀ ਗਰਮੀ ਕਾਰਨ ਪ੍ਰੇਸ਼ਾਨ ਹਨ, ਇਸ ਲਈ ਉਹ ਨਹਿਰਾਂ ਤੇ



ਪਾਣੀ ਵਾਲੀਆਂ ਥਾਵਾਂ ਵੱਲ ਰੁਖ ਕਰ ਰਹੇ ਹਨ ਤਾਂ ਜੋ ਕੁਝ ਪਲਾਂ ਲਈ ਠੰਡਕ ਮਿਲ ਸਕੇ।ਪਿੰਡ ਰੌਲੀ ਦੀ ਛੋਟੀ ਨਹਿਰ ਵਿੱਚ ਨਹਾਉਂਦੇ ਬੱਚਿਆਂ ਨੇ ਕਿਹਾ ਕਿ ਪਾਣੀ ਵਿੱਚ ਉਤਰ ਕੇ ਉਨ੍ਹਾਂ ਨੂੰ ਕਾਫ਼ੀ ਸੁੱਖ ਤੇ ਰਾਹਤ ਮਿਲੀ। ਉਨ੍ਹਾਂ ਨੇ ਦੱਸਿਆ ਕਿ ਤਪਦੀ ਗਰਮੀ ਵਿੱਚ ਪਾਣੀ ਹੀ ਇੱਕ ਐਸੀ ਚੀਜ਼ ਹੈ ਜੋ ਸਰੀਰ ਨੂੰ ਠੰਡਕ ਦਿੰਦੀ ਹੈ। ਬੱਚੇ ਕਈ ਘੰਟਿਆਂ ਤੱਕ ਨਹਿਰ ਵਿੱਚ ਮਸਤੀ ਕਰਦੇ ਰਹੇ ਤੇ ਗਰਮੀ ਨੂੰ ਭੁੱਲ ਕੇ ਖੇਡਾਂ ਦਾ ਆਨੰਦ ਲੈਂਦੇ ਰਹੇ। ਇਲਾਕੇ ਦੇ ਬਜ਼ੁਰਗਾਂ ਦਾ ਕਹਿਣਾ ਹੈ ਕਿ ਹਰ ਸਾਲ ਗਰਮੀ ਵੱਧਦੀ ਜਾ ਰਹੀ ਹੈ, ਪਰ ਇਸ ਵਾਰ ਮੌਸਮ ਨੇ ਪਹਿਲਾਂ ਹੀ ਆਪਣੇ ਤੇਵਰ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਆਉਣ ਵਾਲੇ ਦਿਨਾਂ ਵਿੱਚ ਤਾਪਮਾਨ ਹੋਰ ਵਧਿਆ ਤਾਂ ਲੋਕਾਂ ਨੂੰ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਟਾਪਰ ਜਸਕੀਰਤ ਕੌਰ ਨੇ ਉਚੇਰੀ ਸਿੱਖਿਆ ਲਈ ਚੁਣਿਆ ਮਾਤਾ ਗੁਜਰੀ ਕਾਲਜ

ਸ੍ਰੀ ਫ਼ਤਹਿਗੜ੍ਹ ਸਾਹਿਬ, 26 ਮਈ (ਹਰਪ੍ਰੀਤ ਕੌਰ ਟਿਵਾਣਾ): ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਨਾਰਥਲ ਕਲਾਂ ਦੀ ਹੋਣਹਾਰ ਵਿਦਿਆਰਥਣ ਜਸਕੀਰਤ ਕੌਰ, ਜਿਸ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ +2 ਮੈਡੀਕਲ ਦੀ ਪ੍ਰੀਖਿਆ ਵਿੱਚ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ, ਨੇ ਆਪਣੀ ਉਚੇਰੀ ਸਿੱਖਿਆ ਲਈ ਮਾਤਾ ਗੁਜਰੀ ਕਾਲਜ ਵਿਖੇ ਬੀ.ਐਸ.ਸੀ. ਆਨਰਜ਼ ਕੈਮਿਸਟਰੀ ਕੋਰਸ ਵਿੱਚ ਦਾਖਲਾ ਲਿਆ ਹੈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਸੰਧੂ ਨੇ ਜਸਕੀਰਤ ਕੌਰ ਤੇ ਉਸ ਦੇ ਪਿਤਾ ਦਵਿੰਦਰ ਸਿੰਘ ਨੂੰ ਇਸ ਵਿਲੱਖਣ ਪ੍ਰਾਪਤੀ ਲਈ ਵਧਾਈ ਦਿੱਤੀ। ਇਸ ਮੌਕੇ ਡਾ. ਸੰਧੂ ਨੇ ਆਪਣੀ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਇਹ ਕਾਲਜ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਜ਼ਿਲ੍ਹੇ ਦੀ ਟਾਪਰ ਵਿਦਿਆਰਥਣ ਨੇ ਆਪਣੀ ਉਚ ਸਿੱਖਿਆ ਲਈ ਮਾਤਾ ਗੁਜਰੀ ਕਾਲਜ ਦੀ ਚੋਣ ਕੀਤੀ ਹੈ। ਉਨ੍ਹਾਂ ਦੱਸਿਆ ਕਿ ਮਾਤਾ ਗੁਜਰੀ ਕਾਲਜ ਦਾ ਸਮੁੱਚਾ ਪ੍ਰਬੰਧਨ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਤੇ ਇਸ ਅਦਾਰੇ ਵੱਲੋਂ ਧਾਰਮਿਕ, ਸਮਾਜਿਕ, ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਕਾਲਜ



ਦੇ ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ ਨੇ ਵੀ ਜਸਕੀਰਤ ਕੌਰ ਨੂੰ ਇਸ ਉਪਲੱਬਧੀ ਲਈ ਮੁਬਾਰਕਬਾਦ ਦਿੰਦਿਆਂ ਉਸ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਇਸੇ ਤਰ੍ਹਾਂ ਕੈਮਿਸਟਰੀ ਵਿਭਾਗ ਦੀ ਮੁਖੀ ਡਾ. ਕਮਲਪ੍ਰੀਤ ਕੌਰ, ਡਾ. ਕੁਲਦੀਪ ਕੌਰ ਤੇ ਹੋਰ ਸਟਾਫ਼ ਮੈਂਬਰਾਂ ਨੇ ਵੀ ਹੋਣਹਾਰ ਵਿਦਿਆਰਥਣ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।

# ਗਰਮੀ ਦੇ ਮੌਸਮ 'ਚ ਜਾਨਵਰਾਂ ਤੇ ਪੰਛੀਆਂ ਲਈ ਪਾਣੀ ਦਾ ਪ੍ਰਬੰਧ ਵੱਡੀ ਸੇਵਾ: ਅਰੋੜਾ

ਅਮਲੋਹ, 26 ਮਈ (ਜਸਵੰਤ ਸਿੰਘ): ਪੰਜਾਬ ਵਿੱਚ ਗਰਮੀ ਦਿਨੋਂ ਦਿਨ ਵੱਧ ਦੀ ਜਾ ਰਹੀ ਹੈ, ਜਿਸ ਕਾਰਨ ਆਮ ਲੋਕਾਂ, ਪਸ਼ੂ ਤੇ ਪੰਛੀਆਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਗੱਲ ਦਾ ਪ੍ਰਗਟਾਵਾ ਸਮਾਜ ਸੇਵੀ ਵਿੱਕੀ ਅਰੋੜਾ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਗਰਮੀ ਕਾਰਨ ਬੇਜ਼ੁਬਾਨ ਜਾਨਵਰ ਤੇ ਪੰਛੀਆਂ ਦੀ ਹਾਲਤ ਤਰਸਯੋਗ ਹੈ, ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਇਨਸਾਨੀਅਤ



ਨਾਤੇ ਉਨ੍ਹਾਂ ਲਈ ਪਾਣੀ ਦਾ ਪ੍ਰਬੰਧ ਕੀਤਾ ਜਾਵੇ ਤੇ ਆਪਣੇ ਘਰਾਂ ਦੀਆਂ ਛੱਤਾਂ ਜਾਂ ਬਾਹਰ ਬਰਤਨਾਂ ਵਿੱਚ ਉਨ੍ਹਾਂ ਲਈ ਪਾਣੀ ਰੱਖਿਆ ਜਾਵੇ। ਉਨ੍ਹਾਂ ਗੰਧਲੇ ਹੋ ਰਹੇ ਵਾਤਾਵਰਨ ਨੂੰ ਬਚਾਉਣ ਲਈ ਵੀ ਵੱਧ ਤੋਂ ਵੱਧ ਬੂਟੇ ਲਗਾ ਕੇ ਉਨ੍ਹਾਂ ਦੀ ਸੰਭਾਲ ਦੀ ਅਪੀਲ ਕੀਤੀ।

# ਬਲੌਸਮਜ਼ ਕਾਨਵੈਂਟ ਸਕੂਲ ਵਿਖੇ ਭਾਰਤੀ ਭਾਸ਼ਾ ਸਮਰ ਕੈਂਪ ਦੇ ਛੇਵਾਂ ਦਿਨ



ਜਗਰਾਓਂ, 26 ਮਈ (ਵਿਸ਼ਾਲ ਅੱਤਰੇ ਆਰੀਅਨ ਅੱਤਰੇ) : ਬਲੌਸਮਜ਼ ਕਾਨਵੈਂਟ ਸਕੂਲ ਵਿਖੇ ਸੀ.ਬੀ.ਐਸ.ਈ ਵੱਲੋਂ ਚਲਾਏ ਜਾ ਰਹੇ ਭਾਰਤੀ ਭਾਸ਼ਾ ਸਮਰ ਕੈਂਪ ਦੀ ਲੜੀ ਨੂੰ ਅੱਗੇ ਤੋਰਦਿਆਂ ਅੱਜ ਛੇਵੇਂ ਦਿਨ ਵਿਦਿਆਰਥੀਆਂ ਨੂੰ ਮਿਜ਼ੋਰਮ ਦੀ ਭਾਸ਼ਾ ਅਤੇ ਸਭਿਆਚਾਰ ਨਾਲ ਸੰਬੰਧਿਤ ਇਤਿਹਾਸ ਅਤੇ ਭੂਗੋਲ ਬਾਰੇ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਬੱਚਿਆਂ ਨੂੰ ਮਿਜ਼ੋਰਮ ਦੀਆਂ ਪ੍ਰਸਿੱਧ ਨਦੀਆਂ, ਪਹਾੜਾਂ, ਇਤਿਹਾਸਕ ਸਮਾਰਕਾਂ ਅਤੇ ਹੋਰ ਮਹੱਤਵਪੂਰਨ ਸਥਾਨਾਂ ਦੇ ਨਾਮਾਂ ਨਾਲ ਜਾਣੂ ਕਰਵਾਇਆ ਗਿਆ।ਇਸ ਗਤੀਵਿਧੀ ਰਾਹੀਂ ਵਿਦਿਆਰਥੀਆਂ ਦੀ ਜਾਣਕਾਰੀ ਵਿੱਚ ਵਾਧਾ ਹੋਇਆ ਅਤੇ ਉਨ੍ਹਾਂ ਨੂੰ ਦੇਸ਼ ਦੇ ਹੋਰ ਰਾਜਾਂ ਦੇ ਇਤਿਹਾਸ ਅਤੇ ਭੂਗੋਲ ਬਾਰੇ ਜਾਣਨ ਦਾ ਸੁਨਹਿਰਾ ਮੌਕਾ ਮਿਲਿਆ। ਬੱਚਿਆਂ ਨੇ ਬੜੇ ਹੀ ਉਤਸ਼ਾਹ ਨਾਲ ਇਸ ਗਤੀਵਿਧੀ ਵਿੱਚ ਭਾਗ ਲਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲਡਾ. ਨਵਨੀਤਕੌਰਨੇ ਕਿਹਾ ਕਿ ਇਸ ਸਮਰ ਕੈਂਪ ਦਾ ਮੁੱਖ ਉਦੇਸ਼ ਬੱਚਿਆਂ ਨੂੰ ਆਪਣੇ ਸਭਿਆਚਾਰ ਤੋਂ ਇਲਾਵਾ ਕੁਝ ਨਵਾਂ ਅਤੇ ਵੱਖਰਾ ਸਿੱਖਣ ਦਾ ਮੌਕਾ ਦੇਣਾ ਹੈ। ਉਨ੍ਹਾਂ ਕਿਹਾ ਕਿ ਸੀ.ਬੀ.ਐਸ.ਈ ਵੱਲੋਂ ਚਲਾਈ ਗਈ ਇਹ ਮੁਹਿੰਮ ਬਹੁਤ ਹੀ ਸ਼ਲਾਘਾਯੋਗ ਹੈ।ਇਸ ਸਮੇਂ ਸਕੂਲ ਮੈਨੇਜਮੈਂਟ ਕਮੇਟੀ ਦੇਪ੍ਰਧਾਨਸ. ਮਨਪ੍ਰੀਤਸਿੰਘਬਰਾੜਨੇ ਵੀ ਸੀ.ਬੀ.ਐਸ.ਈ ਵੱਲੋਂ ਚਲਾਈ ਜਾ ਰਹੀ ਇਸ ਮੁਹਿੰਮ ਦੀ ਭਰਪੂਰ ਸਰਾਹਨਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ

# ਸਨਮਤੀ ਵਿਮਲ ਜੈਨ ਸਕੂਲ ਜਗਰਾਓਂ ਵਿਖੇ ਸਟੂਡੈਂਟ ਕੌਂਸਲ ਸੰਗਠਨ ਚੁਣਿਆ



ਜਗਰਾਓਂ, 26 ਮਈ (ਵਿਸ਼ਾਲ ਅੱਤਰੇ ਆਰੀਅਨ ਅੱਤਰੇ) : ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿਖੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਦੀ ਸੂਝ ਬੂਝ ਤੇ ਯੋਗ ਅਗਵਾਈ ਹੇਠ ਸਟੂਡੈਂਟ ਕੌਂਸਲ 2026-27 ਦਾ ਸੰਗਠਨ ਕੀਤਾ ਗਿਆ ਇਸ ਕੌਂਸ਼ਲ ਵਿੱਚ ਕੁੱਲ 34 ਵਿਦਿਆਰਥੀ ਸ਼ਾਮਲ ਹਨ ਜਿਨਾਂ ਦਾ ਮੂਲ ਉਦੇਸ਼ ਵਿਦਿਆਰਥੀਆਂ ਵਿੱਚ ਅਤੇ ਸਕੂਲ ਵਿੱਚ ਅਨੁਸ਼ਾਸਨ ਕਾਇਮ ਕਰਨਾ ਅਤੇ ਵਿਦਿਆਰਥੀ ਨੂੰ ਆਪਣੇ ਜਿੰਮੇਵਾਰੀਆਂ ਦਾ ਅਹਿਸਾਸ ਕਰਵਾਉਣਾ ਹੈ ਇਸ ਕੌਂਸਲ ਚ ਹੈਡ ਬੁਆਂਏ ਇਮਰਾਨਜੋਤ ਸਿੰਘ ਰਾਏ ਅਤੇ ਹੈਡ ਗਰਲ ਤਰਨਪ੍ਰੀਤ ਕੌਰ ਨੂੰ ਚੁਣਿਆ ਗਿਆ ਸਕੂਲ ਦੇ ਚਾਰ ਸਦਨ ਗਲੈਕਸੀ ਹਾਊਸ, ਰੈਨਬੋ ਹਾਊਸ, ਸ਼ਾਈਨਿੰਗ ਸਟਾਰ ਹਾਊਸ ਤੇ ਵੀਨਸ ਹਾਊਸ ਸਨ ਜਿਨਾਂ ਦੇ ਪ੍ਰਧਾਨ ਸਨੀ ਪਾਸੀ ਤੇ ਅਨੁਸ਼ਾਸਨ ਵਿਭਾਗ ਦੇ ਮੁਖੀ ਸਰਬਜੀਤ ਸਿੰਘ ਧਾਲੀਵਾਲ ਨੂੰ ਅਹੁਦੇਦਾਰ ਚੁਣੇ ਗਏ। ਗਲੈਕਸੀ ਹਾਊਸ ਦੇ ਹੈਡ ਇੰਚਾਰਜ ਮਲਕੀਤ ਕੌਰ ਅਸਿਸਟੈਂਟ ਇੰਚਾਰਜ ਪਰਮਿੰਦਰ ਕੌਰ ਬਾਵਾ ਅਸਿਸਟੈਂਟ ਹੈਡ ਬੁਆਏ ਇੰਦਰਜੋਤ ਸਿੰਘ, ਅਸਿਸਟੈਂਟ ਹੈਡ ਗਰਲ ਸਿਮਰਤ ਕੌਰ ਕਪਤਾਨ ਗੁਰਲੀਨ ਕੌਰ ਉਪ ਕਪਤਾਨ ਗੁਰਨੂਰ ਕੌਰ ਕਪਤਾਨ ਬੁਆਏ ਤਨਵੀਰ ਸਿੰਘ ਉਪ ਕਪਤਾਨ ਜਸਕਰਨ ਸਿੰਘ ਪ੍ਰੀਫੈਕਟ ਬੁਆਏ ਤਨੀਸ਼ਾ ਅਰੋੜਾ, ਪ੍ਰੀਫੈਕਟ ਗਰਲ ਜਸਮੀਤ ਕੌਰ ਚੁਣੇ ਗਏ ਰੈਨਬੋ ਹਾਊਸ ਦੇ ਇੰਚਾਰਜ ਕੁਲਦੀਪ ਕੌਰ ਅਸਿਸਟੈਂਟ ਪ੍ਰਭਜੋਤ ਕੌਰ ਅਸਿਸਟੈਂਟ ਹੈਡ ਬੁਆਏ ਚਿਰਾਗ ਮਲਹੋਤਰਾ ਅਸਿਸਟੈਂਟ ਹੈਡਗਰਲ ਆਰਤੀ ਕਪਤਾਨ ਜਸ਼ਨਪ੍ਰੀਤ ਕੌਰ ਉਪ ਕਪਤਾਨ ਵੰਸ਼ਿਕਾ ਕਪਤਾਨ ਚਰਨਜੀਤ ਸਿੰਘ ਉਪ ਕਪਤਾਨ ਹਰਸ਼ਦੀਪ ਸਿੰਘ ਪ੍ਰੀਫੈਕਟ ਬੁਆਏ ਨਵਰਾਜ ਸਿੰਘ ਅਤੇ ਪ੍ਰੀਫੈਕਟ ਗਰਲ ਸੁਖਮਨਪ੍ਰੀਤ ਕੌਰ ਨੂੰ ਚੁਣਿਆ ਗਿਆ ਸ਼ਾਇਨਿੰਗ ਸਟਾਰ ਹਾਊਸ ਦੇ ਇਨਚਾਰਜ ਨਰਿੰਦਰ ਕੌਰ ਅਤੇ ਅਸਿਸਟੈਂਟ ਆਸ਼ੀਮਾਂ ਗੁਪਤਾ ਅਸਿਸਟੈਂਟ ਹੈਡ ਬੁਆਏ ਨਵਦੀਪ ਸਿੰਘ ਅਸਿਸਟੈਂਟ ਗਰਲ ਸਹਿਜਲੀਨ ਕੌਰ ਕਪਤਾਨ ਬ੍ਰਹਮਜੋਤ ਸਿੰਘ ਉਪ ਕਪਤਾਨ ਦੁਪਿੰਦਰ ਸਿੰਘ ਕਪਤਾਨ ਸੁਖਮਨਪ੍ਰੀਤ ਕੌਰ ਉਪ ਕਪਤਾਨ ਮੁਸਕਾਨ ਜੋਤ ਕੌਰ ਪ੍ਰੀਫੈਕਟ ਬੁਆਏ ਕੁਲਦੀਪ ਸਿੰਘ ਤੇ ਪ੍ਰੀਆਂਸ਼ੀ ਪ੍ਰੀਫੈਕਟ ਗਰਲ ਪ੍ਰੀਆਂਸ਼ੀ ਅਹੁਦੇਦਾਰ ਦੇ ਦਾਅਵੇਦਾਰ ਰਹੇ ਵੀਨਸ ਹਾਊਸ ਦੇ ਇੰਚਾਰਜ ਅਨੀਤਾ ਸ਼ਰਮਾ ਅਸਿਸਟੈਂਟ ਨੀਰੂ ਵਿੱਜ ਅਸਿਸਟੈਂਟ ਹੈਡ ਬੁਆਏ ਮਨਵੀਰ ਸਿੰਘ ਅਸਿਸਟੈਂਟ ਗਰਲ ਹਰਸ਼ਿਤਾ ਕਪਤਾਨ ਏਕਮਜੋਤ ਕੌਰ ਉਪ ਕਪਤਾਨ ਇਸ਼ਵਪ੍ਰੀਤ ਕੌਰ ਕਪਤਾਨ ਯੁਵਰਾਜ ਸਿੰਘ ਉਪ ਕਪਤਾਨ ਦੇ ਦੀਪਆਂਸ਼ੂ ਮੌਰੀਆ ਪ੍ਰੀਫੈਕਟ ਬੁਆਏ ਹਰਮਨਜੀਤ ਸਿੰਘ ਤੇ ਪ੍ਰੀਫੈਕਟ ਗਰਲ ਪਵਨ ਕੌਰ ਉੱਪਲ ਨੂੰ ਚੁਣਿਆ ਗਿਆ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਜੈਨ ਸੈਕਟਰੀ ਮਹਾਵੀਰ ਜੈਨ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਨੇ ਚੁਣੇ ਗਏ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ।

# ਸਕਰੈਪ ਕਾਰੋਬਾਰੀ ਵੱਲੋਂ ਗਰਮੀ ਦੀਆਂ ਛੁੱਟੀਆਂ ਕਰਨ ਦਾ ਫ਼ੈਸਲਾ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਸਕਰੈਪ ਟਰੇਡਰਜ਼ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰਪਾਲ ਸਿੰਘ ਖੁਰਾਣਾ ਅਤੇ ਚੇਅਰਮੈਨ ਜਰਨੈਲ ਸਿੰਘ ਖੇੜਾ ਦੀ ਅਗਵਾਈ ਹੇਠ ਐਸੋਸੀਏਸ਼ਨ ਦੇ ਸਮੂਹ ਆਹੁਦੇਦਾਰਾਂ ਅਤੇ ਮੈਂਬਰਾਂ ਦੀ ਇੱਕ ਸਾਂਝੀ ਮੀਟਿੰਗ ਹੋਈ। ਮੀਟਿੰਗ ਦੌਰਾਨ ਸਕਰੈਪ ਕਾਰੋਬਾਰ ਨਾਲ ਜੁੜੇ ਵਪਾਰੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਆਗੂਆਂ ਨੇ ਕਿਹਾ ਕਿ ਸਕਰੈਪ ਕਾਰੋਬਾਰ ਨਾਲ ਜੁੜੇ ਵਪਾਰੀ ਘਰੋਂ ਨਿਕਲਣ ਤੋਂ ਲੈ ਕੇ ਵਾਪਸ ਘਰ ਪਰਤਣ ਤੱਕ ਹਰ ਵੇਲੇ ਟੈਂਸ਼ਨ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਮਿੱਲ ਮਾਲਕਾਂ ਵੱਲੋਂ ਮਨਮਰਜ਼ੀ ਕੀਤੀ ਜਾ ਰਹੀ ਹੈ, ਜਿਸ ਕਾਰਨ ਛੋਟੇ ਅਤੇ ਦਰਮਿਆਨੇ ਵਪਾਰੀਆਂ ਨੂੰ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਗੂਆਂ ਨੇ ਕੇਂਦਰ ਅਤੇ ਸੂਬਾ ਸਰਕਾਰ ਕੋਲ ਮੰਗ ਰੱਖੀ ਕਿ ਸਕਰੈਪ ਕਾਰੋਬਾਰ 'ਤੇ ਲਾਗੂ 18 ਫੀਸਦੀ ਜੀਐਸਟੀ ਨੂੰ ਘਟਾ ਕੇ 5 ਫੀਸਦੀ ਕੀਤਾ ਜਾਵੇ, ਤਾਂ ਜੋ ਵਪਾਰੀ ਬਿਨਾਂ ਕਿਸੇ ਡਰ ਅਤੇ ਟੈਂਸ਼ਨ ਤੋਂ ਸਾਫ-ਸੁਥਰੇ ਢੰਗ ਨਾਲ ਆਪਣਾ ਕਾਰੋਬਾਰ ਚਲਾ ਸਕਣ। ਇਸ ਮੌਕੇ ਹਰ ਸਾਲ ਦੀ ਤਰ੍ਹਾਂ 12,13,14 ਜੂਨ ਨੂੰ ਤਿੰਨ ਦਿਨ ਗਰਮੀ ਦੀਆਂ ਛੁੱਟੀਆਂ ਦਾ ਵੀ ਐਲਾਨ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਜਤਿੰਦਰ ਸਿੰਘ ਬੌਬੀ, ਦਲੀਪ ਸਿੰਘ ਖੁਰਾਣਾ, ਪਰਮਜੀਤ ਸਿੰਘ ਖੁਰਾਣਾ, ਪ੍ਰਿਤਪਾਲ ਸਿੰਘ ਡੰਗ, ਮਨਜਿੰਦਰ ਸਿੰਘ ਚਾਵਲਾ, ਇੰਦਰਜੀਤ ਸਿੰਘ ਮੱਕੜ, ਕੰਵਲਜੀਤ ਸਿੰਘ ਚੁੱਘ, ਤਰਨਦੀਪ ਸਿੰਘ ਅਰੋੜਾ, ਰਾਜ ਕੁਮਾਰ, ਅਰਵਿੰਦਰ ਸਿੰਘ ਲੱਕੀ, ਪ੍ਰਭਜੋਤ ਸਿੰਘ ਕਾਲੜਾ, ਟਿੰਕੂ ਮੱਕੜ, ਹਰਮੀਤ ਸਿੰਘ ਸੋਨੀ, ਗੁਰਪ੍ਰੀਤ ਸਿੰਘ ਚੁੱਗ, ਗੁਰਪ੍ਰੀਤ ਸਿੰਘ ਨੂਪੀ, ਮਨੋਜ ਕੁਮਾਰ, ਵਿੱਕੀ ਜੈਸਵਾਲ, ਰਜੇਸ਼ ਰਾਏ, ਸਰਬਜੀਤ ਸਿੰਘ ਰੂਬਲ, ਗੁਰਦੀਪ ਸਿੰਘ ਖੁਰਾਣਾ, ਪਰਮਵੀਰ ਸਿੰਘ ਰਿੰਕੂ ਵੀ ਹਾਜ਼ਰ ਸਨ।

# ਚੋਰੀ ਤੋਂ ਬਾਅਦ ਫੈਕਟਰੀ ਨੂੰ ਲਗਾਈ ਅੱਗ, ਮਾਲਕ ਵੱਲੋਂ ਇਨਸਾਫ਼ ਦੀ ਗੁਹਾਰ



ਸਾਹਨੇਵਾਲ/ਕੁਹਾੜਾ, 26 ਮਈ (ਕੁਲਦੀਪ ਸਿੰਘ ਕੁਹਾੜਾ) : ਥਾਣਾ ਸਾਹਨੇਵਾਲ ਅਧੀਨ ਪੈਂਦੇ ਪਿੰਡ ਜੁਗਿਆਣਾ ਵਿੱਚ ਇੱਕ ਫੈਕਟਰੀ ਮਾਲਕ ਨੇ ਚੋਰੀ ਅਤੇ ਅੱਗਜ਼ਨੀ ਦੇ ਗੰਭੀਰ ਦੋਸ਼ ਲਗਾਉਂਦੇ ਹੋਏ ਪ੍ਰਸ਼ਾਸਨ ਤੋਂ ਇਨਸਾਫ਼ ਦੀ ਮੰਗ ਕੀਤੀ ਹੈ। ਪੀੜਤ ਫੈਕਟਰੀ ਮਾਲਕ ਦੇ ਅਨੁਸਾਰ ਕਰੀਬ ਇੱਕ ਮਹੀਨਾ ਪਹਿਲਾਂ ਉਸ ਦੀ ਫੈਕਟਰੀ ਵਿੱਚ ਚੋਰੀ ਦੀ ਵਾਰਦਾਤ ਹੋਈ ਸੀ, ਜਿਸ ਸਬੰਧੀ ਥਾਣਾ ਸਾਹਨੇਵਾਲ ਵਿੱਚ ਸ਼ਿਕਾਇਤ ਵੀ ਦਰਜ ਕਰਵਾਈ ਗਈ ਸੀ।

ਫੈਕਟਰੀ ਮਾਲਕ ਨੇ ਦੋਸ਼ ਲਗਾਇਆ ਕਿ ਚੋਰੀ ਦੀ ਘਟਨਾ ਤੋਂ ਕੁਝ ਦਿਨਾਂ ਬਾਅਦ ਹੀ ਸ਼ਰਾਰਤੀ ਅਨਸਰਾਂ ਵੱਲੋਂ ਉਸ ਦੀ ਫੈਕਟਰੀ ਨੂੰ ਅੱਗ ਲਗਾ ਦਿੱਤੀ ਗਈ, ਜਿਸ ਕਾਰਨ ਫੈਕਟਰੀ ਅੰਦਰ ਲੱਗੀਆਂ ਮਸ਼ੀਨਾਂ ਅਤੇ ਹੋਰ ਸਾਮਾਨ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਿਆ। ਉਸ ਨੇ ਕਿਹਾ ਕਿ ਅੱਗ ਕਾਰਨ ਉਸਦਾ ਵੱਡਾ ਆਰਥਿਕ ਨੁਕਸਾਨ ਹੋਇਆ ਹੈ ਅਤੇ ਫੈਕਟਰੀ ਦੇ ਅੰਦਰ ਕੁਝ ਵੀ ਬਚਿਆ ਨਹੀਂ।

ਪੀੜਤ ਨੇ ਇਹ ਵੀ ਦੋਸ਼ ਲਗਾਇਆ ਕਿ ਫੈਕਟਰੀ ਦੇ ਸਾਹਮਣੇ ਬਣੇ ਇੱਕ ਵਿਹੜੇ ਦੇ ਮਾਲਕ ਜੱਗਾ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ ਪਹਿਲਾਂ ਚੋਰੀ ਅਤੇ ਬਾਅਦ ਵਿੱਚ ਅੱਗਜ਼ਨੀ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ। ਉਸ ਨੇ ਕਿਹਾ ਕਿ ਇਸ ਸਬੰਧੀ ਕਈ ਵਾਰ ਪੁਲਿਸ ਅਤੇ ਪ੍ਰਸ਼ਾਸਨ ਕੋਲ ਗੁਹਾਰ ਲਗਾਈ ਗਈ, ਪਰ ਅਜੇ ਤੱਕ ਕੋਈ ਸੁਣਵਾਈ ਨਹੀਂ ਹੋਈ।

ਫੈਕਟਰੀ ਮਾਲਕ ਨੇ ਮੀਡੀਆ ਰਾਹੀਂ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਆਉਣ ਵਾਲੇ ਦੋ ਦਿਨਾਂ ਵਿੱਚ ਉਸ ਨੂੰ ਇਨਸਾਫ਼ ਨਾ ਮਿਲਿਆ ਤਾਂ ਉਹ ਕੋਈ ਕਠੋਰ ਕਦਮ ਚੁੱਕਣ ਲਈ ਮਜਬੂਰ ਹੋ ਸਕਦਾ ਹੈ।

ਇਸ ਮਾਮਲੇ ਨੇ ਇਲਾਕੇ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਲੋਕਾਂ ਵੱਲੋਂ ਪ੍ਰਸ਼ਾਸਨ ਤੋਂ ਨਿਰਪੱਖ ਜਾਂਚ ਦੀ ਮੰਗ ਕੀਤੀ ਜਾ ਰਹੀ।

# ਟ੍ਰੈਫ਼ਿਕ ਪੁਲਿਸ ਚਲਾਨ ਬਦਲੇ ਕੁੱਝ ਨਾ ਕੁੱਝ ਲੈ ਦੇ ਕੇ ਸਰਕਾਰੀ ਖ਼ਜ਼ਾਨੇ ਨੂੰ ਲਗਾ ਰਹੀ ਹੈ ਚੂਨਾ : ਜਸਵੰਤ ਜੀਰਖ

ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਜਮਹੂਰੀ ਅਧਿਕਾਰ ਸਭਾ ਪੰਜਾਬ ਅਤੇ ਤਰਕਸ਼ੀਲ ਸੁਸਾਇਟੀ ਦੇ ਆਗੂ ਜਸਵੰਤ ਜ਼ੀਰਖ ਨੇ ਆਖਿਆ ਕਿ ਸੜਕਾਂ 'ਤੇ ਖੜ੍ਹੀ ਟਰੈਫਿਕ ਪੁਲਿਸ ਵਿੱਚੋਂ ਕਈਆਂ ਦੇ ਇਰਾਦੇ ਠੀਕ ਨਹੀਂ ਹਨ ਅਤੇ ਉਹ ਚਲਾਣ ਕੱਟਣ ਦੀ ਬਜਾਏ ਕੁਝ ਨਾ ਕੁਝ ਲੈ ਦੇ ਕੇ ਸਾਰ ਲੈਂਦੇ ਹਨ ਅਤੇ ਸਰਕਾਰ ਨੂੰ ਮੋਟਾ ਚੂਨਾ ਲਗਾ ਰਹੇ ਹਨ। ਉਹਨਾਂ ਦੱਸਿਆ ਕਿ ਉਹ ਬੀਤੇ ਦਿਨੀ ਦੁਪਹਿਰ 2 ਕੁ ਵਜੇ ਮੁੱਲਾਪੁਰ ਤੋਂ ਲੁਧਿਆਣਾ ਕਾਰ ਰਾਹੀਂ ਆ ਰਹੇ ਸਨ। ਸੜਕ 'ਤੇ ਬਣੇ ਪੁਲ ਉੱਪਰ ਚੜ੍ਹਦਿਆਂ ਥੋੜ੍ਹਾ ਅੱਗੇ ਟ੍ਰੈਫਿਕ ਪੁਲਿਸ ਨੇ ਨਾਕਾ ਲਾਇਆ ਹੋਇਆ ਸੀ। ਉੱਥੇ ਇੱਕ ਸਿਪਾਹੀ ਨੇ ਉਹਨਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਅਤੇ ਰੁੱਕ ਜਾਣ ਤੇ ਡਰਾਈਵਿੰਗ ਲਾਈਸੈਂਸ ਮੰਗਿਆ। ਕਾਰਨ ਪੁੱਛਣ 'ਤੇ ਉਸ ਨੇ ਆਖਿਆ ਕਿ ਤੁਹਾਡੀ ਗੱਡੀ ਓਵਰ ਸਪੀਡ ਆ ਰਹੀ ਸੀ। ਉਹਨਾਂ ਦੱਸਿਆ ਕਿ ਮੈਂ ਲਾਈਸੈਂਸ ਉਸਨੂੰ ਫੜਾਉਂਦਿਆਂ ਪੁੱਛਿਆ ਕਿ ਕਿੰਨੇ ਪੈਸਿਆਂ ਦਾ ਇਹ ਚਲਾਣ? ਉਸਨੇ 2000 ਰੁ ਕਹਿੰਦਿਆਂ ਕਿਹਾ ਕਿ ਤੁਹਾਡਾ ਲਾਈਸੈਂਸ ਤਿੰਨ ਮਹੀਨੇ ਬਾਅਦ ਮਿਲ ਜਾਏਗਾ। ਉਹ ਆਪਣੇ ਹੱਥ ਵਿੱਚ ਫੜੀ ਸਲਿੱਪ ਮਸ਼ੀਨ ਮੇਰੇ ਅੱਗੇ ਕਰਕੇ ਕਹਿਣ ਲੱਗਾ ਕਿ ਜੇ 2000/- ਰੁ ਹੁਣੇ ਦੇਵੋਂਗੇ ਤਾਂ ਡ੍ਰਾਇਵਿੰਗ ਸਾਈਸੈਂਸ ਹੁਣੇ ਲੈ ਜਾਣਾ। ਮੈਂ 2000/- ਰੁ ਆਪਣੇ ਪਰਸ ਵਿੱਚੋਂ ਕੱਢ ਉਸ ਨੂੰ ਫੜਾਉਂਦਿਆਂ ਕਿਹਾ ਕਿ ਲੈ ਕੱਟੋ ਚਲਾਣ । ਉਸਨੇ ਥੋੜ੍ਹਾ ਸੋਚਦਿਆਂ 500/- ਮੈਨੂੰ ਵਾਪਸ ਕਰਦਿਆਂ ਕਿਹਾ ਕਿ 5 ਮਿੰਟ ਬਾਅਦ ਤੁਹਾਨੂੰ ਮੋਬਾਇਲ ਰਾਹੀਂ ਰਸੀਦ ਮਿਲ ਜਾਵੇਗੀ। ਮੈਂ ਸਮਝ ਗਿਆ ਕਿ ਇਹ ਬਾਕੀ 1500 ਰੁ ਹੜੱਪਣਾ ਚਾਹੁੰਦਾ ਹੈ, ਜਿਸ ਬਦਲੇ ਚਲਾਣ ਨਹੀਂ ਕੱਟੇਗਾ। ਪ੍ਰੰਤੂ ਮੈਂ ਆਖਿਆ ਕਿ ਮੈਂ ਚਲਾਣ ਦੀ ਰਸੀਦ ਹੁਣੇ ਹੀ ਲੈ ਕੇ ਜਾਵਾਂਗਾ। ਉਸ ਨੇ ਸਕੈਨਿੰਗ ਮਸ਼ੀਨ ਬੰਦ ਹੋ ਜਾਣ ਦਾ ਬਹਾਨਾ ਲਾ ਕੇ ਕਿਹਾ ਤੁਸੀਂ 1000/- ਦੇ ਦੇਵੋ ਰਸੀਦ ਤੁਹਾਨੂੰ ਮੋਬਾਇਲ 'ਤੇ ਪਹੁੰਚ ਜਾਵੇਗੀ ।ਜਦੋਂ ਮੈਂ ਕਿਹਾ ਕਿ ਮੈਂ ਜਦੋਂ 2000/- ਨਗਦ ਦੇ ਰਿਹਾ ਹਾਂ ਤਾਂ ਰਸੀਦ ਦੇਣ ਵਿੱਚ ਕੀ ਦਿੱਕਤ ਹੈ ? ਤਾਂ ਉਹ ਆਪਣੀ ਮਸ਼ੀਨ ਉੱਪਰ ਕੁੱਝ ਭਰਕੇ ਮੈਨੂੰ ਕਹਿਣ ਲੱਗਾ ਕਿ ਸਕੈਨਰ ਰਾਹੀਂ ਪੇਮੈਂਟ ਕਰ ਦਿਓ, ਮੈ ਕਿਹਾ ਕਿ ਮੈਂ ਤਾਂ ਇਸ ਤਰ੍ਹਾਂ ਮੋਬਾਇਲ ਰਾਹੀਂ ਕਦੀ ਕੋਈ ਪੇਮੈਂਟ ਨਹੀਂ ਕੀਤੀ , ਤਾਂ ਉਸ ਕਿਹਾ ਕਿ ਇਹ ਤਾਂ ਇਸੇ ਤਰ੍ਹਾਂ ਕਰਨੀ ਪਏਗੀ। ਫਿਰ ਮੈਂ ਉਸਨੂੰ ਆਪਣਾ ਨਾਂ ਦੱਸਣ ਲਈ ਕਿਹਾ ਤਾਂ ਉਸਨੇ ਆਪਣਾ ਨਾਮ ਦੱਸ ਦਿੱਤਾ ਜੋ ਮੈਂ ਆਪਣੇ ਮੋਬਾਇਲ ਵਿੱਚ ਨੋਟ ਕਰਨ ਲੱਗਾ ਤਾਂ ਉਹ ਕਹਿਣ ਲੱਗਾ ਕਿ ਇਹ ਕਿਉਂ ਨੋਟ ਕਰ ਰਹੇ ਹੋ ? ਨਾਲ ਹੀ ਜੋ 1500/- ਲਏ ਸਨ ਉਹ ਵਾਪਸ ਕਰਕੇ ਕਹਿੰਦਾ ਕਿ ਆਹ ਲਓ , ਚਲਾਣ ਦੀ ਰਸੀਦ ਤੁਹਾਡੇ ਮੋਬਾਇਲ 'ਤੇ 15 ਮਿੰਟਾਂ ਵਿੱਚ ਪਹੁੰਚ ਜਾਵੇਗੀ । ਚਲਾਣ ਭਾਵੇਂ ਮੇਰੇ ਉੱਥੋਂ ਜਾਣ ਉਪਰੰਤ ਮੇਰੇ ਮੋਬਾਇਲ ਰਾਹੀਂ ਪਹੁੰਚ ਗਿਆ , ਪਰ ਇਸ ਰਾਹੀਂ ਟ੍ਰੈਫਿਕ ਪੁਲਸ ਦੀ ਭ੍ਰਿਸ਼ਟ ਕਾਰਗੁਜ਼ਾਰੀ ਦਾ ਢੰਗ ਸਾਹਮਣੇ ਆਇਆ ਹੈ ।

ਸੋ ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਟ੍ਰੈਫਿਕ ਪੁਲਿਸ ਦੇ ਕੁਝ ਅਧਿਕਾਰੀ ਕਿਵੇਂ 2000/- ਦੇ ਚਲਾਣ ਦਾ ਭੁਗਤਾਨ 1000/- ਵਿੱਚ ਨਿਪਟਾਕੇ ਆਪਣੀਆਂ ਜੇਬ੍ਹਾਂ ਭਰਕੇ ਸਰਕਾਰੀ ਖਜਾਨੇ ਨੂੰ ਚੂਨਾ ਲਗਾ ਰਹੇ ਹਨ। ਜੀਰਖ ਨੇ ਉੱਚ ਅਧਿਕਾਰੀਆਂ ਤੋਂ ਇਹਨਾਂ ਚੋਰ ਮੋਰੀਆਂ ਰਾਹੀ ਨਿੱਜੀ ਜੇਬ੍ਹਾਂ ਭਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਅਤੇ ਅਜਿਹੇ ਭ੍ਰਿਸ਼ਟ ਢੰਗ ਖਤਮ ਕਰਨ ਦੀ ਮੰਗ ਕੀਤੀ ਹੈ ।

# ਨਾਮ ਸਿਮਰਨ ਹੀ ਜੀਵਨ ਦਾ ਅਸਲ ਰਾਹ ਦਿਖਾ ਸਕਦੈ : ਐਡਵੋਕੇਟ ਲਾਇਲਪੁਰੀ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਂਕ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਜੱਪਤੱਪ ਚੌਪਹਿਰਾ ਸਮਾਗਮ ਬੜੀ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਅਯੋਜਿਤ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ । ਸਮਾਗਮ ਦੌਰਾਨ ਸੰਗਤਾਂ ਵੱਲੋਂ ਜਪੁਜੀ ਸਾਹਿਬ, ਚੌਪਈ ਸਾਹਿਬ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਬੜੀ ਭਾਵਨਾ ਨਾਲ ਕੀਤੇ ਗਏ। ਇਸਦੇ ਨਾਲ ਹੀ ਸਤਿਨਾਮ ਵਾਹਿਗੁਰੂ ਜੀ ਦੇ ਜਾਪ ਨਾਲ ਪੂਰਾ ਮਾਹੌਲ ਗੁਰਬਾਣੀ ਦੀ ਰਸਨਾ ਨਾਲ ਗੂੰਜਦਾ ਰਿਹਾ। ਉਪਰੰਤ ਸਮੂਹ ਸੰਗਤ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਗੁਰਬਾਣੀ ਦਾ ਜਾਪ, ਨਾਮ ਸਿਮਰਨ ਅਤੇ ਗੁਰੂ ਘਰ ਨਾਲ ਜੁੜਨਾ ਹੀ ਮਨੁੱਖਤਾ ਨੂੰ ਸਹੀ ਰਾਹ ਦਿਖਾ ਸਕਦਾ ਹੈ। ਉਨ੍ਹਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਗੁਰਮਤਿ ਨਾਲ ਜੋੜਿਆ ਜਾਵੇ ਤਾਂ ਜੋ ਉਹ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਸਕਣ । ਗੁਰੂ ਕੇ ਲੰਗਰ ਅਤੁੱਟ ਵਰਤੇ। ਦਵਿੰਦਰ ਕੌਰ ਸੋਹਲ, ਹਰਭਜਨ ਕੌਰ, ਹਰਮਿੰਦਰ ਕੌਰ, ਪਰਵਿੰਦਰ ਕੌਰ ਲਾਇਲਪੁਰੀ, ਜਸਮੇਲ ਕੌਰ ਖੇੜੀਕਲਾਂ, ਅਰਵਿੰਦਰ ਕੌਰ, ਰਵਨੀਤ ਕੌਰ ਖੇੜੀਕਲਾਂ, ਅਮਰਜੀਤ ਕੌਰ, ਬਲਜੀਤ ਕੌਰ, ਅਨੂਪ ਕੌਰ, ਰਣਜੀਤ ਕੌਰ, ਮਨਜੀਤ ਕੌਰ ਬੱਬਲ, ਕੁਲਵੰਤ ਕੌਰ ਡੰਗ, ਪਰਮਜੀਤ ਕੌਰ, ਜਸਵਿੰਦਰ ਕੌਰ, ਸੁਰਿੰਦਰ ਕੌਰ, ਨਰਿੰਦਰ ਕੌਰ, ਸੁਖਵਿੰਦਰ ਕੌਰ, ਗੁਰਿੰਦਰ ਕੌਰ, ਬਲਵਿੰਦਰ ਕੌਰ, ਬਲਜੀਤ ਕੌਰ, ਜਸਵੀਰ ਕੌਰ, ਹਰਦੀਪ ਕੌਰ, ਮਨਪ੍ਰੀਤ ਕੌਰ, ਰਜਿੰਦਰ ਕੌਰ, ਪਰਮਜੀਤ ਕੌਰ, ਲਵਦੀਪ ਕੌਰ, ਜੱਥੇਦਾਰ ਹੀਰਾ ਸਿੰਘ ਗਾਬੜੀਆ, ਤਰਲੋਚਨ ਸਿੰਘ ਬੱਬਰ, ਗੁਰਜੀਤ ਸਿੰਘ ਗਿੱਲ ਟੋਨੀ ਐਨਆਰਆਈ, ਮਨਪ੍ਰੀਤ ਸਿੰਘ ਪ੍ਰਿੰਸ, ਅਰਜਨ ਸਿੰਘ ਚੀਮਾ,ਇੰਦਰਜੀਤ ਸਿੰਘ ਮੱਕੜ, ਬਲਜੀਤ ਸਿੰਘ ਦੁਖੀਆ, ਤੇਜਿੰਦਰ ਸਿੰਘ ਡੰਗ, ਪਰਮਜੀਤ ਸਿੰਘ ਲਾਇਲਪੁਰੀ, ਸੁਰਿੰਦਰਜੀਤ ਸਿੰਘ ਮੱਕੜ, ਇੰਦਰਜੀਤ ਸਿੰਘ ਗੋਲਾ, ਮੋਹਨ ਸਿੰਘ ਚੌਹਾਨ, ਜੱਥੇਦਾਰ ਲਖਵਿੰਦਰ ਸਿੰਘ ਲੱਖਾ, ਅਵਤਾਰ ਸਿੰਘ ਪਨੇਸਰ, ਪ੍ਰੀਤਮ ਸਿੰਘ ਮਣਕੂ, ਭਾਈ ਸੁਖਦੇਵ ਸਿੰਘ, ਦਵਿੰਦਰ ਸਿੰਘ ਸਿੱਬਲ, ਗੁਰਮੀਤ ਸਿੰਘ, ਸੁਰਿੰਦਰ ਸਿੰਘ ਨਾਰੰਗ ਵੀ ਗੁਰੂ ਘਰ ਨਤਮਸਤਕ ਹੋਏ।

# ਹੀਟਵੇਵ ਚੱਲਦਿਆਂ ਸੇਵਾ ਕੇਂਦਰਾਂ ਦਾ ਸਮਾਂ ਬਦਲਿਆਂ



ਲੁਧਿਆਣਾ, 26 ਮਈ (ਵਿਸ਼ਾਲ ਸ਼ਰਮਾ): ਵਧੀਕ ਡਿਪਟੀ ਕਮਿਸ਼ਨਰ (ਜ) ਪੂਨਮ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹੀਟਵੇਵ ਦੇ ਚੱਲਦਿਆਂ ਹੁਣ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰ ਸਵੇਰੇ 7:30 ਤੋਂ ਦੁਪਹਿਰ 3:30 ਵਜੇ ਤੱਕ ਖੁੱਲ੍ਹੇ ਰਹਿਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਸਟੇਟ ਈ-ਗਵਰਨੈਂਸ ਸੋਸਾਇਟੀ ਅਤੇ ਪੰਜਾਬ ਸਰਕਾਰ ਵੱਲੋਂ ਵਧ ਰਹੀ ਗਰਮੀ ਅਤੇ ਹੀਟਵੇਵ ਦੀ ਸਥਿਤੀ ਦੇ ਮੱਦੇਨਜ਼ਰ ਲੋਕਾਂ ਦੀ ਸਹੂਲਤ ਲਈ ਰਾਜ ਭਰ ਦੇ ਸੇਵਾ ਕੇਂਦਰਾਂ ਦੇ ਕੰਮਕਾਜ ਦੇ ਸਮੇਂ ਵਿੱਚ ਬਦਲਾਅ ਲਿਆਂਦਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਸਾਰੇ ਸੇਵਾ ਕੇਂਦਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੇ ਰਹਿੰਦੇ ਸਨ, ਹੁਣ ਨਵਾਂ ਸਮਾਂ ਸਵੇਰੇ 7:30 ਤੋਂ ਦੁਪਹਿਰ 3:30 ਵਜੇ ਨਿਰਧਾਰਤ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਨਵਾਂ ਸਮਾਂ ਅੱਜ 25 ਮਈ ਤੋਂ ਸ਼ੁਰੂ ਹੋ ਕੇ ਅਗਲੇ ਹੁਕਮਾਂ ਤੱਕ ਜਾਰੀ ਰਹੇਗਾ। ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਬਦਲੇ ਹੋਏ ਸਮੇਂ ਦੀ ਜਾਣਕਾਰੀ ਆਮ ਲੋਕਾਂ ਤੱਕ ਡਿਸਪਲੇ ਬੋਰਡ ਅਤੇ ਹੋਰ ਸੰਚਾਰ ਮਾਧਿਅਮ ਰਾਹੀਂਪਹੁੰਚਾਉਣੀ ਯਕੀਨੀ ਬਣਾਈ ਜਾਵੇ ਤਾਂ ਜੋ ਨਾਗਰਿਕਾਂ ਨੂੰ ਸਰਕਾਰੀ ਸੇਵਾਵਾਂ ਪ੍ਰਾਪਤ ਕਰਨ ਲਈ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਹਲਕਾ ਦੱਖਣੀ ਵਿੱਚ ਕਾਂਗਰਸੀਆਂ ਨੇ ਸ਼ਹੀਦ ਸਰਾਭਾ ਸਿੰਘ ਨੂੰ ਕੀਤਾ ਯਾਦ

## ਨਹਿਰੂ ਦੀ ਬਰਸੀ 'ਤੇ ਵਿਚਾਰ ਗੋਸ਼ਟੀ ਅੱਜ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਹਲਕਾ ਦੱਖਣੀ ਵਿੱਚ ਸਿਮਰਨ ਪੈਲੇਸ ਲੁਹਾਰਾ ਪੁਲ 'ਤੇ ਕਾਂਗਰਸ ਪਾਰਟੀ ਦੇ (ਓ.ਬੀ.ਸੀ) ਵਿਭਾਗ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਦੀ ਮੀਟਿੰਗ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ) ਇੰਚਾਰਜ ਹਿਮਾਚਲ ਪ੍ਰਦੇਸ਼ ਸਾਬਕਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਨਰਲ ਸਕੱਤਰ ਪ੍ਰਦੇਸ਼ ਕਾਂਗਰਸ (ਓ.ਬੀ.ਸੀ) ਗੁਰਨਾਮ ਸਿੰਘ ਕਲੇਰ, ਜ਼ਿਲ੍ਹਾ ਕਾਂਗਰਸ (ਓ.ਬੀ.ਸੀ) ਦੇ ਪ੍ਰਧਾਨ ਵਰਿੰਦਰ ਭੱਲਾ, ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਮਾਸਟਰ ਹਰੀਦੇਵ ਬਾਵਾ, ਕੈਪਟਨ ਮਲਕੀਤ ਸਿੰਘ ਵਾਲੀਆ, ਅਮਿਤ ਕੁਮਾਰ, ਮਹਿਲਾ ਨੇਤਾ ਬੀਬੀ ਮਨਜੀਤ ਕੌਰ, ਡਾ. ਪਰਮਜੀਤ ਸਿੰਘ ਸਰੋਏ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਸਮੇਂ ਬਾਵਾ ਨੇ ਬੋਲਦਿਆਂ ਹੋਇਆਂ ਕਿਹਾ ਕਿ 'ਭਾਰਤ ਦੇ ਨਿਰਮਾਤਾ ਪੰਡਿਤ ਜਵਾਹਰ ਲਾਲ ਨਹਿਰੂ' ਵਿਸ਼ੇ 'ਤੇ ਉਹਨਾਂ ਦੀ 62ਵੀਂ ਬਰਸੀ 'ਤੇ 27 ਮਈ ਨੂੰ ਵਿਸ਼ੇਸ਼ ਵਿਚਾਰ ਗੋਸ਼ਟੀ ਹੋਵੇਗੀ। ਇਸ ਸਮੇਂ ਗੁਰਨਾਮ ਸਿੰਘ ਕਲੇਰ ਨੇ ਕਿਹਾ ਕਿ ਅੱਜ ਅਸੀਂ ਭਾਰਤ ਦੇ ਮਹਾਨ ਸਪੂਤ ਆਜ਼ਾਦੀ ਸੰਗਰਾਮ ਦੇ ਹੀਰੋ ਨੂੰ ਉਹਨਾਂ ਦੇ ਜਨਮ ਦਿਨ 'ਤੇ ਯਾਦ ਕਰਦੇ ਹੋਏ ਸ਼ਰਧਾ ਸਤਿਕਾਰ ਭੇਂਟ ਕਰਦੇ ਹਾਂ। ਇਸ ਸਮੇਂ ਮੈਨੇਜਰ ਰਾਮਪਾਲ, ਸੁਖਰਾਮ ਸਿੰਘ, ਪਰਮਜੀਤ ਸਿੰਘ, ਗੋਬਿੰਦ ਰਾਮ ਸ਼ਰਮਾ, ਪ੍ਰਧਾਨ ਅਮਿਤ ਕੁਮਾਰ, ਹਰਸ਼ ਕੁਮਾਰ, ਜਗਦੇਵ ਸਿੰਘ ਜੱਗਾ, ਰਾਕੇਸ਼ ਕੁਮਾਰ, ਮਿਥਲੇਸ਼ ਤਿਵਾੜੀ, ਕੇ.ਕੇ ਮਿਸ਼ਰਾ, ਪਰਮਜੀਤ ਸਿੰਘ ਨਾਰੂ, ਐਕਸ ਕਰਨਲ ਨਵੀਨ ਸ਼ਰਮਾ ਆਦਿ ਵੀ ਹਾਜ਼ਰ ਸਨ।

# ਸੰਗੀਤਕਾਰ ਕ੍ਰਿਸ਼ਨ ਖ਼ਾਨ ਨਮਿਤ ਸ਼ਰਧਾਂਜਲੀ ਸਮਾਗਮ 29 ਨੂੰ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਪੰਜਾਬੀ ਸੰਗੀਤ ਦੇ ਖ਼ੇਤਰ ਦੇ ਜਾਣੇ ਪਹਿਚਾਣੇ ਸੰਗੀਤਕਾਰ ਕ੍ਰਿਸ਼ਨ ਖਾਨ, ਜੋ ਕਿ ਪਿਛਲੇ ਦਿਨੀਂ ਸੰਖੇਪ ਬਿਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਏ ਸਨ, ਉਹਨਾਂ ਨਮਿਤ ਪਰਿਵਾਰ ਵੱਲੋਂ ਰਖਾਏ ਗਏ ਪਾਵਨ ਸ੍ਰੀ ਸਹਿਜ ਪਾਠ ਦੇ ਭੋਗ, ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਮਿਤੀ 29 ਮਈ, ਦਿਨ ਸ਼ੁਕਰਵਾਰ ਨੂੰ ਗੁਰਦੁਆਰਾ ਸ਼੍ਰੀ ਸਿੰਘ ਸਭਾ, ਸੀ ਆਰ ਪੀ ਕਲੋਨੀ, ਦੁੱਗਰੀ ਵਿਖੇ 12 ਵਜੇ ਤੋਂ 1:30 ਵਜੇ ਤੱਕ ਕਰਵਾਏ ਜਾਣਗੇ। ਇਹ ਜਾਣਕਾਰੀ ਉਹਨਾਂ ਦੇ ਸਪੁੱਤਰ ਗੁਲਾਮ ਅਲੀ ( ਮਹਾਜਨ ) ਨੇ ਦਿੱਤੀ। ਸਵ. ਕ੍ਰਿਸ਼ਨ ਆਪਣੇ ਪਿੱਛੇ ਆਪਣੀ ਧਰਮ ਪਤਨੀ ਰਾਜ ਬੇਗਮ ਤੇ ਦੋ ਬੇਟੇ ਗੁਲਾਮ ਅਲੀ ( ਮਹਾਜਨ ) ਤੇ ਅਲੀ ਅਖ਼ਤਰ ( ਸ਼ੌਕੀ ) ਨੂੰ ਛੱਡ ਗਏ ਹਨ। ਜ਼ਿਕਰਯੋਗ ਹੈ ਕਿ ਸਵ. ਕ੍ਰਿਸ਼ਨ ਖਾਨ ਪੰਜਾਬ ਦੇ ਉੱਘੇ ਲੋਕ ਗਾਇਕ ਸਵ ਦਿਲਸ਼ਾਦ ਅਖ਼ਤਰ ਦੇ ਚਾਚਾ ਅਤੇ ਗੁਰਲੇਜ਼ ਅਖ਼ਤਰ, ਜੈਸਮੀਨ ਅਖ਼ਤਰ ਤੇ ਸਹਿਨਾਜ਼ ਅਖ਼ਤਰ ਦੇ ਤਾਇਆ ਸਨ। ਸਵ. ਕ੍ਰਿਸ਼ਨ ਖਾਨ ਦੇ ਸਦੀਵੀਂ ਵਿਛੋੜੇ @ਤੇ ਲੋਕ ਗਾਇਕ ਹਾਕਮ ਬਖਤੜੀ ਵਾਲਾ, ਜਸਵੰਤ ਸੰਦੀਲਾ, ਪਾਲੀ ਦੇਤਵਾਲੀਆ, ਕੇਵਲ ਜਲਾਲ, ਪ੍ਰਗਟ ਖਾਨ, ਜਗਦੇਵ ਖਾਨ, ਤਨਵੀਰ ਜਲਾਲ, ਸਾਲਮ ਖਾਨ, ਮੁਖਵਿੰਦਰ ਖਾਨ, ਜੈ ਦੀਪ, ਜਸਵੀਰ ਕੌਰ ਜੱਸੀ, ਰਣਧੀਰ ਚਮਕਾਰਾ, ਸਾਹਿਲ ਅਖ਼ਤਰ, ਅਰਜਨ ਲਾਡਲਾ ਚਮਕੌਰ ਭੱਟੀ ਸੁਖਦੀਪ ਬੱਗਾ, ਆਦਿ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਖਾਨ ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕੀਤੀ ਹੈ।

# ਚੇਅਰਮੈਨ ਗਿੱਲ ਵੱਲੋਂ 'ਮੇਰੀ ਰਸੋਈ' ਸਕੀਮ ਤਹਿਤ ਰਾਸ਼ਨ ਕਿੱਟਾਂ ਵੰਡੀਆਂ



ਲੁਧਿਆਣਾ, 26 ਮਈ (ਵਿਸ਼ਾਲ ਸ਼ਰਮਾ) : ਆਮ ਆਦਮੀ ਪਾਰਟੀ ਵੱਲੋਂ 'ਮੇਰੀ ਰਸੋਈ ਸਕੀਮ' ਤਹਿਤ ਅੱਜ ਪਿੰਡ ਲਾਦੀਆਂ ਖੁਰਦ ਦੀ ਕੋਆਪਰੇਟਿਵ ਸੁਸਾਇਟੀ ਵਿੱਚ ਆਮ ਲੋਕਾਂ ਦੀ ਸਹੂਲਤ ਲਈ ਵਿਸ਼ੇਸ਼ ਰਾਸ਼ਨ ਕਿੱਟਾਂ ਚੇਅਰਮੈਨ ਮਾਰਕੀਟ ਕਮੇਟੀ ਲੁਧਿਆਣਾ ਗੁਰਜੀਤ ਸਿੰਘ ਗਿੱਲ ਵੱਲੋਂ ਵੰਡੀਆਂ ਗਈਆਂ ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਗੁਰਜੀਤ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਪਹਿਲ ਲੋਕਾਂ ਵਿੱਚ ਖੁਸ਼ੀ ਅਤੇ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰ ਰਹੀ ਹੈ। ਲੋਕ ਭਲਾਈ ਲਈ ਸਮਰਪਿਤ ਇਸ ਯੋਜਨਾ ਵਾਸਤੇ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਦਿਲੋਂ ਧੰਨਵਾਦ ਕਰਦਾ ਹਾਂ। ਉਹਨਾਂ ਕਿਹਾ ਕਿ ਇਸ ਸਕੀਮ ਤਹਿਤ ਗਰੀਬ ਪਰਿਵਾਰਾਂ ਨੂੰ ਕਣਕ ਦੇ ਨਾਲ ਨਾਲ ਦਾਲਾਂ ( ਮਾਹ / ਛੋਲਿਆਂ ਦੀ) ਖੰਡ, ਸਰੋਂ ਦਾ ਤੇਲ, ਹਲਦੀ ਅਤੇ ਲੂਣ ਦੀਆਂ ਕਿੱਟਾਂ ਦਿੱਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਹਰ ਵਰਗ ਦਾ ਖਿਆਲ ਰੱਖ ਰਹੀ ਹੈ। ਚਾਹੇ ਉਹ ਪੰਜਾਬੀ ਹੋਵੇ ਚਾਹੇ ਉਹ ਪ੍ਰਵਾਸੀ ਹੋਵੇ ਆਮ ਆਦਮੀ ਪਾਰਟੀ ਹਰ ਪੰਜਾਬ ਦੇ ਵਸਨੀਕ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੀ ਹੈ, ਤਾਂ ਜੋ ਪੰਜਾਬ ਖੁਸ਼ਹਾਲ ਪੰਜਾਬ ਬਣ ਸਕੇ।

# ਰਿਕਾਰਡ ਤੇਲ ਮੁਨਾਫ਼ਿਆਂ ਦੇ ਬਾਵਜੂਦ ਲਗਾਤਾਰ ਤੇਲ ਮਹਿੰਗਾ ਕਰਨ ਦੀ ਪਵਨ ਦੀਵਾਨ ਸਮੇਤ ਸਮੁੱਚੀ ਕਾਂਗਰਸ ਵੱਲੋਂ ਨਿੰਦਾ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ/ਵਿਸ਼ਾਲ ਸ਼ਰਮਾ) : ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਰ-ਵਾਰ ਕੀਤੇ ਜਾ ਰਹੇ ਵਾਧੇ ਨੂੰ ਲੈ ਕੇ ਮੋਦੀ ਸਰਕਾਰ ਨੂੰ ਘੇਰਦਿਆਂ, ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਕਿਹਾ ਹੈ ਕਿ ਸਿਰਫ਼ 10 ਦਿਨਾਂ ਦੇ ਅੰਦਰ ਲਗਾਤਾਰ ਚਾਰ ਵਾਧਿਆਂ ਰਾਹੀਂ ਪ੍ਰਤੀ ਲੀਟਰ ਲਗਭਗ 7.5 ਰੁਪਏ ਦੇ ਕੁੱਲ ਵਾਧੇ ਨੇ ਦੇਸ਼ ਭਰ ਦੇ ਲੋਕਾਂ ਨੂੰ ਹੈਰਾਨ ਅਤੇ ਪਰੇਸ਼ਾਨ ਕਰ ਦਿੱਤਾ ਹੈ। ਇਸ ਕਾਰਨ ਪਰਿਵਾਰਾਂ ਲਈ ਆਪਣੇ ਘਰੇਲੂ ਖਰਚੇ ਚਲਾਉਣਾ ਹੋਰ ਵੀ ਮੁਸ਼ਕਲ ਹੋ ਗਿਆ ਹੈ।ਇੱਥੇ ਜਾਰੀ ਇੱਕ ਤਿੱਖੇ ਬਿਆਨ ਵਿੱਚ, ਦੀਵਾਨ ਨੇ ਇਸਨੂੰ ਵੱਡਾ ਦੁੱਖ ਕਰਾਰ ਦਿੱਤਾ ਹੈ ਕਿ ਜਦੋਂ ਸਰਕਾਰੀ ਤੇਲ ਮਾਰਕੀਟਿੰਗ ਕੰਪਨੀਆਂ (ਓਐਮਸੀਜ਼) ਭਾਰੀ ਮੁਨਾਫ਼ੇ ਕਮਾ ਰਹੀਆਂ ਹਨ, ਉਸੇ ਸਮੇਂ ਤੇਲ ਦੀਆਂ ਕੀਮਤਾਂ ਛੋਟੇ-ਛੋਟੇ ਅੰਤਰਾਲਾਂ ਵਿੱਚ ਲਗਾਤਾਰ ਵਧਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਖੁਲਾਸਾ ਕੀਤਾ ਕਿ ਵਿੱਤੀ ਸਾਲ 2025-26 ਦੌਰਾਨ ਓਐਮਸੀਜ਼ ਨੇ ਕੁੱਲ 77,280.65 ਕਰੋੜ ਰੁਪਏ ਦਾ ਸ਼ਾਨਦਾਰ ਮੁਨਾਫ਼ਾ ਦਰਜ ਕੀਤਾ, ਜਿਹੜੇ ਪਿਛਲੇ ਸਾਲ ਦੇ ਮੁਕਾਬਲੇ ਲਗਭਗ 130 ਫੀਸਦੀ ਵੱਧ ਹੈ। ਇਸਦੇ ਬਾਵਜੂਦ ਖਪਤਕਾਰਾਂ ਉੱਤੇ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਰ-ਵਾਰ ਕੀਤੀਆਂ ਵਾਧੇ ਦਾ ਬੋਝ ਪਾਇਆ ਜਾ ਰਿਹਾ ਹੈ। ਦੀਵਾਨ ਨੇ ਕਿਹਾ ਕਿ ਐਨੇ ਵੱਡੇ ਮੁਨਾਫ਼ਿਆਂ ਦੇ ਮੱਦੇਨਜ਼ਰ ਸਰਕਾਰ ਦੀ ਕੀਮਤ ਨਿਰਧਾਰਨ ਨੀਤੀ ਦਾ ਬਚਾਅ ਕਰਨਾ ਅਸੰਭਵ ਹੋ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਹਰ ਕੁਝ ਦਿਨਾਂ ਬਾਅਦ ਕੀਤੇ ਜਾ ਰਹੇ ਗੈਰ-ਵਾਜਬ ਵਾਧਿਆਂ ਨਾਲ ਆਮ ਪਰਿਵਾਰਾਂ ਅਤੇ ਛੋਟੇ ਕਾਰੋਬਾਰਾਂ ਉੱਤੇ ਆਰਥਿਕ ਬੋਝ ਲਗਾਤਾਰ ਵਧ ਰਿਹਾ ਹੈ।ਉਨ੍ਹਾਂ ਨੇ ਮੋਦੀ ਸਰਕਾਰ ਉੱਤੇ ਲੋਕ ਭਲਾਈ ਨਾਲੋਂ ਕਾਰਪੋਰੇਟ ਮੁਨਾਫ਼ਿਆਂ ਨੂੰ ਤਰਜੀਹ ਦੇਣ ਦਾ ਦੋਸ਼ ਲਗਾਉਂਦਿਆਂ, ਕਿਹਾ ਕਿ ਇਹ ਬਹੁਤ ਹੀ ਹੈਰਾਨੀਜਨਕ ਹੈ ਕਿ ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਘਟਣ ਦੇ ਬਾਵਜੂਦ ਦੇਸ਼ ਵਿੱਚ ਈਂਧਨ ਦੀਆਂ ਕੀਮਤਾਂ ਵਧ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਜਦੋਂ ਕੱਚੇ ਤੇਲ ਦੀ ਕੀਮਤ ਘਟਦੀ ਹੈ, ਤਾਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵੀ ਘਟਣੀਆਂ ਚਾਹੀਦੀਆਂ ਹਨ, ਪਰ ਇਸ ਸਰਕਾਰ ਹੇਠ ਤਸਵੀਰ ਬਿਲਕੁਲ ਵੱਖਰੀ ਹੈ। ਦੀਵਾਨ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਦੀ ਛਿਪੀ ਹੋਈ ਕੀਮਤ ਨਿਰਧਾਰਨ ਪ੍ਰਣਾਲੀ ਤੇਲ ਕੰਪਨੀਆਂ ਦੇ ਹਿੱਤਾਂ ਦੀ ਰੱਖਿਆ ਕਰਨ ਦਾ ਸਾਧਨ ਬਣ ਗਈ ਹੈ, ਜਦਕਿ ਆਮ ਲੋਕਾਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ।ਪਾਰਦਰਸ਼ੀ ਕੀਮਤ ਨਿਰਧਾਰਨ ਅਤੇ ਜਵਾਬਦੇਹੀ ਦੀ ਮੰਗ ਕਰਦਿਆਂ,।ਦੀਵਾਨ ਨੇ ਸਰਕਾਰ ਤੋਂ ਤੁਰੰਤ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਘਟਾਉਣ ਦੀ ਮੰਗ ਕੀਤੀ ਹੈ, ਤਾਂ ਜੋ ਘਰੇਲੂ ਪਰਿਵਾਰਾਂ, ਰੋਜ਼ਾਨਾ ਯਾਤਰੀਆਂ ਅਤੇ ਛੋਟੇ ਕਾਰੋਬਾਰਾਂ ਨੂੰ ਰਾਹਤ ਮਿਲ ਸਕੇ। ਉਨ੍ਹਾਂ ਨੇ ਕਿਹਾ ਕਿ ਰਾਹਤ ਵਿੱਚ ਹੋਰ ਦੇਰੀ ਨਹੀਂ ਹੋਣੀ ਚਾਹੀਦੀ। ਲੋਕ ਇਨਸਾਫ਼ ਦੇ ਹੱਕਦਾਰ ਹਨ, ਸ਼ੋਸ਼ਣ ਦੇ ਨਹੀਂ।

# ਬ੍ਰਿਗੇਡੀਅਰ ਪੀ.ਐਸ. ਚੀਮਾ ਨੇ ਸਾਲਾਨਾ ਐਡਮਿਸ਼ਨ ਨਿਰੀਖਣ ਲਈ ਕੀਤਾ ਦੌਰਾ



ਲੁਧਿਆਣਾ, 26 ਮਈ (ਵਿਸ਼ਾਲ ਸ਼ਰਮਾ) : ਬ੍ਰਿਗੇਡੀਅਰ ਪੀਐਸ ਚੀਮਾ ਐਸਐਮ, ਵੀਐਸਐਮ ਨੇ ਸਾਲ 2025-26 ਲਈ ਆਪਣੇ ਸਾਲਾਨਾ ਐਡਮਿਸ਼ਨ ਨਿਰੀਖਣ ਲਈ 3 ਪੰਜਾਬ ਬਟਾਲੀਅਨ ਐਨਸੀਸੀ ਦਾ ਦੌਰਾ ਕੀਤਾ, ਜੋ ਕਿ ਯੂਨਿਟ ਲਈ ਇੱਕ ਮਹੱਤਵਪੂਰਨ ਮੌਕਾ ਸੀ ਅਤੇ ਅਧਿਕਾਰੀਆਂ, ਸਟਾਫ ਅਤੇ ਐਨਸੀਸੀ ਕੈਡਿਟਾਂ ਨਾਲ ਅਰਥਪੂਰਨ ਗੱਲਬਾਤ ਦਾ ਮੌਕਾ ਪ੍ਰਦਾਨ ਕਰਦਾ ਸੀ। ਪਹੁੰਚਣ 'ਤੇ ਬ੍ਰਿਗੇਡੀਅਰ ਚੀਮਾ ਦਾ ਕਮਾਂਡਿੰਗ ਅਫਸਰ ਕਰਨਲ ਅਜੇ ਕੋਹਲੀ, ਪ੍ਰਸ਼ਾਸਨਿਕ ਅਫਸਰ ਕਰਨਲ ਜੇਪੀ ਸ਼ਰਮਾ ਅਤੇ ਸਬ ਮੇਜਰ ਕਰਨੈਲ ਸਿੰਘ ਨੇ ਨਿੱਘਾ ਸਵਾਗਤ ਕੀਤਾ।ਨਿਰੀਖਣ ਦੌਰਾਨ, ਬ੍ਰਿਗੇਡੀਅਰ ਚੀਮਾ ਨੇ ਬਟਾਲੀਅਨ ਦੀਆਂ ਗਤੀਵਿਧੀਆਂ ਅਤੇ ਕੰਮਕਾਜ ਦਾ ਜਾਇਜ਼ਾ ਲਿਆ ਅਤੇ ਐਸੋਸੀਏਟ ਐਨਸੀਸੀ ਅਫਸਰਾਂ (ਏਐਨਓ), ਦਫਤਰੀ ਸਟਾਫ ਅਤੇ ਕੈਡਿਟਾਂ ਨਾਲ ਵਿਆਪਕ ਤੌਰ 'ਤੇ ਗੱਲਬਾਤ ਕੀਤੀ। ਉਨ੍ਹਾਂ ਨੇ ਉਨ੍ਹਾਂ ਦੇ ਅਨੁਸ਼ਾਸਨ, ਉਤਸ਼ਾਹ ਅਤੇ ਰਾਸ਼ਟਰੀ ਸੇਵਾ ਪ੍ਰਤੀ ਵਚਨਬੱਧਤਾ ਦੀ ਸ਼ਲਾਘਾ ਕੀਤੀ, ਜਦੋਂ ਕਿ ਉਨ੍ਹਾਂ ਨੂੰ ਲੀਡਰਸ਼ਿਪ ਅਤੇ ਚਰਿੱਤਰ ਨਿਰਮਾਣ ਵਿੱਚ ਉੱਤਮਤਾ ਪ੍ਰਾਪਤ ਕਰਦੇ ਰਹਿਣ ਲਈ ਉਤਸ਼ਾਹਿਤ ਕੀਤਾ। ਆਪਣੇ ਸੰਬੋਧਨ ਵਿੱਚ, ਬ੍ਰਿਗੇਡੀਅਰ ਚੀਮਾ ਨੇ ਰਾਸ਼ਟਰੀ ਸਿੱਖਿਆ ਨੀਤੀ (NEP) 'ਤੇ ਵਿਸ਼ੇਸ਼ ਜ਼ੋਰ ਦਿੱਤਾ, ਜਿਸ ਵਿੱਚ ਹੁਨਰ ਵਿਕਾਸ, ਨਵੀਨਤਾ ਅਤੇ ਕਦਰਾਂ-ਕੀਮਤਾਂ ਨਾਲ ਸੰਪੂਰਨ ਸਿੱਖਿਆ ਨੂੰ ਜੋੜਨ ਦੇ ਇਸਦੇ ਦ੍ਰਿਸ਼ਟੀਕੋਣ ਨੂੰ ਉਜਾਗਰ ਕੀਤਾ ਗਿਆ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਵੇਂ NCC, ਅਨੁਸ਼ਾਸਨ, ਲੀਡਰਸ਼ਿਪ ਅਤੇ ਭਾਈਚਾਰਕ ਸੇਵਾ 'ਤੇ ਆਪਣੇ ਧਿਆਨ ਦੇ ਨਾਲ, ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਜ਼ਿੰਮੇਵਾਰ ਨਾਗਰਿਕਾਂ ਦੇ ਪਾਲਣ-ਪੋਸ਼ਣ ਦੇ NEP ਦੇ ਉਦੇਸ਼ਾਂ ਨੂੰ ਸਾਕਾਰ ਕਰਨ ਵਿੱਚ ਇੱਕ ਕੁਦਰਤੀ ਭਾਈਵਾਲ ਹੈ। ਬ੍ਰਿਗੇਡੀਅਰ ਚੀਮਾ ਨੇ NCC ਦੇ ਮਿਸ਼ਨ ਨੂੰ ਵਿਜ਼ਨ 2047 ਨਾਲ ਵੀ ਜੋੜਿਆ, ਜੋ ਕਿ ਆਜ਼ਾਦੀ ਦੀ ਸ਼ਤਾਬਦੀ ਤੱਕ ਇੱਕ ਵਿਕਸਤ ਰਾਸ਼ਟਰ ਬਣਨ ਵੱਲ ਭਾਰਤ ਦਾ ਰੋਡਮੈਪ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ NCC ਕੈਡੇਟ, ਆਪਣੀ ਸਿਖਲਾਈ ਅਤੇ ਸੇਵਾ ਦੇ ਲੋਕਾਚਾਰ ਦੁਆਰਾ, ਯੁਵਾ ਸ਼ਕਤੀ ਦੀ ਨੁਮਾਇੰਦਗੀ ਕਰਦੇ ਹਨ ਜੋ ਰੱਖਿਆ ਤਿਆਰੀ, ਸਮਾਜਿਕ ਜ਼ਿੰਮੇਵਾਰੀ ਅਤੇ ਰਾਸ਼ਟਰ ਨਿਰਮਾਣ ਵਿੱਚ ਭਾਰਤ ਦੀ ਤਰੱਕੀ ਨੂੰ ਅੱਗੇ ਵਧਾਏਗੀ। ਉਨ੍ਹਾਂ ਟਿੱਪਣੀ ਕੀਤੀ ਕਿ NCC ਸਿਰਫ਼ ਇੱਕ ਵਰਦੀਧਾਰੀ ਯੁਵਾ ਸੰਗਠਨ ਨਹੀਂ ਹੈ, ਸਗੋਂ ਇੱਕ ਪਰਿਵਰਤਨਸ਼ੀਲ ਪਲੇਟਫਾਰਮ ਹੈ, ਜੋ NEP ਦੇ ਵਿਦਿਅਕ ਸੁਧਾਰਾਂ ਅਤੇ ਵਿਜ਼ਨ 2047 ਦੀਆਂ ਇੱਛਾਵਾਂ ਨਾਲ ਮੇਲ ਖਾਂਦਾ ਹੈ। ਅਨੁਸ਼ਾਸਨ, ਲਚਕੀਲੇਪਣ ਅਤੇ ਨਾਗਰਿਕ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਕੇ, NCC ਕੈਡੇਟ ਭਾਰਤ ਦੇ ਭਵਿੱਖ ਦੇ ਮਸ਼ਾਲਦਾਰ ਬਣਨ ਦੀ ਤਿਆਰੀ ਕਰ ਰਹੇ ਹਨ।

# ਕੁੱਤਿਆਂ ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਸ਼ਲਾਘਾਯੋਗ : ਦਿਓਲ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਪੰਜਾਬੀ ਟੈਲੀ ਫਿਲਮਾਂ ਦੇ ਨਿਰਦੇਸ਼ਕ, ਨਾਮਵਰ ਗੀਤਕਾਰ ਅਤੇ ਉੱਘੇ ਸਮਾਜ ਸੇਵਕ ਮਲਕੀਤ ਸਿੰਘ ਦਿਓਲ ਨੇ ਪਿਛਲੇ ਦਿਨੀਂ ਸੁਪਰੀਮ ਕੋਰਟ ਵੱਲੋਂ ਅਵਾਰਾ ਕੁੱਤਿਆਂ ਸਬੰਧੀ ਲਏ ਗਏ ਫੈਸਲੇ 'ਤੇ ਆਪਣਾ ਪ੍ਰਤੀਕਰਮ ਦਿੰਦਿਆਂ ਆਖਿਆ ਹੈ ਕਿ ਰੋਜਾਨਾ ਸਾਨੂੰ ਕੁੱਤਿਆਂ ਬਾਰੇ ਖਬਰਾਂ ਪੜਨ ਸੁਣਨ ਨੂੰ ਮਿਲਦੀਆਂ ਹਨ ਕਿ ਕਿਵੇਂ ਇਹ ਸਕੂਲ ਜਾਂਦੇ ਬੱਚਿਆ ਨੂੰ ਅਤੇ ਸੈਰ ਕਰਦੇ ਬਜ਼ੁਰਗਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ। ਗਲੀਆਂ ਮਹੱਲਿਆਂ ਵਿੱਚ ਪੂਰੀ ਰਾਤ ਭੌਂਕ ਕੇ ਮਰੀਜ਼ਾਂ ਨੂੰ ਬੇ ਅਰਾਮ ਕਰਦੇ ਹਨ। ਗਲੀਆਂ ਚ ਗੰਦ ਪਾਉਂਦੇ ਹਨ। ਕਈ ਵਾਰ ਇਨ੍ਹਾਂ ਕਰਕੇ ਲੋਕਾਂ ਦੀਆਂ ਆਪਸ ਵਿੱਚ ਦੁਸ਼ਮਣੀਆਂ ਪੈ ਜਾਂਦੀਆਂ ਹਨ ਅਤੇ ਇੱਥੋਂ ਤੱਕ ਕਿ ਕਈ ਵਾਰ ਤਾਂ ਕਤਲ ਵੀ ਹੋ ਜਾਂਦੇ ਹਨ। ਦਿਓਲ ਨੇ ਕਿਹਾ ਕਿ ਕਈ ਅਜਿਹੀਆਂ ਬਿਮਾਰੀਆਂ ਹਨ ਜਿਹੜੀਆਂ ਕਿ ਇਨਸਾਨ ਨੂੰ ਕੁੱਤਿਆਂ ਤੋਂ ਹੀ ਲੱਗਦੀਆਂ ਹਨ। ਸ ਦਿਓਲ ਨੇ ਕੁੱਤਾ ਪ੍ਰੇਮੀਆਂ ਨੂੰ ਬੇਨਤੀ ਕੀਤੀ ਹੈ ਕਿ ਜੇਕਰ ਕੁੱਤਾ ਰੱਖਣਾ ਹੀ ਹੈ ਆਪਣੇ ਘਰ ਅੰਦਰ ਰੱਖੋ, ਉਸਦੀ ਜਿੰਮੇਵਾਰੀ ਨਾਲ ਸੰਭਾਲ ਕਰੋ। ਪ੍ਰੰਤੂ ਸਭ ਤੋਂ ਪਹਿਲਾਂ ਇਨਸਾਨੀਅਤ ਨਾਲ ਪਿਆਰ ਕਰੋ। ਉਹਨਾਂ ਆਖਿਆ ਕਿ ਜਿਨ੍ਹਾਂ ਦੇ ਬੱਚਿਆਂ ਬਜ਼ੁਰਗਾਂ ਮਾਤਾਵਾਂ ਆਦਿ ਨੂੰ ਅਵਾਰਾ ਕੁੱਤਿਆਂ ਨੇ ਨੋਚ ਕੇ ਖਾਧਾ ਹੈ ਅਤੇ ਮੌਤ ਦੇ ਘਾਟ ਉਤਾਰ ਦਿੱਤਾ ਹੈ ਉਹਨਾਂ ਨੂੰ ਪੁੱਛੋ ਕਿ ਉਹਨਾਂ ਦੇ ਦਿਲ ਤੇ ਕੀ ਬੀਤ ਰਹੀ ਹੈ।

# ਚੌਥੀ ਨੈਸ਼ਨਲ ਐਕਿਊਪੰਕਚਰ ਸਾਇੰਸ ਕਾਂਗਰਸ 'ਚ ਡਾ. ਇੰਦਰਜੀਤ ਸਿੰਘ 'ਮੈਸੂਰ ਪੇਟਾ' ਨਾਲ ਸਨਮਾਨਿਤ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਚੌਥੀ ਨੈਸ਼ਨਲ ਆਕੂਪੰਚਰ ਸਾਇੰਸ ਕਾਂਗਰਸ 2026 ਬੰਗਲੌਰ ਦੇ ਡਾ ਅੰਬੇਦਕਰ ਭਵਨ ਵਿੱਚ ਸਫਲਤਾਪੂਰਵਕ ਸਮਾਪਤ ਹੋਈ। ਫਾਸਟ ਬੋਰਡ ਅਤੇ ਕਗ ਓਰੀਐਂਟ ਅਕੈਡਮੀ ਵੱਲੋਂ ਕਰਵਾਈ ਕਾਂਗਰਸ 'ਚ ਭਾਰਤ, ਚੀਨ, ਰੂਸ ਅਤੇ ਸ੍ਰੀਲੰਕਾ ਤੋਂ 400 ਤੋਂ ਵੱਧ ਡੈਲੀਗੇਟ ਸ਼ਾਮਲ ਹੋਏ।ਕਾਂਗਰਸ ਦਾ ਮੁੱਖ ਆਕਰਸ਼ਣ ਰਿਹਾ ਲੁਧਿਆਣਾ ਦੇ ਡਾ. ਡੀ.ਐਨ. ਕੋਟਨੀਸ ਐਕਿਊਪੰਕਚਰ ਹਸਪਤਾਲ ਦੇ ਡਾਇਰੈਕਟਰ ਪ੍ਰੋ. ਡਾ. ਇੰਦਰਜੀਤ ਸਿੰਘ ਦਾ ਸਨਮਾਨ । ਐਕਿਊਪੰਕਚਰ-ਮੌਕਸੀਬਸਟਨ 'ਚ 50 ਸਾਲ ਪੂਰੇ ਕਰਨ ਵਾਲੇ ਡਾ. ਇੰਦਰਜੀਤ ਅਤੇ ਮਹਾਰਾਸ਼ਟਰ ਐਕਿਊਪੰਕਚਰ ਕੌਂਸਲ ਦੇ ਡਾ. ਰੂਮੀ ਐਫ. ਬੇਰਾਮਜੀ ਨੂੰ ਕਰਨਾਟਕ ਦੀ ਪਰੰਪਰਾਗਤ 'ਮੈਸੂਰ ਪੇਟਾ' ਨਾਲ ਸਨਮਾਨਿਤ ਕੀਤਾ ਗਿਆ।ਡਾ. ਇੰਦਰਜੀਤ ਸਿੰਘ ਦਾ ਮੁੱਖ ਜ਼ੋਰ ਐਕਿਊਪੰਕਚਰ ਨੂੰ ਆਯੂਸ਼ ਅਧੀਨ ਸੁਤੰਤਰ ਚਿਕਿਤਸਾ ਪ੍ਰਣਾਲੀ ਵਜੋਂ ਮਾਨਤਾ ਦਿਵਾਉਣ 'ਤੇ ਰਿਹਾ।

ਕਾਂਗਰਸ 'ਚ ਡਾ. ਇੰਦਰਜੀਤ ਸਿੰਘ, ਡਾ. ਸੰਦੀਪ ਚੋਪੜਾ, ਡਾ. ਉਮਰ, ਡਾ. ਸਾਮੁੱਲਾਹ, ਡਾ. ਬਹਿਰਾਮ ਅਤੇ ਡਾ. ਨੀਲੇਸ਼ ਨੇ ਹਿੱਸਾ ਲਿਆ। ਡਾ. ਇੰਦਰਜੀਤ ਸਿੰਘ ਨੇ ਐਲਰਜਿਕ ਰਾਈਨਾਈਟਿਸ ਅਤੇ ਪੋਸਟ-ਕੋਵਿਡ ਸਮੱਸਿਆਵਾਂ 'ਤੇ ਤਜਰਬੇ ਸਾਂਝੇ ਕੀਤੇ। ਡਾ. ਨੀਲੇਸ਼ ਪਟੇਲ ਨੇ ਮੋਟਾਪਾ ਪ੍ਰਬੰਧਨ 'ਤੇ ਪੇਸ਼ਕਾਰੀ ਦਿੱਤੀ।

ਕਰਨਾਟਕ ਆਯੁਰਵੇਦ ਬੋਰਡ ਦੇ ਰਜਿਸਟਰਾਰ ਡਾ. ਸੀ. ਹਰੀਸ਼ ਬਾਬੂ ਅਤੇ ਸਾਬਕਾ ਸੰਸਦ ਮੈਂਬਰ ਸ਼੍ਰੀ ਆਈ.ਜੀ. ਸਨਾਦੀ ਨੇ ਵੀ ਸੰਬੋਧਨ ਕੀਤਾ। ਚੀਨ ਤੋਂ ਡਾ. ਸ਼੍ਰੀ ਮੇਈਯਾਨ ਨੇ ਕੈਂਸਰ ਕੇਅਰ 'ਚ ਟੀਸੀਐਮ ਦੀ ਭੂਮਿਕਾ ਦੱਸੀ।



# ਸਿਹਤਨਾਮਾ



## ਮਨੁੱਖਤਾ ਦੇ ਖ਼ਾਮੋਸ਼ ਰਹਿਬਰ

# ਨਰਸਿੰਗ ਸਟਾਫ਼ ਦੀ ਮਸੀਹਾਈ, ਅਣਗੌਲੇ ਦਰਦ ਅਤੇ ਸਿਸਟਮ ਦੀਆਂ ਬੇਰਹਿਮ ਚੌਖਟਾਂ ਦਾ ਇੱਕ ਡੂੰਘਾ ਵਿਸ਼ਲੇਸ਼ਣ



ਵਿੰਕਲਜੀਤ ਸਿੰਘ ਸਰਾ
9501477889

**ਸਫੇਦ ਵਰਦੀਆਂ ਪਿੱਛੇ ਛੁਪਿਆ ਜੀਵਨ ਦਾ ਸੰਘਰਸ਼ ਅਤੇ ਹਸਪਤਾਲਾਂ ਦੀਆਂ ਕੰਧਾਂ ਵਿੱਚ ਗੁੰਮ ਹੋਈਆਂ ਚੀਕਾਂ:** ਮਨੁੱਖੀ ਹੋਂਦ ਦੇ ਸਫ਼ਰ ਵਿੱਚ ਸਿਹਤ ਸਭ ਤੋਂ ਵੱਡੀ ਨਿਆਮਤ ਹੈ, ਪਰ ਜਦੋਂ ਇਹ ਨਿਆਮਤ ਖੁੱਸ ਜਾਂਦੀ ਹੈ ਤਾਂ ਇਨਸਾਨ ਇੱਕ ਅਜਿਹੀ ਬੇਬਸੀ ਦੇ ਆਲਮ ਵਿੱਚ ਪਹੁੰਚ ਜਾਂਦਾ ਹੈ ਜਿੱਥੇ ਉਸਨੂੰ ਸਿਰਫ਼ ਅਤੇ ਸਿਰਫ਼ ਸਹਾਰੇ ਦੀ ਤਲਾਸ਼ ਹੁੰਦੀ ਹੈ। ਹਸਪਤਾਲਾਂ ਦੀਆਂ ਉਹ ਬੇਰੰਗ ਕੰਧਾਂ, ਫ਼ਿਨਾਇਲ ਦੀ ਤੇਜ਼ ਗੰਧ ਅਤੇ ਮਸ਼ੀਨਾਂ ਦੀ ਲਗਾਤਾਰ ਹੁੰਦੀ ਟਿਕ-ਟਿਕ ਦੇ ਵਿਚਕਾਰ ਜੇਕਰ ਕੋਈ ਹਸਤੀ ਮਰੀਜ਼ ਦੇ ਸਾਹਾਂ ਦੀ ਪਹਿਰੇਦਾਰ ਬਣ ਕੇ ਖੜ੍ਹਦੀ ਹੈ, ਤਾਂ ਉਹ ਨਰਸਿੰਗ ਸਟਾਫ਼ ਹੈ। ਇਹ ਉਹ ਵਰਗ ਹੈ ਜਿਸ ਨੂੰ ਅਸੀ ਅਕਸਰ 'ਸੇਵਾ ਦੀ ਮੂਰਤ' ਕਹਿ ਕੇ ਇੱਕ ਫੋਕੇ ਸਨਮਾਨ ਦੇ ਪਿੰਜਰੇ ਵਿੱਚ ਬੰਦ ਕਰ ਦਿੰਦੇ ਹਾਂ, ਪਰ ਉਸ ਵਰਦੀ ਦੇ ਪਿੱਛੇ ਧੜਕਣ ਵਾਲੇ ਇਨਸਾਨੀ ਦਿਲ ਦੀਆਂ ਤਕਲੀਫ਼ਾਂ, ਉਸਦੀਆਂ ਆਰਥਿਕ ਤੰਗੀਆਂ ਅਤੇ ਉਸਦੇ ਮਾਨਸਿਕ ਸੰਤਾਪ ਨੂੰ ਸਮਝਣ ਦੀ ਕੋਸ਼ਿਸ਼ ਬਹੁਤ ਘੱਟ ਕੀਤੀ ਜਾਂਦੀ ਹੈ। ਨਰਸਿੰਗ ਕੋਈ ਮਹਿਜ਼ ਕਿੱਤਾ ਨਹੀ ਹੈ, ਸਗੋਂ ਇਹ ਜੀਵਨ ਅਤੇ ਮੌਤ ਦੇ ਵਿਚਕਾਰ ਖੜ੍ਹੀ ਉਹ ਮਜ਼ਬੂਤ ਕੰਧ ਹੈ ਜੋ ਹਰ ਰੋਜ਼ ਲੱਖਾਂ ਲੋਕਾਂ ਨੂੰ ਮੌਤ ਦੇ ਮੂੰਹੋ ਕੱਢ ਕੇ ਮੁੜ ਜ਼ਿੰਦਗੀ ਦੇ ਰੰਗਾਂ ਵਿੱਚ ਵਾਪਸ ਭੇਜਦੀ ਹੈ, ਭਾਵੇਂ ਇਸ ਪ੍ਰਕਿਰਿਆ ਵਿੱਚ ਉਹਨਾਂ ਦੇ ਆਪਣੇ ਜੀਵਨ ਦੇ ਰੰਗ ਉੱਡ ਹੀ ਕਿਉ ਨਾ ਜਾਣ।

**ਹਸਪਤਾਲਾਂ ਦੀ ਅਸਲ ਰੀੜ੍ਹ ਦੀ ਹੱਡੀ ਅਤੇ ਇਲਾਜ ਪ੍ਰਣਾਲੀ ਦਾ ਅਦਿੱਖ ਧੁਰਾ:** ਅਸੀ ਅਕਸਰ ਕਿਸੇ ਮਰੀਜ਼ ਦੇ ਠੀਕ ਹੋਣ ਦਾ ਸਾਰਾ ਸਿਹਰਾ ਡਾਕਟਰ ਦੇ ਸਿਰ ਬੰਨ੍ਹ ਦਿੰਦੇ ਹਾਂ, ਜੋ ਕਿ ਕਿਸੇ ਹੱਦ ਤੱਕ ਸਹੀ ਵੀ ਹੈ ਕਿਉਕਿ ਡਾਕਟਰ ਇਲਾਜ ਦੀ ਵਿਗਿਆਨਕ ਯੋਜਨਾ ਤਿਆਰ ਕਰਦਾ ਹੈ। ਪਰ ਉਸ ਵਿਗਿਆਨਕ ਯੋਜਨਾ ਨੂੰ ਮਨੁੱਖੀ ਸਰੀਰ ਵਿੱਚ ਅਮਲੀ ਰੂਪ ਵਿੱਚ ਉਤਾਰਨਾ, ਦਵਾਈਆਂ ਦਾ ਸਹੀ ਸਮਾਂ ਨਿਰਧਾਰਤ ਕਰਨਾ ਅਤੇ ਮਰੀਜ਼ ਦੀ ਪਲ-ਪਲ ਬਦਲਦੀ ਹਾਲਤ 'ਤੇ ਨਿਗਰਾਨੀ ਰੱਖਣਾ ਨਰਸਿੰਗ ਸਟਾਫ਼ ਦਾ ਕੰਮ ਹੈ। ਇੱਕ ਡਾਕਟਰ ਹਸਪਤਾਲ ਵਿੱਚ ਕੁਝ ਮਿੰਟਾਂ ਲਈ ਰਾਊਂਡ 'ਤੇ ਆਉਂਦਾ ਹੈ, ਪਰ ਨਰਸ ਉਹ ਹੈ ਜੋ 24 ਘੰਟੇ ਮਰੀਜ਼ ਦੇ ਸਿਰਹਾਣੇ ਖੜ੍ਹੀ ਰਹਿੰਦੀ ਹੈ। ਉਹ ਮਰੀਜ਼ ਦੀਆਂ ਅੱਖਾਂ ਵਿੱਚ ਉੱਤਰੇ ਡਰ ਨੂੰ ਪੜ੍ਹਦੀ ਹੈ, ਉਸਦੇ ਦਰਦ ਦੀ ਸ਼ਿੱਦਤ ਨੂੰ ਮਹਿਸੂਸ ਕਰਦੀ ਹੈ ਅਤੇ ਉਸਦੇ ਪਰਿਵਾਰ ਦੇ ਹਜ਼ਾਰਾਂ ਸਵਾਲਾਂ ਦੇ ਜਵਾਬ ਬੜੇ ਸਬਰ ਨਾਲ ਦਿੰਦੀ ਹੈ। ਜੇਕਰ ਨਰਸਿੰਗ ਸਟਾਫ਼ ਇੱਕ ਦਿਨ ਲਈ ਹਸਪਤਾਲਾਂ ਵਿੱਚੋਂ ਗ਼ੈਰ-ਹਾਜ਼ਰ ਹੋ ਜਾਵੇ, ਤਾਂ ਦੁਨੀਆ ਦਾ ਵੱਡੇ ਤੋਂ ਵੱਡਾ ਡਾਕਟਰ ਅਤੇ ਆਧੁਨਿਕ ਤੋਂ ਆਧੁਨਿਕ ਮਸ਼ੀਨਰੀ ਵੀ ਕਿਸੇ ਮਰੀਜ਼ ਦੀ ਜਾਨ ਬਚਾਉਣ ਵਿੱਚ ਅਸਮਰੱਥ ਹੋ ਜਾਵੇਗੀ। ਇਸ ਲਈ ਇਹ ਕਹਿਣਾ ਅਤਿਕਥਨੀ ਨਹੀ ਹੋਵੇਗੀ ਕਿ ਨਰਸਿੰਗ ਸਟਾਫ਼ ਹੀ ਮੈਡੀਕਲ ਜਗਤ ਦਾ ਉਹ ਅਸਲ ਧੁਰਾ ਹੈ ਜਿਸ ਦੇ ਦੁਆਲੇ ਪੂਰੀ ਇਨਸਾਨੀਅਤ ਦੀ ਸਿਹਤ ਘੁੰਮਦੀ ਹੈ।

**ਆਰਥਿਕ ਸ਼ੋਸ਼ਣ ਦੀ ਚੱਕੀ ਵਿੱਚ ਪਿਸਦੀ ਮਸੀਹਾਈ ਅਤੇ ਤਨਖ਼ਾਹਾਂ ਦਾ ਕੌੜਾ ਸੱਚ:** ਇਹ ਬੇਹੱਦ ਸ਼ਰਮਨਾਕ ਹਕੀਕਤ ਹੈ ਕਿ ਜਿਸ ਵਰਗ ਦੇ ਮੋਢਿਆਂ 'ਤੇ ਸਮਾਜ ਦੀ ਸਿਹਤ ਦਾ ਇੰਨਾ ਵੱਡਾ ਬੋਝ ਹੈ, ਉਹੀ ਵਰਗ ਅੱਜ ਸਭ ਤੋਂ ਵੱਧ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਹੈ। ਖ਼ਾਸ ਕਰਕੇ ਪ੍ਰਾਈਵੇਟ ਹਸਪਤਾਲਾਂ ਵਿੱਚ ਨਰਸਿੰਗ ਸਟਾਫ਼ ਦੀ ਹਾਲਤ ਕਿਸੇ ਬੰਧੂਆ ਮਜ਼ਦੂਰ ਤੋਂ ਘੱਟ ਨਹੀ ਹੈ। ਜਿੱਥੇ ਹਸਪਤਾਲ ਮਰੀਜ਼ਾਂ ਤੋਂ ਲੱਖਾਂ ਰੁਪਏ ਦੇ ਬਿੱਲ ਵਸੂਲਦੇ ਹਨ, ਉੱਥੇ ਨਰਸਾਂ ਨੂੰ ਦਿੱਤੀ ਜਾਣ ਵਾਲੀ ਤਨਖ਼ਾਹ ਇੰਨੀ ਨਿਗੂਣੀ ਹੁੰਦੀ ਹੈ ਕਿ ਉਹਨਾਂ ਲਈ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨਾ ਵੀ ਇੱਕ ਚੁਣੌਤੀ ਬਣ ਜਾਂਦਾ ਹੈ। ਕਈ ਵਾਰ ਤਾਂ ਪੜ੍ਹੇ-ਲਿਖੇ ਅਤੇ ਤਜਰਬੇਕਾਰ ਨਰਸਿੰਗ ਪੇਸ਼ੇਵਰਾਂ ਨੂੰ ਵੀ ਇੱਕ ਅਣਸਿੱਖਿਅਤ ਮਜ਼ਦੂਰ ਦੇ ਬਰਾਬਰ ਉਜਰਤ ਦਿੱਤੀ ਜਾਂਦੀ ਹੈ। ਇਹ ਆਰਥਿਕ ਪਾੜਾ ਸਿਰਫ਼ ਉਹਨਾਂ ਦੇ ਘਰਾਂ ਦਾ ਚੁੱਲ੍ਹਾ ਹੀ ਨਹੀ ਪ੍ਰਭਾਵਿਤ ਕਰਦਾ, ਸਗੋਂ ਉਹਨਾਂ ਦੇ ਆਤਮ-ਸਨਮਾਨ ਨੂੰ ਵੀ ਡੂੰਘੀ ਸੱਟ ਮਾਰਦਾ ਹੈ। ਜਦੋਂ ਇੱਕ ਨਰਸ ਦੇਖਦੀ ਹੈ ਕਿ ਉਸਦੀ ਮਿਹਨਤ ਸਦਕਾ ਹਸਪਤਾਲ ਕਰੋੜਾਂ ਕਮਾ ਰਿਹਾ ਹੈ ਪਰ ਉਸਨੂੰ ਆਪਣੇ ਬੱਚਿਆਂ ਦੀ ਫੀਸ ਭਰਨ ਲਈ ਵੀ ਸੰਘਰਸ਼ ਕਰਨਾ ਪੈ ਰਿਹਾ ਹੈ, ਤਾਂ ਉਸਦੇ ਅੰਦਰਲੀ ਸੇਵਾ ਭਾਵਨਾ 'ਤੇ ਸਵਾਲੀਆ ਨਿਸ਼ਾਨ ਲੱਗਣਾ ਕੁਦਰਤੀ ਹੈ। ਇਹ ਸਿਸਟਮ ਦੀ ਉਹ ਬੇਰਹਿਮੀ ਹੈ ਜੋ ਸੇਵਾ ਨੂੰ ਕਾਰੋਬਾਰ ਵਿੱਚ ਬਦਲ ਰਹੀ ਹੈ।



**ਮਾਨਸਿਕ ਤਣਾਅ ਅਤੇ ਭਾਵਨਾਤਮਕ ਬੋਝ ਹੇਠ ਦੱਬੀ ਜ਼ਿੰਦਗੀ :** ਨਰਸਿੰਗ ਦੇ ਪੇਸ਼ੇ ਵਿੱਚ ਸਿਰਫ਼ ਸਰੀਰਕ ਥਕਾਵਟ ਹੀ ਨਹੀ ਹੁੰਦੀ, ਸਗੋਂ ਮਾਨਸਿਕ ਤਣਾਅ ਦਾ ਪੱਧਰ ਵੀ ਬਹੁਤ ਉੱਚਾ ਹੁੰਦਾ ਹੈ। ਹਰ ਰੋਜ਼ ਮੌਤ ਦੇ ਦ੍ਰਿਸ਼ ਵੇਖਣਾ, ਦਰਦ ਨਾਲ ਤੜਫ਼ਦੇ ਮਰੀਜ਼ਾਂ ਦੀਆਂ ਚੀਕਾਂ ਸੁਣਨਾ ਅਤੇ ਰੋਂਦੇ ਹੋਏ ਪਰਿਵਾਰਾਂ ਨੂੰ ਹੌਸਲਾ ਦੇਣਾ ਕੋਈ ਸੌਖਾ ਕੰਮ ਨਹੀ ਹੈ। ਇੱਕ ਨਰਸ ਆਪਣੇ ਅੰਦਰ ਕਿੰਨੇ ਗ਼ਮ ਛੁਪਾ ਕੇ ਰੱਖਦੀ ਹੈ, ਇਸਦਾ ਅੰਦਾਜ਼ਾ ਆਮ ਇਨਸਾਨ ਨਹੀ ਲਗਾ ਸਕਦਾ। ਜਦੋਂ ਕੋਈ ਮਰੀਜ਼ ਉਹਨਾਂ ਦੇ ਹੱਥਾਂ ਵਿੱਚ ਦਮ ਤੋੜਦਾ ਹੈ, ਤਾਂ ਭਾਵੇਂ ਉਹ ਕਿੰਨੇ ਵੀ ਪੇਸ਼ੇਵਰ ਕਿਉ ਨਾ ਹੋਣ, ਉਹਨਾਂ ਦੇ ਦਿਲ ਦਾ ਇੱਕ ਕੋਨਾ ਜ਼ਰੂਰ ਰੋਂਦਾ ਹੈ। ਪਰ ਉਹਨਾਂ ਕੋਲ ਸੋਗ ਮਨਾਉਣ ਦਾ ਸਮਾਂ ਨਹੀ ਹੁੰਦਾ, ਕਿਉਕਿ ਅਗਲੇ ਹੀ ਪਲ ਉਹਨਾਂ ਨੂੰ ਦੂਜੇ ਮਰੀਜ਼ ਦੀ ਜਾਨ ਬਚਾਉਣ ਲਈ ਮੁਸਕਰਾ ਕੇ ਖੜ੍ਹਨਾ ਪੈਂਦਾ ਹੈ। ਇਸ ਨਿਰੰਤਰ ਭਾਵਨਾਤਮਕ ਦਬਾਅ ਕਾਰਨ ਬਹੁਤ ਸਾਰੀਆਂ ਨਰਸਾਂ ਡਿਪ੍ਰੈਸ਼ਨ ਅਤੇ ਚਿੰਤਾ ਵਰਗੀਆਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਹਸਪਤਾਲ ਪ੍ਰਬੰਧਕ ਉਹਨਾਂ ਦੀ ਸਰੀਰਕ ਸਿਹਤ ਵਾਂਗ ਉਹਨਾਂ ਦੀ ਮਾਨਸਿਕ ਸਿਹਤ ਨੂੰ ਵੀ ਹਮੇਸ਼ਾ ਨਜ਼ਰਅੰਦਾਜ਼ ਕਰਦੇ ਆਏ ਹਨ।

**ਕੋਰੋਨਾ ਮਹਾਂਮਾਰੀ ਦਾ ਦੌਰ ਅਤੇ ਫੋਕੇ ਸਨਮਾਨਾਂ ਦੀ ਰਾਜਨੀਤੀ :** ਕੋਰੋਨਾ ਮਹਾਂਮਾਰੀ ਦੇ ਭਿਆਨਕ ਦੌਰ ਨੇ ਦੁਨੀਆ ਨੂੰ ਦਿਖਾ ਦਿੱਤਾ ਸੀ ਕਿ ਅਸਲ 'ਸੁਪਰਹੀਰੋ' ਕੌਣ ਹਨ। ਜਦੋਂ ਲੋਕ ਆਪਣੇ ਸਕੇ ਸਬੰਧੀਆਂ ਦੀਆਂ ਲਾਸ਼ਾਂ ਨੂੰ ਹੱਥ ਲਗਾਉਣ ਤੋਂ ਵੀ ਕਤਰਾ ਰਹੇ ਸਨ, ਉਦੋਂ ਇਹ ਨਰਸਿੰਗ ਸਟਾਫ਼ ਹੀ ਸੀ ਜੋ PPE ਕਿੱਟਾਂ ਵਿੱਚ ਬੰਦ ਹੋ ਕੇ, ਪਸੀਨੇ ਨਾਲ ਭਿੱਜੇ ਸਰੀਰਾਂ ਨਾਲ ਮਰੀਜ਼ਾਂ ਦੀ ਸੇਵਾ ਕਰ ਰਿਹਾ ਸੀ। ਉਸ ਸਮੇਂ ਸਰਕਾਰਾਂ ਅਤੇ ਸਮਾਜ ਨੇ ਤਾਲੀਆਂ ਵਜਾਈਆਂ, ਥਾਲੀਆਂ ਖੜਕਾਈਆਂ ਅਤੇ ਉਹਨਾਂ 'ਤੇ ਫੁੱਲ ਵਰਸਾਏ। ਉਹਨਾਂ ਨੂੰ 'ਕੋਰੋਨਾ ਵਾਰੀਅਰ' ਦੇ ਖ਼ਿਤਾਬ ਦਿੱਤੇ ਗਏ। ਪਰ ਜਿਵੇਂ ਹੀ ਖ਼ਤਰਾ ਟਲਿਆ, ਸਮਾਜ ਅਤੇ ਸਰਕਾਰ ਦੋਵੇਂ ਆਪਣੇ ਵਾਅਦੇ ਭੁੱਲ ਗਏ। ਜਿਨ੍ਹਾਂ ਨਰਸਾਂ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਦਿਨ-ਰਾਤ ਇੱਕ ਕੀਤਾ ਸੀ, ਅੱਜ ਉਹੀ ਨਰਸਾਂ ਆਪਣੀਆਂ ਤਨਖ਼ਾਹਾਂ ਅਤੇ ਹੱਕਾਂ ਲਈ ਸੜਕਾਂ 'ਤੇ ਧਰਨੇ ਦੇਣ ਲਈ ਮਜਬੂਰ ਹਨ। ਕੀ ਉਹ ਫੁੱਲ ਅਤੇ ਤਾਲੀਆਂ ਸਿਰਫ਼ ਇੱਕ ਦਿਖਾਵਾ ਸਨ? ਇਹ ਸਵਾਲ ਅੱਜ ਹਰ ਉਸ ਨਰਸ ਦੇ ਮਨ ਵਿੱਚ ਹੈ ਜਿਸਨੇ ਮਹਾਂਮਾਰੀ ਦੌਰਾਨ ਆਪਣੇ ਪਰਿਵਾਰ ਅਤੇ ਬੱਚਿਆਂ ਨੂੰ ਛੱਡ ਕੇ ਮਨੁੱਖਤਾ ਦੀ ਸੇਵਾ ਕੀਤੀ ਸੀ। ਇਹ ਸਨਮਾਨਾਂ ਦੀ ਰਾਜਨੀਤੀ ਬਹੁਤ ਹੀ ਕੌੜੀ ਹੈ ਜੋ ਮੁਸੀਬਤ ਵੇਲੇ ਤਾਂ ਪੂਜਾ ਕਰਦੀ ਹੈ ਪਰ ਸੁੱਖ ਦੇ ਦਿਨਾਂ ਵਿੱਚ ਪਛਾਣਨ ਤੋਂ ਵੀ ਇਨਕਾਰ ਕਰ ਦਿੰਦੀ ਹੈ।

**ਸੁਰੱਖਿਆ ਦੀ ਘਾਟ ਅਤੇ ਹਸਪਤਾਲਾਂ ਵਿੱਚ ਹੁੰਦੀ ਬਦਸਲੂਕੀ :** ਨਰਸਿੰਗ ਸਟਾਫ਼ ਨੂੰ ਅਕਸਰ ਮਰੀਜ਼ਾਂ ਦੇ ਗੁੱਸੇ ਅਤੇ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਜੇਕਰ ਕਿਸੇ ਮਰੀਜ਼ ਦੀ ਹਾਲਤ ਵਿਗੜ ਜਾਂਦੀ ਹੈ ਜਾਂ ਕਿਸੇ ਦਵਾਈ ਵਿੱਚ ਦੇਰੀ ਹੋ ਜਾਂਦੀ ਹੈ, ਤਾਂ ਮਰੀਜ਼ ਦੇ ਰਿਸ਼ਤੇਦਾਰ ਸਭ ਤੋਂ ਪਹਿਲਾਂ ਨਰਸ 'ਤੇ ਆਪਣਾ ਗੁੱਸਾ ਕੱਢਦੇ ਹਨ। ਉਹਨਾਂ ਨਾਲ ਗਾਲੀ-ਗਲੋਚ ਕਰਨਾ ਅਤੇ ਕਈ ਵਾਰ ਸਰੀਰਕ ਹਮਲੇ ਕਰਨਾ ਇੱਕ ਆਮ ਗੱਲ ਬਣ ਗਈ ਹੈ। ਹਸਪਤਾਲਾਂ ਵਿੱਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਨਾ ਹੋਣ ਕਾਰਨ ਨਰਸਾਂ ਹਰ ਵੇਲੇ ਇੱਕ ਡਰ ਦੇ ਸਾਏ ਹੇਠ ਕੰਮ ਕਰਦੀਆਂ ਹਨ। ਖ਼ਾਸ ਕਰਕੇ ਰਾਤ ਦੀ ਡਿਊਟੀ ਦੌਰਾਨ ਮਹਿਲਾ ਨਰਸਾਂ ਦੀ ਸੁਰੱਖਿਆ ਇੱਕ ਵੱਡਾ ਸਵਾਲੀਆ ਨਿਸ਼ਾਨ ਹੈ। ਸਮਾਜ ਉਹਨਾਂ ਨੂੰ 'ਸਿਸਟਰ' ਕਹਿ ਕੇ ਤਾਂ ਬੁਲਾਉਂਦਾ ਹੈ, ਪਰ ਕੀ ਉਹਨਾਂ ਨੂੰ ਇੱਕ ਭੈਣ ਵਰਗਾ ਸਤਿਕਾਰ ਦਿੱਤਾ ਜਾਂਦਾ ਹੈ? ਬਹੁਤ ਸਾਰੀਆਂ ਥਾਵਾਂ 'ਤੇ ਉਹਨਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ ਅਤੇ ਉਹਨਾਂ ਦੇ ਕੰਮ ਨੂੰ ਨੀਵਾਂ ਦਿਖਾਇਆ ਜਾਂਦਾ ਹੈ। ਇਹ ਸਮਾਜਿਕ ਮਾਨਸਿਕਤਾ ਹੀ ਨਰਸਿੰਗ ਪੇਸ਼ੇ ਦੇ ਵਿਕਾਸ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ, ਜੋ ਸੇਵਾਦਾਰ ਨੂੰ ਸੇਵਕ ਸਮਝਣ ਦੀ ਭੁੱਲ ਕਰ ਬੈਠਦੀ ਹੈ।

**ਸਿਹਤ ਪ੍ਰਣਾਲੀ ਵਿੱਚ ਸੁਧਾਰ ਦੀ ਲੋੜ ਅਤੇ ਸਰਕਾਰਾਂ ਦੀ ਜ਼ਿੰਮੇਵਾਰੀ :** ਜੇਕਰ ਅਸੀ ਸੱਚਮੁੱਚ ਚਾਹੁੰਦੇ ਹਾਂ ਕਿ ਸਾਡਾ ਸਿਹਤ ਢਾਂਚਾ ਮਜ਼ਬੂਤ ਹੋਵੇ, ਤਾਂ ਸਾਨੂੰ ਸਭ ਤੋਂ ਪਹਿਲਾਂ ਨਰਸਿੰਗ ਸਟਾਫ਼ ਦੀਆਂ ਹਾਲਤਾਂ ਵਿੱਚ ਸੁਧਾਰ ਕਰਨਾ ਪਵੇਗਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪ੍ਰਾਈਵੇਟ ਹਸਪਤਾਲਾਂ ਵਿੱਚ ਨਰਸਾਂ ਲਈ ਘੱਟੋ-ਘੱਟ ਤਨਖ਼ਾਹ ਦਾ ਇੱਕ ਸਖ਼ਤ ਮਿਆਰ ਨਿਰਧਾਰਤ ਕਰੇ। ਉਹਨਾਂ ਦੀਆਂ ਡਿਊਟੀਆਂ ਦੇ ਘੰਟੇ ਤੈਅ ਕੀਤੇ ਜਾਣ ਅਤੇ ਓਵਰਟਾਈਮ ਦਾ ਬਣਦਾ ਭੁਗਤਾਨ ਯਕੀਨੀ ਬਣਾਇਆ ਜਾਵੇ। ਹਰ ਨਰਸ ਲਈ ਮੁਫ਼ਤ ਸਿਹਤ ਬੀਮਾ ਅਤੇ ਜੀਵਨ ਬੀਮਾ ਲਾਜ਼ਮੀ ਹੋਣਾ ਚਾਹੀਦਾ ਹੈ, ਕਿਉਕਿ ਉਹ ਹਰ ਰੋਜ਼ ਖ਼ਤਰਨਾਕ ਬਿਮਾਰੀਆਂ ਦੇ ਵਿਚਕਾਰ ਰਹਿੰਦੇ ਹਨ। ਇਸ ਤੋਂ ਇਲਾਵਾ, ਹਸਪਤਾਲਾਂ ਵਿੱਚ ਸਟਾਫ਼ ਦੀ ਗਿਣਤੀ ਵਧਾਈ ਜਾਣੀ ਚਾਹੀਦੀ ਹੈ ਤਾਂ ਜੋ ਇੱਕ ਨਰਸ 'ਤੇ ਮਰੀਜ਼ਾਂ ਦਾ ਬੋਝ ਘੱਟ ਸਕੇ। ਜਦੋਂ ਤੱਕ ਨਰਸਿੰਗ ਸਟਾਫ਼ ਖ਼ੁਦ ਸਿਹਤਮੰਦ ਅਤੇ ਖ਼ੁਸ਼ਹਾਲ ਨਹੀ ਹੋਵੇਗਾ, ਉਹ ਮਰੀਜ਼ਾਂ ਦੀ ਬਿਹਤਰ ਸੇਵਾ ਨਹੀ ਕਰ ਸਕੇਗਾ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਫੋਕੀਆਂ ਵਧਾਈਆਂ ਛੱਡ ਕੇ ਜ਼ਮੀਨੀ ਪੱਧਰ 'ਤੇ ਉਹਨਾਂ ਦੇ ਹੱਕਾਂ ਦੀ ਰਾਖੀ ਲਈ ਕਾਨੂੰਨ ਬਣਾਉਣ।

**ਮਹਿਲਾ ਨਰਸਾਂ ਦੀਆਂ ਦੂਹਰੀਆਂ ਚੁਣੌਤੀਆਂ ਅਤੇ ਸਮਾਜਿਕ ਨਜ਼ਰੀਆ:** ਨਰਸਿੰਗ ਪੇਸ਼ੇ ਵਿੱਚ ਮਹਿਲਾਵਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਜਿਸ ਕਾਰਨ ਉਹਨਾਂ ਨੂੰ ਦੂਹਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਨੂੰ ਹਸਪਤਾਲ ਦੀਆਂ ਔਖੀਆਂ ਡਿਊਟੀਆਂ ਨਿਭਾਉਣ ਦੇ ਨਾਲ-ਨਾਲ ਆਪਣੇ ਘਰ ਅਤੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਵੀ ਪੂਰੀਆਂ ਕਰਨੀਆਂ ਪੈਂਦੀਆਂ ਹਨ। ਰਾਤ ਦੀ ਡਿਊਟੀ ਤੋਂ ਬਾਅਦ ਜਦੋਂ ਉਹ ਘਰ ਪਹੁੰਚਦੀਆਂ ਹਨ, ਤਾਂ ਉਹਨਾਂ ਨੂੰ ਆਰਾਮ ਦੀ ਬਜਾਏ ਰਸੋਈ ਅਤੇ ਬੱਚਿਆਂ ਦੇ ਕੰਮਾਂ ਵਿੱਚ ਜੁਟਣਾ ਪੈਂਦਾ ਹੈ। ਸਮਾਜ ਵਿੱਚ ਵੀ ਨਰਸਿੰਗ ਨੂੰ ਅਕਸਰ ਇੱਕ 'ਸਹਾਇਕ' ਕੰਮ ਵਜੋਂ ਦੇਖਿਆ ਜਾਂਦਾ ਹੈ, ਨਾ ਕਿ ਇੱਕ ਮਾਣਮੱਤੇ ਪੇਸ਼ੇ ਵਜੋਂ। ਬਹੁਤ ਸਾਰੇ ਪਰਿਵਾਰ ਅੱਜ ਵੀ ਆਪਣੀਆਂ ਧੀਆਂ ਨੂੰ ਇਸ ਪੇਸ਼ੇ ਵਿੱਚ ਭੇਜਣ ਤੋਂ ਕਤਰਾਉਂਦੇ ਹਨ ਕਿਉਕਿ ਉਹਨਾਂ ਨੂੰ ਲੱਗਦਾ ਹੈ ਕਿ ਇੱਥੇ ਕੰਮ ਦਾ ਬੋਝ ਜ਼ਿਆਦਾ ਅਤੇ ਇੱਜ਼ਤ ਘੱਟ ਹੈ। ਸਾਨੂੰ ਇਸ ਸੋਚ ਨੂੰ ਬਦਲਣ ਦੀ ਲੋੜ ਹੈ। ਨਰਸਿੰਗ ਇੱਕ ਅਜਿਹਾ ਪੇਸ਼ਾ ਹੈ ਜਿਸ ਲਈ ਬਹੁਤ ਜ਼ਿਆਦਾ ਹੁਨਰ, ਧੀਰਜ ਅਤੇ ਦਿਆਲਤਾ ਦੀ ਲੋੜ ਹੁੰਦੀ ਹੈ। ਇਹ ਕੋਈ ਨੀਵਾਂ ਕੰਮ ਨਹੀ, ਸਗੋਂ ਇਹ ਰੱਬੀ ਕਾਰਜ ਹੈ ਜੋ ਹਰ ਕਿਸੇ ਦੇ ਵੱਸ ਦੀ ਗੱਲ ਨਹੀ ਹੈ।

**ਭਵਿੱਖ ਦੀ ਲੋੜ ਅਤੇ ਇੱਕ ਨਵੀਂ ਉਮੀਦ ਦਾ ਸੁਨੇਹਾ :** ਨਰਸਿੰਗ ਸਟਾਫ਼ ਦੀ ਇਹ ਦਰਦ ਭਰੀ ਦਾਸਤਾਨ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ ਕਿ ਅਸੀ ਇੱਕ ਸਮਾਜ ਵਜੋਂ ਕਿੱਥੇ ਖੜ੍ਹੇ ਹਾਂ। ਕੀ ਅਸੀ ਸਿਰਫ਼ ਆਪਣੀ ਲੋੜ ਵੇਲੇ ਹੀ ਉਹਨਾਂ ਨੂੰ ਯਾਦ ਕਰਾਂਗੇ? ਨਰਸਿੰਗ ਪੇਸ਼ੇ ਦਾ ਭਵਿੱਖ ਉਦੋਂ ਹੀ ਸੁਨਹਿਰੀ ਹੋ ਸਕਦਾ ਹੈ ਜਦੋਂ ਅਸੀ ਉਹਨਾਂ ਨੂੰ ਉਹਨਾਂ ਦਾ ਬਣਦਾ ਮਾਣ-ਸਤਿਕਾਰ ਅਤੇ ਆਰਥਿਕ ਸੁਰੱਖਿਆ ਦੇਵਾਂਗੇ। ਇਹ ਲੇਖ ਉਹਨਾਂ ਸਾਰੇ ਨਰਸਿੰਗ ਪੇਸ਼ੇਵਰਾਂ ਨੂੰ ਸਮਰਪਿਤ ਹੈ ਜੋ ਹਰ ਰੋਜ਼ ਆਪਣਾ ਦਰਦ ਭੁੱਲ ਕੇ ਦੂਜਿਆਂ ਦੇ ਹੰਝੂ ਪੂੰਝਦੇ ਹਨ। ਉਹਨਾਂ ਦੀ ਮਿਹਨਤ, ਕੁਰਬਾਨੀ ਅਤੇ ਜਜ਼ਬੇ ਨੂੰ ਸਲਾਮ ਕਰਨਾ ਸਾਡਾ ਫ਼ਰਜ਼ ਹੈ। ਆਓ, ਅਸੀ ਸਾਰੇ ਮਿਲ ਕੇ ਇੱਕ ਅਜਿਹੇ ਮਾਹੌਲ ਦੀ ਸਿਰਜਣਾ ਕਰੀਏ ਜਿੱਥੇ ਕੋਈ ਵੀ ਨਰਸ ਆਪਣੇ ਆਪ ਨੂੰ ਅਣਗੌਲਿਆ ਮਹਿਸੂਸ ਨਾ ਕਰੇ। ਉਹਨਾਂ ਦੀਆਂ ਮੁਸਕਰਾਹਟਾਂ ਵਿੱਚ ਹੀ ਇਨਸਾਨੀਅਤ ਦੀ ਜਿੱਤ ਛੁਪੀ ਹੋਈ ਹੈ। ਜੇਕਰ ਅਸੀ ਅੱਜ ਉਹਨਾਂ ਲਈ ਆਵਾਜ਼ ਨਹੀ ਉਠਾਵਾਂਗੇ, ਤਾਂ ਆਉਣ ਵਾਲੇ ਸਮੇਂ ਵਿੱਚ ਇਸ ਪਵਿੱਤਰ ਪੇਸ਼ੇ ਵੱਲ ਕੋਈ ਨਹੀ ਆਵੇਗਾ, ਜਿਸਦਾ ਨੁਕਸਾਨ ਪੂਰੀ ਮਨੁੱਖਤਾ ਨੂੰ ਭੁਗਤਣਾ ਪਵੇਗਾ।

**ਇੱਕ ਨਵੀਂ ਸਵੇਰ ਦੀ ਉਡੀਕ :** ਅਖ਼ੀਰ ਵਿੱਚ, ਇਹ ਕਹਿਣਾ ਜ਼ਰੂਰੀ ਹੈ ਕਿ ਨਰਸਿੰਗ ਸਟਾਫ਼ ਹਸਪਤਾਲਾਂ ਦਾ ਸਿਰਫ਼ ਇੱਕ ਹਿੱਸਾ ਨਹੀ, ਸਗੋਂ ਉਹ ਇਨਸਾਨੀਅਤ ਦੀ ਸਭ ਤੋਂ ਸੁੰਦਰ ਤਸਵੀਰ ਹਨ। ਉਹਨਾਂ ਦਾ ਦਰਦ ਸਾਡਾ ਸਭ ਦਾ ਦਰਦ ਹੋਣਾ ਚਾਹੀਦਾ ਹੈ। ਜਦੋਂ ਤੱਕ ਅਸੀ ਉਹਨਾਂ ਨੂੰ ਉਹਨਾਂ ਦੇ ਹੱਕ ਨਹੀ ਦਿੰਦੇ, ਉਦੋਂ ਤੱਕ ਸਾਡੀਆਂ ਸਿਹਤ ਸਹੂਲਤਾਂ ਅਤੇ ਵਿਕਾਸ ਦੇ ਦਾਅਵੇ ਖੋਖਲੇ ਹਨ। ਨਰਸਾਂ ਦੀ ਜ਼ਿੰਦਗੀ ਨੂੰ ਦਰਦ, ਅਣਗੌਲੀਆਂ ਅਤੇ ਬੇਇੱਜ਼ਤੀ ਤੋਂ ਮੁਕਤ ਕਰਨਾ ਹੀ ਅੰਤਰਰਾਸ਼ਟਰੀ ਨਰਸਿੰਗ ਡੇ ਦਾ ਅਸਲੀ ਮਕਸਦ ਹੋਣਾ ਚਾਹੀਦਾ ਹੈ। ਆਓ, ਅਸੀ ਉਹਨਾਂ ਨੂੰ ਇੱਕ ਅਜਿਹੀ ਦੁਨੀਆ ਦੇਣ ਦਾ ਪ੍ਰਣ ਕਰੀਏ ਜਿੱਥੇ ਉਹਨਾਂ ਦਾ ਮਾਣ ਸਿਰਫ਼ 12 ਮਈ ਤੱਕ ਹੀ ਸੀਮਤ ਨਾ ਰਹੇ, ਸਗੋਂ ਸਾਲ ਦੇ 365 ਦਿਨ ਉਹਨਾਂ ਨੂੰ ਉਹ ਇੱਜ਼ਤ ਮਿਲੇ ਜਿਸ ਦੇ ਉਹ ਅਸਲ ਹੱਕਦਾਰ ਹਨ। ਉਹਨਾਂ ਦੇ ਹੱਥਾਂ ਦੀ ਛੋਹ ਵਿੱਚ ਜੋ ਸ਼ਫ਼ਾ ਹੈ, ਉਸਦੀ ਕੀਮਤ ਕੋਈ ਵੀ ਤਨਖ਼ਾਹ ਨਹੀ ਚੁਕਾ ਸਕਦੀ, ਪਰ ਉਹਨਾਂ ਨੂੰ ਇੱਕ ਸਨਮਾਨਜਨਕ ਜੀਵਨ ਦੇਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ।

# ਦਿਮਾਗ਼ ਦੀ ਉਮਰ ਦੀ ਰਫ਼ਤਾਰ ਘੱਟ ਕਰਨ ਲਈ ਤਰੀਕੇ

**ਸਾਡਾ** ਦਿਮਾਗ਼ ਨਵੀਆਂ ਚੁਣੌਤੀਆਂ ਨਾਲ ਚੰਗਾ ਕੰਮ ਕਰਦਾ ਹੈ, ਪਰ ਸਿਹਤ ਦੇ ਫਾਇਦੇ ਲਈ ਹਰ ਚੀਜ਼ ਦਾ ਔਖਾ ਹੋਣਾ ਜ਼ਰੂਰੀ ਨਹੀਂ। ਉਮਰ ਵੱਧਣ ਨਾਲ ਆਪਣੇ ਦਿਮਾਗ਼ ਦੀ ਸੁਰੱਖਿਆ ਲਈ ਇੱਥੇ ਤਿੰਨ ਸੌਖੇ ਅਤੇ ਮਜ਼ੇਦਾਰ ਤਰੀਕੇ ਦਿੱਤੇ ਗਏ ਹਨ। ਜੇ ਤੁਹਾਨੂੰ ਇੱਕ ਸੌਖਾ ਕੰਮ ਜਾਂ ਇੱਕ ਔਖਾ ਕੰਮ ਚੁਣਨ ਲਈ ਦਿੱਤਾ ਜਾਵੇ, ਤਾਂ ਤੁਸੀ ਕਿਹੜਾ ਚੁਣੋਗੇ? ਸੰਭਾਵਨਾ ਹੈ ਕਿ ਅਸੀ ਸਭ ਸੌਖਾ ਕੰਮ ਹੀ ਚੁਣਾਂਗੇ ਅਤੇ ਇਸ ਦਾ ਵਾਜਬ ਕਾਰਨ ਵੀ ਹੈ। ਆਪਣੀ ਊਰਜਾ ਬਚਾਉਣ ਲਈ ਦਿਮਾਗ਼ ਦਾ ਛੋਟੇ ਰਾਹ ਲੱਭਣਾ ਸਾਡੀ ਜੈਵਿਕ ਬਣਤਰ ਦਾ ਹਿੱਸਾ ਹੈ। ਤਕਨਾਲੋਜੀ ਨੇ ਇਹ ਕੰਮ ਹੋਰ ਵੀ ਆਸਾਨ ਕਰ ਦਿੱਤਾ ਹੈ। ਇਸ ਕਰਕੇ ਅਸੀ ਅਕਸਰ ਛੋਟੇ ਰਾਹ ਚੁਣਦੇ ਹਾਂ ਅਤੇ ਕੰਮ ਨੂੰ ਘੱਟ ਤੋਂ ਘੱਟ ਮਿਹਨਤ ਨਾਲ ਪੂਰਾ ਕਰਨਾ ਚਾਹੁੰਦੇ ਹਾਂ। ਪਰ ਜੇ ਇਸ ਨਾਲ ਦਿਮਾਗ਼ੀ ਮਿਹਨਤ ਘੱਟ ਹੋਵੇ, ਤਾਂ ਇਹ ਸਾਡੀ ਉਮਰ ਅਤੇ ਕੁੱਲ ਸਿਹਤ ਲਈ ਨੁਕਸਾਨਦਾਇਕ ਹੋ ਸਕਦਾ ਹੈ। ਸਾਡੀ "ਤੰਦਰੁਸਤ ਉਮਰ" ਮਤਲਬ ਉਹ ਸਾਲ ਜਿਨ੍ਹਾਂ ਦੌਰਾਨ ਲੋਕ ਚੰਗੀ ਸਿਹਤ ਵਿੱਚ ਜੀਵਨ ਬਿਤਾਉਂਦੇ ਹਨ, ਦੁਨੀਆ ਦੇ ਕਈ ਹਿੱਸਿਆਂ ਵਿੱਚ ਘਟ ਰਹੀ ਹੈ। ਖੋਜਕਾਰਾਂ ਦੇ ਅਨੁਸਾਰ, ਜਿਵੇਂ ਲੋਕ ਲੰਬੀ ਉਮਰ ਜੀ ਰਹੇ ਹਨ, ਉਵੇਂ ਹੀ ਬਿਮਾਰ ਸਿਹਤ ਵਿੱਚ ਬਿਤਾਏ ਜਾਣ ਵਾਲੇ ਸਾਲਾਂ ਦੀ ਗਿਣਤੀ ਵੀ ਵੱਧ ਰਹੀ ਹੈ। ਜਦੋਂ ਦਿਮਾਗ਼ ਦੀ ਗੱਲ ਆਉਂਦੀ ਹੈ, ਤਾਂ ਕੁਝ ਅਜਿਹੀਆਂ ਚੀਜ਼ਾਂ ਹਨ ਜੋ ਅਸੀ ਆਪਣੀ ਤੰਦਰੁਸਤ ਉਮਰ ਨੂੰ ਲੰਮਾ ਕਰਨ ਲਈ ਕਰ ਸਕਦੇ ਹਾਂ। ਅਸਲ ਵਿੱਚ, ਜੇ ਅਸੀ ਚੁਣੌਤੀ ਭਰੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਹਾਂ, ਤਾਂ ਅਸੀ "ਸੋਚਣ ਦੀ ਸਮਰੱਥਾ ਦਾ ਭੰਡਾਰ" ਤਿਆਰ ਕਰਦੇ ਹਾਂ, ਜੋ ਦਿਮਾਗ਼ ਲਈ ਸੁਰੱਖਿਆ ਵਾਲਾ ਪ੍ਰਭਾਵ ਪੈਦਾ ਕਰਦਾ ਹੈ। ਰੋਜ਼ਾਨਾ ਜੀਵਨ ਵਿੱਚ ਇਹ ਕਰਨ ਦੇ ਕਈ ਤਰੀਕੇ ਹਨ। ਸਕਾਟਲੈਂਡ ਦੇ ਐਡਿਨਬਰਗ ਵਿੱਚ ਸਥਿਤ ਹਰਿਓਟ-ਵਾਟ ਯੂਨੀਵਰਸਿਟੀ ਦੇ ਮਨੋਵਿਗਿਆਨੀ ਐਲਨ ਗਾਉ ਕਹਿੰਦੇ ਹਨ, "ਅਸੀ ਕਿਸੇ ਵੀ ਉਮਰ ਦੇ ਹੋਈਏ, ਕੁਝ ਇਹੋ ਜਿਹੀਆਂ ਚੀਜ਼ਾਂ ਹਨ ਜਿਨ੍ਹਾਂ ਨੂੰ ਘੱਟ ਜਾਂ ਵੱਧ ਕਰਕੇ ਅਸੀ ਆਪਣੀ ਸੋਚਣ ਦੀ ਸਮਰੱਥਾ ਨੂੰ ਕੁਝ ਹੋਰ ਮਜ਼ਬੂਤ ਕਰ ਸਕਦੇ ਹਾਂ।" ਚੰਗੀ ਗੱਲ ਇਹ ਹੈ, ਜਿਵੇਂ ਮੈਂ ਆਪਣੇ ਨਿਊਜ਼ਲੈਟਰ ਕੋਰਸ ਲਿਵ ਵੈੱਲ ਫਾਰ ਲੌਂਗਰ ਵਿੱਚ ਦੱਸਦਾ ਹਾਂ, ਸਾਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਬਦਲਣ ਦੀ ਲੋੜ ਨਹੀਂ। ਅਸੀ ਸਰੀਰਕ, ਸਮਾਜਿਕ ਅਤੇ ਮਾਨਸਿਕ ਪੱਖਾਂ ਵਿੱਚ ਛੋਟੇ-ਛੋਟੇ ਬਦਲਾਅ ਕਰਕੇ ਆਪਣੇ ਦਿਮਾਗ਼ ਦੀ ਸੁਰੱਖਿਆ ਕਰ ਸਕਦੇ ਹਾਂ। ਸ਼ੁਰੂਆਤ ਲਈ ਇੱਥੇ ਤਿੰਨ ਸਭ ਤੋਂ ਮਜ਼ੇਦਾਰ ਤਰੀਕੇ ਦਿੱਤੇ ਗਏ ਹਨ।

### 1. ਥਾਵਾਂ ਨੂੰ ਯਾਦ ਰੱਖ ਕੇ ਰਸਤਾ ਲੱਭਣਾ

ਬਰਤਾਨੀਆ ਦੀ ਯੂਨੀਵਰਸਿਟੀ ਕਾਲਜ ਲੰਡਨ ਦੇ ਨਿਊਰੋਲੋਜਿਸਟ ਡੈਨਿਸ ਚੈਨ, ਜੋ ਅਲਜ਼ਾਈਮਰ ਦੀ ਸ਼ੁਰੂਆਤੀ ਪਛਾਣ ਵਿੱਚ ਮਾਹਿਰ ਹਨ, ਕਹਿੰਦੇ ਹਨ, "ਸਾਲਾਂ ਤੋਂ ਅਸੀ ਜਾਣਦੇ ਹਾਂ ਕਿ ਅਲਜ਼ਾਈਮਰ ਵਾਲੇ ਲੋਕਾਂ ਵਿੱਚ ਰਸਤਾ ਭੁੱਲ ਜਾਣਾ ਇੱਕ ਸ਼ੁਰੂਆਤੀ ਲੱਛਣ ਹੁੰਦਾ ਹੈ।" ਉਹ ਕਹਿੰਦੇ ਹਨ ਕਿ ਸ਼ੁਰੂਆਤੀ ਪਛਾਣ ਬਹੁਤ ਜ਼ਰੂਰੀ ਹੈ। "ਜਿੰਨਾ ਜਲਦੀ ਅਸੀ ਸੋਚਣ ਦੀ ਸਮਰੱਥਾ ਨਾਲ ਜੁੜੀਆਂ ਸਮੱਸਿਆਵਾਂ ਦੀ ਪਛਾਣ ਕਰਾਂਗੇ, ਉਨਾ ਹੀ ਜਲਦੀ ਅਸੀ ਇਸ ਬਾਰੇ ਕੁਝ ਕਰ ਸਕਾਂਗੇ।" ਇਸ ਲਈ ਦਿਮਾਗ਼ ਦੇ ਇਸ ਹਿੱਸੇ ਦੀ ਸੁਰੱਖਿਆ ਕਰਨਾ ਲੱਛਣਾਂ ਨੂੰ ਰੋਕਣ ਜਾਂ ਦੇਰ ਨਾਲ ਆਉਣ ਵਿੱਚ ਮਦਦ ਕਰ ਸਕਦਾ ਹੈ। ਉਦਾਹਰਨ ਵਜੋਂ, ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਐਂਬੂਲੈਂਸ ਅਤੇ ਟੈਕਸੀ ਡਰਾਈਵਰਾਂ ਵਿੱਚ ਹੋਰ ਪੇਸ਼ਿਆਂ ਦੇ ਮੁਕਾਬਲੇ ਅਲਜ਼ਾਈਮਰ ਨਾਲ ਜੁੜੀ ਮੌਤ ਦੀ ਦਰ ਸਭ ਤੋਂ ਘੱਟ ਹੁੰਦੀ ਹੈ। ਖੋਜਕਾਰਾਂ ਦੇ ਅਨੁਸਾਰ, ਇਸ ਦਾ ਕਾਰਨ ਇਹ ਹੈ ਕਿ ਇਹ ਡਰਾਈਵਰ "ਥਾਵਾਂ ਨੂੰ ਸਮਝਣ ਅਤੇ ਰਸਤਾ ਯਾਦ ਰੱਖਣ" ਲਈ ਆਪਣੇ ਦਿਮਾਗ਼ ਦਾ ਵਧੇਰੇ ਇਸਤੇਮਾਲ ਕਰਦੇ ਹਨ। ਇਹ ਵੀ ਕਾਫ਼ੀ ਸਮੇਂ ਤੋਂ ਜਾਣਿਆ ਜਾਂਦਾ ਹੈ ਕਿ ਉਹ ਟੈਕਸੀ ਡਰਾਈਵਰ ਜਿਨ੍ਹਾਂ ਨੇ ਨਕਸ਼ੇ ਦੀ ਮਦਦ ਤੋਂ ਬਿਨਾਂ ਸਾਲਾਂ ਤੱਕ ਸ਼ਹਿਰ ਦੀਆਂ ਸੜਕਾਂ ਯਾਦ ਕੀਤੀਆਂ, ਉਨ੍ਹਾਂ ਦਾ ਹਿਪੋਕੈਂਪਸ ਵੱਡਾ ਹੋ ਜਾਂਦਾ ਹੈ। ਇਸੇ ਤਰ੍ਹਾਂ, ਤੰਦਰੁਸਤ ਮਰਦਾਂ 'ਤੇ ਕੀਤੇ ਇੱਕ ਅਧਿਐਨ ਵਿੱਚ ਪਤਾ ਲੱਗਿਆ ਕਿ ਜਿਨ੍ਹਾਂ ਨੇ ਚਾਰ ਮਹੀਨੇ ਤੱਕ ਥਾਵਾਂ ਨੂੰ ਸਮਝਣ ਅਤੇ ਰਸਤਾ ਲੱਭਣ ਨਾਲ ਜੁੜਿਆ ਇੱਕ ਕੰਮ ਕੀਤਾ, ਉਨ੍ਹਾਂ ਦੀ ਰਸਤਾ ਲੱਭਣ ਦੀ ਸਮਰੱਥਾ ਵਿੱਚ ਸੁਧਾਰ ਆਇਆ ਅਤੇ ਉਨ੍ਹਾਂ ਦੇ ਹਿਪੋਕੈਂਪਸ ਦੇ ਆਕਾਰ ਵਿੱਚ ਕੋਈ ਘਾਟ ਨਹੀ ਆਈ। ਜਦਕਿ ਕੰਟ੍ਰੋਲ ਸਮੂਹ ਦੇ ਹਿਸੇਦਾਰਾਂ (ਜਿਨ੍ਹਾਂ ਨੇ ਇਹ ਕੰਮ ਨਹੀ ਕੀਤਾ) ਵਿੱਚ ਉਮਰ ਨਾਲ ਜੁੜੀ ਆਮ ਕਮੀ ਵੇਖੀ ਗਈ। ਇਹ ਹਾਲੇ ਸਪੱਸ਼ਟ ਨਹੀ ਹੈ ਕਿ ਦਿਮਾਗ਼ ਦੇ ਇਸ ਹਿੱਸੇ ਨੂੰ ਮਜ਼ਬੂਤ ਕਰਨ ਨਾਲ ਡਿਮੈਂਸ਼ੀਆ ਨੂੰ ਰੋਕਿਆ ਜਾ ਸਕਦਾ ਹੈ ਜਾਂ ਨਹੀ, ਪਰ ਵਧੇਰੇ "ਕੋਗਨਿਟਿਵ ਰਿਜ਼ਰਵ" ਬਣਾਉਣਾ ਵਾਧੂ ਸੁਰੱਖਿਆ ਦੇ ਸਕਦਾ ਹੈ। ਚੈਨ ਕਹਿੰਦੇ ਹਨ ਕਿ ਇਹ ਗੱਲ ਸਮਝਾਉਂਦੀ ਹੈ ਕਿ ਮੌਤ ਤੋਂ ਬਾਅਦ ਦਿਮਾਗ਼ ਦੇ ਵਿਸ਼ਲੇਸ਼ਣ ਵਿੱਚ ਕੁਝ ਬਜ਼ੁਰਗ ਲੋਕਾਂ ਦੇ ਦਿਮਾਗ਼ੀ ਟਿਸ਼ੂ ਵਿੱਚ ਅਲਜ਼ਾਈਮਰ ਨਾਲ ਜੁੜੇ ਵੱਡੇ ਬਦਲਾਅ ਮਿਲੇ, ਪਰ ਜੀਵਨ ਦੌਰਾਨ ਉਨ੍ਹਾਂ ਵਿੱਚ ਕੋਈ ਲੱਛਣ ਨਹੀ ਦਿਖੇ। ਉਹ ਕਹਿੰਦੇ ਹਨ ਕਿ ਇਸ ਦਾ ਇੱਕ ਕਾਰਨ ਇਹ ਹੋ ਸਕਦਾ ਹੈ ਕਿ ਉਨ੍ਹਾਂ ਦੇ ਦਿਮਾਗ਼ ਦੀ ਬਣਤਰ ਕਾਫ਼ੀ ਮਜ਼ਬੂਤ ਸੀ, ਜਿਸ ਵਿੱਚ ਸੰਭਵ ਹੈ ਕਿ ਉਨ੍ਹਾਂ ਦੀ ਜੀਵਨ-ਸ਼ੈਲੀ ਨੇ ਮਦਦ ਕੀਤੀ ਹੋਵੇ, ਹਾਲਾਂਕਿ ਜੈਨੇਟਿਕ ਕਾਰਕਾਂ ਨੂੰ ਵੀ ਇਸ ਵਿੱਚ ਭੂਮਿਕਾ ਨਿਭਾਉਣ ਵਾਲਾ ਮੰਨਿਆ ਜਾਂਦਾ ਹੈ। ਭਾਵੇਂ ਉਮਰ ਵਧਣ ਨਾਲ ਡਿਮੈਂਸ਼ੀਆ ਦਾ ਖ਼ਤਰਾ ਵੱਧਦਾ ਹੈ, ਚੈਨ ਕਹਿੰਦੇ ਹਨ ਕਿ ਜਿਹੜੇ ਲੋਕਾਂ ਵਿੱਚ ਲੱਛਣ ਨਹੀ ਦਿਖਦੇ, ਉਹ ਸਾਡੇ ਸਾਰਿਆਂ ਲਈ ਹੌਸਲਾ ਦੇਣ ਵਾਲੀ ਗੱਲ ਹੈ। "ਆਮ ਤੌਰ 'ਤੇ ਇਹ ਉਹ ਲੋਕ ਹੁੰਦੇ ਹਨ ਜੋ ਸਰੀਰਕ ਤੌਰ 'ਤੇ ਸਰਗਰਮ ਹੁੰਦੇ ਹਨ, ਬੌਧਿਕ ਤੌਰ 'ਤੇ ਹੋਰ ਜ਼ਿਆਦਾ ਸਰਗਰਮ ਹੁੰਦੇ ਹਨ ਅਤੇ ਸਮਾਜਿਕ ਤੌਰ 'ਤੇ ਵੀ ਕਾਫ਼ੀ ਸਰਗਰਮ ਰਹਿੰਦੇ ਹਨ।" ਕੁਝ ਕੰਪਿਊਟਰ ਗੇਮਾਂ ਵੀ ਮਦਦ ਕਰ ਸਕਦੀਆਂ ਹਨ, ਜੇ ਉਹ ਸੋਚ-ਸਮਝ ਕੇ ਤਿਆਰ ਕੀਤੀਆਂ ਗਈਆਂ ਹੋਣ। ਉਦਾਹਰਨ ਵਜੋਂ, ਵੱਡੀ ਉਮਰ ਦੇ ਲੋਕਾਂ 'ਤੇ ਕੀਤੇ ਇੱਕ ਛੋਟੇ ਅਧਿਐਨ ਵਿੱਚ ਪਤਾ ਲੱਗਿਆ ਕਿ ਜਿਨ੍ਹਾਂ ਲੋਕਾਂ ਨੇ ਵਰਚੁਅਲ ਰੀਐਲਟੀ ਵਾਲੀ ਥਾਵਾਂ ਨੂੰ ਸਮਝਣ ਨਾਲ ਜੁੜੀ ਗੇਮ ਖੇਡੀ, ਉਨ੍ਹਾਂ ਦੀ ਯਾਦਦਾਸ਼ਤ ਵਿੱਚ ਸੁਧਾਰ ਆਇਆ। ਹਾਲਾਂਕਿ, ਇਹ ਗੇਮ ਖੋਜਕਾਰਾਂ ਵੱਲੋਂ ਤਿਆਰ ਕੀਤੀ ਗਈ ਸੀ, ਇਸ ਲਈ ਇਸ ਦਾ ਇਹ ਮਤਲਬ ਨਹੀ ਕਿ ਤੁਹਾਡੀ ਮਨਪਸੰਦ ਕੰਪਿਊਟਰ ਗੇਮ ਤੁਹਾਡੀ ਯਾਦਦਾਸ਼ਤ ਨੂੰ ਸੁਧਾਰ ਦੇਵੇਗੀ।





### 2. ਸਮਾਜਿਕ ਤੌਰ 'ਤੇ ਸਰਗਰਮ ਰਹੋ

ਇਸੇ ਤਰ੍ਹਾਂ, ਕਈ ਖੋਜਾਂ ਵਿੱਚ ਇਹ ਸਾਹਮਣੇ ਆਇਆ ਹੈ ਕਿ ਸਮਾਜਿਕ ਤੌਰ 'ਤੇ ਸਰਗਰਮ ਰਹਿਣਾ ਸਾਨੂੰ ਸੋਚਣ ਦੀ ਸਮਰੱਥਾ ਵਿੱਚ ਆਉਣ ਵਾਲੀ ਕਮੀ ਤੋਂ ਬਚਾਉਂਦਾ ਹੈ। ਉਦਾਹਰਨ ਵਜੋਂ, 100 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਉਹ ਲੋਕ ਜਿਨ੍ਹਾਂ ਦੀ ਸਮਾਜਿਕ ਭਾਗੀਦਾਰੀ ਵਧੇਰੇ ਹੁੰਦੀ ਹੈ, ਉਨ੍ਹਾਂ ਦੀ ਦਿਮਾਗ਼ੀ ਸਿਹਤ ਹੋਰ ਚੰਗੀ ਹੁੰਦੀ ਹੈ। ਇਸੇ ਤਰ੍ਹਾਂ, ਮੱਧ ਉਮਰ ਵਿੱਚ ਸਮਾਜਿਕ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਵੱਡੀ ਉਮਰ ਵਿੱਚ ਵਧੀਆ ਕੁੱਲ ਬੌਧਿਕ ਸਮਰੱਥਾ ਨਾਲ ਜੋੜਿਆ ਗਿਆ ਹੈ। ਖੋਜਕਾਰਾਂ ਨੇ ਕਿਹਾ ਕਿ ਇਹ ਗੱਲ ਇੱਕ ਵੱਡੇ ਨਿਰੀਖਣ ਅਧਿਐਨ ਵਿੱਚ ਵੀ ਸਾਹਮਣੇ ਆਈ, ਜਿਸ ਵਿੱਚ ਪਤਾ ਲੱਗਿਆ ਕਿ ਜਿਹੜੇ ਲੋਕ ਮੱਧ ਉਮਰ ਅਤੇ ਬਾਅਦ ਦੀ ਉਮਰ ਵਿੱਚ ਵਧੇਰੇ ਸਮਾਜਿਕ ਤੌਰ 'ਤੇ ਸਰਗਰਮ ਰਹੇ, ਉਨ੍ਹਾਂ ਵਿੱਚ ਡਿਮੈਂਸ਼ੀਆ ਦਾ ਖ਼ਤਰਾ 30 ਤੋਂ 50 ਫ਼ੀਸਦੀ ਘੱਟ ਸੀ, ਕਿਉਂਕਿ ਇਸ ਨਾਲ "ਕੋਗਨਿਟਿਵ ਰਿਜ਼ਰਵ" ਵਧਦਾ ਹੈ। ਸਮਾਜਿਕ ਤੌਰ 'ਤੇ ਸਰਗਰਮ ਰਹਿਣਾ ਲੱਛਣਾਂ ਨੂੰ ਦੇਰ ਨਾਲ ਆਉਣ ਵਿੱਚ ਵੀ ਮਦਦ ਕਰ ਸਕਦਾ ਹੈ। 1,923 ਵੱਡੀ ਉਮਰ ਦੇ ਲੋਕਾਂ 'ਤੇ ਕੀਤੇ ਇੱਕ ਅਧਿਐਨ ਵਿੱਚ ਪਤਾ ਲੱਗਿਆ ਕਿ ਜਿਹੜੇ ਲੋਕ ਬਾਅਦ ਵਿੱਚ ਡਿਮੈਂਸ਼ੀਆ ਨਾਲ ਪ੍ਰਭਾਵਿਤ ਹੋਏ, ਉਨ੍ਹਾਂ ਵਿੱਚ ਸਭ ਤੋਂ ਘੱਟ ਸਮਾਜਿਕ ਤੌਰ 'ਤੇ ਸਰਗਰਮ ਲੋਕਾਂ ਨੂੰ ਇਹ ਬਿਮਾਰੀ ਸਭ ਤੋਂ ਵੱਧ ਸਮਾਜਿਕ ਤੌਰ 'ਤੇ ਸਰਗਰਮ ਲੋਕਾਂ ਦੇ ਮੁਕਾਬਲੇ ਪੰਜ ਸਾਲ ਪਹਿਲਾਂ ਹੋ ਗਈ ਸੀ। ਲੰਡਨ ਦੇ ਕਿੰਗਜ਼ ਕਾਲਜ ਦੀ ਮਹਾਮਾਰੀ ਵਿਗਿਆਨੀ ਪਾਮੇਲਾ ਅਲਮੇਡਾ-ਮੇਜ਼ਾ ਕਹਿੰਦੀ ਹਨ, "ਸੁਰੱਖਿਆ ਦੇਣ ਵਾਲਾ ਤੱਤ ਗੱਲਬਾਤ ਕਰਨ, ਚਰਚਾ ਕਰਨ ਅਤੇ ਵਿਚਾਰ ਸਾਂਝੇ ਕਰਨ ਦੀ ਸਮਰੱਥਾ ਹੈ। ਇਸ ਤਰ੍ਹਾਂ ਦੀਆਂ ਗੱਲਬਾਤਾਂ ਦਿਮਾਗ਼ ਲਈ ਵੀ ਸੁਰੱਖਿਆ ਵਾਲਾ ਪ੍ਰਭਾਵ ਰੱਖ ਸਕਦੀਆਂ ਹਨ।" ਜਦੋਂ ਅਸੀ ਹੋਰ ਲੋਕਾਂ ਨਾਲ ਗੱਲਬਾਤ ਕਰਦੇ ਹਾਂ ਤਾਂ ਅਸੀ ਦਿਮਾਗ਼ ਦੇ ਕਈ ਹਿੱਸਿਆਂ ਦੀ ਵਰਤੋਂ ਕਰਦੇ ਹਾਂ, ਜਿਵੇਂ ਭਾਸ਼ਾ, ਯਾਦਦਾਸ਼ਤ ਅਤੇ ਅੱਗੇ ਦੀ ਯੋਜਨਾ ਬਣਾਉਣ ਨਾਲ ਜੁੜੇ ਹਿੱਸੇ। ਗਾਉ ਕਹਿੰਦੇ ਹਨ, "ਇਸ ਵਿੱਚ ਮਾਨਸਿਕ ਤੌਰ 'ਤੇ ਉਤਸ਼ਾਹਿਤ ਕਰਨ ਵਾਲਾ ਪੱਖ ਹੁੰਦਾ ਹੈ। ਇਸ ਨਾਲ ਦਿਮਾਗ਼ ਦੀ ਸਿਹਤ ਨੂੰ ਫਾਇਦਾ ਹੋ ਸਕਦਾ ਹੈ, ਪਰ ਅਸੀ ਇਹ ਵੀ ਜਾਣਦੇ ਹਾਂ ਕਿ ਚੰਗੇ ਸਮਾਜਿਕ ਸੰਬੰਧ ਕਈ ਕਿਸਮ ਦੇ ਸਰੀਰਕ ਤਣਾਅ ਘਟਾਉਂਦੇ ਹਨ।"

### 3. ਸਾਰੀ ਉਮਰ ਸਿੱਖਦੇ ਰਹੋ

ਸਾਰੀ ਉਮਰ ਸਿੱਖਦੇ ਰਹਿਣ ਨਾਲ ਵੀ ਸਿਹਤ ਦੀ ਰੱਖਿਆ ਕਰਨ ਵਾਲੇ ਇਹੋ ਜਿਹੇ ਫਾਇਦੇ ਮਿਲ ਸਕਦੇ ਹਨ। ਸਾਡਾ ਦਿਮਾਗ਼ ਚੁਣੌਤੀ ਅਤੇ ਨਵੀ ਚੀਜ਼ਾਂ ਨਾਲ ਖ਼ੁਸ਼ ਰਹਿੰਦਾ ਹੈ, ਕਿਉਂਕਿ ਇਸ ਨਾਲ ਦਿਮਾਗ਼ ਦੇ ਉਹ ਹਿੱਸੇ ਮਜ਼ਬੂਤ ਹੁੰਦੇ ਹਨ ਜੋ ਉਮਰ ਦੇ ਪ੍ਰਭਾਵ ਲਈ ਸਭ ਤੋਂ ਵੱਧ ਸੰਵੇਦਨਸ਼ੀਲ ਹੁੰਦੇ ਹਨ। ਜਦੋਂ ਅਸੀ ਆਪਣੇ ਦਿਮਾਗ਼ ਨੂੰ ਸਰਗਰਮ ਰੱਖਦੇ ਹਾਂ, ਤਾਂ ਇਹ ਸੋਚਣ ਦੀ ਸਮਰੱਥਾ ਵਿੱਚ ਆਉਣ ਵਾਲੀ ਕਮੀ ਨੂੰ ਹੌਲਾ ਕਰਨ ਵਿੱਚ ਮਦਦ ਕਰਦਾ ਹੈ। ਇਸ ਦਾ ਇੱਕ ਮੁੱਖ ਕਾਰਨ ਇਹ ਹੈ ਕਿ ਸਿੱਖਣਾ ਨਵੇਂ ਨਿਊਰੋਨ ਬਣਾਉਂਦਾ ਹੈ ਅਤੇ ਮੌਜੂਦਾ ਨਿਊਰੋਨਜ਼ ਨੂੰ ਮਜ਼ਬੂਤ ਕਰਦਾ ਹੈ, ਜੋ ਉਮਰ ਵਧਣ ਅਤੇ ਕੋਸ਼ਿਕਾਵਾਂ ਦੇ ਮਰਨ ਦੇ ਪ੍ਰਭਾਵ ਤੋਂ ਸੁਰੱਖਿਆ ਦੇ ਸਕਦੇ ਹਨ। ਇਸਨੂੰ "ਨਿਊਰੋਪਲਾਸਟਿਸਿਟੀ" ਕਿਹਾ ਜਾਂਦਾ ਹੈ, ਜੋ ਦਿਮਾਗ਼ ਦੀ ਉਹ ਸਮਰੱਥਾ ਹੈ ਜਿਸ ਨਾਲ ਉਹ ਪੂਰੀ ਉਮਰ ਦੌਰਾਨ ਆਪਣੇ ਆਪ ਨੂੰ ਬਦਲ ਅਤੇ ਢਾਲ ਸਕਦਾ ਹੈ। ਚੈਨ ਕਹਿੰਦੇ ਹਨ, "ਇਹੀ ਲਚਕੀਲਾਪਣ ਅਤੇ ਨਵੀਆਂ ਨਰਵ ਕੋਸ਼ਿਕਾਵਾਂ ਅਤੇ ਸਾਇਨੈਪਸ ਬਣਾਉਣ ਦੀ ਸਮਰੱਥਾ ਲੋਕਾਂ ਨੂੰ ਅਲਜ਼ਾਈਮਰ ਦੇ ਖਿਲਾਫ ਮਜ਼ਬੂਤੀ ਦਿੰਦੀ ਹੈ।"

ਅਸੀ ਸਾਰੇ ਉਮਰ ਦੇ ਨਾਲ ਆਪਣਾ "ਕੋਗਨਿਟਿਵ ਰਿਜ਼ਰਵ" ਵਧਾ ਸਕਦੇ ਹਾਂ। ਬਚਪਨ ਤੋਂ ਲੈ ਕੇ 60 ਦੇ ਆਖ਼ਰੀ ਸਾਲਾਂ ਤੱਕ ਲੋਕਾਂ ਦਾ ਪਿੱਛਾ ਕਰਨ ਵਾਲੇ ਇੱਕ ਲੰਬੇ ਸਮੇਂ ਦੇ ਅਧਿਐਨ ਵਿੱਚ, ਅਲਮੇਡਾ-ਮੇਜ਼ਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਪਤਾ ਲਗਾਇਆ ਕਿ ਸਿੱਖਿਆ ਅਤੇ ਮਨੋਰੰਜਨ ਵਾਲੀਆਂ ਗਤੀਵਿਧੀਆਂ ਵਰਗੀਆਂ ਲਾਭਦਾਇਕ ਗਤੀਵਿਧੀਆਂ ਰਾਹੀ "ਕੋਗਨਿਟਿਵ ਰਿਜ਼ਰਵ" ਵਧਦਾ ਹੈ। ਜਿਨ੍ਹਾਂ ਲੋਕਾਂ ਨੇ ਇਸਨੂੰ ਵਧਾਇਆ, ਉਨ੍ਹਾਂ ਵਿੱਚ ਯਾਦਦਾਸ਼ਤ ਦੀ ਕਮੀ ਘੱਟ ਵੇਖੀ ਗਈ, ਇੱਥੋਂ ਤੱਕ ਕਿ ਉਹਨਾਂ ਵਿੱਚ ਵੀ ਜਿਨ੍ਹਾਂ ਦੇ ਬਚਪਨ ਵਿੱਚ ਬੌਧਿਕ ਟੈਸਟਾਂ ਦੇ ਅੰਕ ਘੱਟ ਸਨ। ਅਲਮੇਡਾ-ਮੇਜ਼ਾ ਕਹਿੰਦੀ ਹਨ ਕਿ ਭਾਵੇਂ ਅਸੀ ਕਿਸੇ ਵੀ ਉਮਰ ਵਿੱਚ ਇਸ ਦਾ ਫਾਇਦਾ ਲੈ ਸਕਦੇ ਹਾਂ, ਪਰ ਇਹ ਜ਼ਿੰਦਗੀ ਦੇ ਬਾਅਦ ਵਾਲੇ ਹਿੱਸੇ ਵਿੱਚ ਖ਼ਾਸ ਤੌਰ 'ਤੇ ਮਹੱਤਵਪੂਰਨ ਹੋ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਜਿਵੇਂ ਜਿਵੇਂ ਉਮਰ ਵਧਦੀ ਹੈ, ਸਾਡੀ ਰੋਜ਼ਾਨਾ ਦੀ ਜ਼ਿੰਦਗੀ ਹੋਰ ਜ਼ਿਆਦਾ ਰੁਟੀਨ ਵਾਲੀ ਬਣ ਜਾਂਦੀ ਹੈ ਅਤੇ ਸਾਨੂੰ ਨਵੀਆਂ ਚੀਜ਼ਾਂ ਸਿੱਖਣ ਦੇ ਮੌਕੇ ਘੱਟ ਮਿਲਦੇ ਹਨ। ਅਖ਼ੀਰ ਵਿੱਚ, ਇਹ ਗੱਲ ਸਾਫ਼ ਹੈ ਕਿ ਕੋਈ ਵੀ ਐਹੋ ਜਿਹੀ ਗਤੀਵਿਧੀ ਜੋ ਦਿਮਾਗ਼ ਨੂੰ ਉਤਸ਼ਾਹਿਤ ਕਰਦੀ ਹੈ, ਕੁੱਲ ਸਿਹਤ ਲਈ ਫਾਇਦੇਮੰਦ ਹੁੰਦੀ ਹੈ, ਭਾਵੇਂ ਚਾਹੇ ਉਹ ਸੈਰ ਦੌਰਾਨ ਨਵਾਂ ਰਸਤਾ ਅਪਣਾਉਣਾ ਹੋਵੇ, ਜਾਂ ਸਮਾਜਿਕ ਰਿਸ਼ਤਿਆਂ ਨੂੰ ਤਰਜੀਹ ਦੇਣਾ ਹੋਵੇ। ਇਹ ਸਭ ਕੁਝ ਇੱਕ ਮਜ਼ਬੂਤ ਦਿਮਾਗ਼ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ ਉਮਰ ਨਾਲ ਜੁੜੀ ਕਮੀ ਨੂੰ ਹੌਲਾ ਕਰਦਾ ਹੈ, ਨਾਲ ਹੀ ਜ਼ਿੰਦਗੀ ਨੂੰ ਹੋਰ ਮਜ਼ੇਦਾਰ ਵੀ ਬਣਾਉਂਦਾ ਹੈ।

# ਸਟਾਰਡਮ, ਸਰਜਰੀ ਅਤੇ ਸੁੰਦਰਤਾ

ਬਲਰਾਜ ਸਿੰਘ ਸਿੱਧੂ

**ਬੌਲੀਵੁੱਡ** ਦੀ ਚਮਕ-ਧਮਕ ਨਾਲ ਭਰੀ ਦੁਨੀਆ ਵਿੱਚ ਸੁੰਦਰਤਾ ਸਿਰਫ਼ ਇੱਕ ਗੁਣ ਨਹੀ, ਸਗੋਂ ਇਹ ਕਾਮਯਾਬੀ ਦੀ ਇੱਕ ਸ਼ਰਤ ਬਣਦੀ ਜਾ ਰਹੀ ਹੈ। ਇੱਥੇ ਹਰ ਚਿਹਰਾ ਕੈਮਰੇ ਦੇ ਸਾਹਮਣੇ ਸੰਪੂਰਨ ਤਸਵੀਰ ਬਣਨ ਦੀ ਦੌੜ ਵਿੱਚ ਹੈ। ਇਸ ਦੌੜ ਵਿੱਚ ਪਲਾਸਟਿਕ ਸਰਜਰੀ ਇੱਕ ਅਜਿਹਾ ਹਥਿਆਰ ਬਣ ਕੇ ਉੱਭਰੀ ਹੈ, ਜਿਸ ਨੇ ਕਈ ਸਿਤਾਰਿਆਂ ਦੀ ਦਿੱਖ ਨੂੰ ਨਵਾਂ ਰੂਪ ਦਿੱਤਾ ਹੈ। ਕੁਝ ਲਈ ਇਹ ਆਤਮ-ਵਿਸ਼ਵਾਸ ਦਾ ਸਾਧਨ ਹੈ, ਤਾਂ ਕੁਝ ਲਈ ਇਹ ਕੁਦਰਤੀ ਖ਼ੂਬਸੂਰਤੀ ਨਾਲ ਖੇਡ ਕੇ ਖ਼ਤਰਾ ਮੁੱਲ ਲੈਣਾ।

ਆਮ ਲੋਕ ਫਿਲਮੀ ਸਿਤਾਰਿਆਂ ਦੀ ਖ਼ੂਬਸੂਰਤੀ ਤੋਂ ਜਬਰਦਸਤ ਪ੍ਰਭਾਵਿਤ ਹੁੰਦੇ ਹਨ। ਤਿੱਖੇ ਨੈਣ ਨਕਸ਼, ਤਰਾਸ਼ੇ ਹੋਏ ਨੱਕ, ਯੂਨਾਨੀ ਦੇਵਤਿਆਂ ਦੀਆਂ ਮੂਰਤੀਆਂ ਵਰਗੇ ਮਜ਼ਬੂਤ ਜਬਾੜੇ ਅਤੇ ਦੁੱਧ ਵਰਗੀ ਸਾਫ਼ ਸ਼ਫਾਕ ਚਮੜੀ। ਕਦੇ ਕਿਸੇ ਨੇ ਸੋਚਿਆ ਹੈ ਕਿ ਜਿਹੜੀ ਇਹ ਖ਼ੂਬਸੂਰਤੀ ਵਿਖਾਈ ਜਾ ਰਹੀ ਹੈ ਇਹ ਕਿੰਨੀ ਅਸਲੀ ਹੈ? ਸਿਤਾਰਿਆਂ ਨੂੰ ਵੇਖ ਕੇ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਕਾਸ਼! ਮੇਰਾ ਨੱਕ ਵੀ ਅਜਿਹਾ ਹੁੰਦਾ, ਮੇਰੀ ਫਿਗਰ ਵੀ ਅਜਿਹੀ ਕੜਕ ਹੁੰਦੀ ਅਤੇ ਮੇਰੀ ਚਮੜੀ ਵੀ ਅਜਿਹੀ ਸਾਫ਼ ਸ਼ਫਾਕ ਹੁੰਦੀ, ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਸਿਤਾਰਿਆਂ ਦੀ ਜਿਸ ਖ਼ੂਬਸੂਰਤੀ ਨੂੰ ਅਸੀ ਰੱਬ ਵੱਲੋਂ ਬਖ਼ਸ਼ੀ ਹੋਈ ਦਾਤ ਸਮਝ ਰਹੇ ਹਾਂ, ਅਸਲ ਵਿੱਚ ਉਹ ਡਾਕਟਰਾਂ ਦੁਆਰਾ ਆਪਰੇਸ਼ਨ ਥੀਏਟਰਾਂ ਵਿੱਚ ਤਿਆਰ ਕੀਤੀ ਗਈ ਹੁੰਦੀ ਹੈ।

ਹੌਲੀਵੁੱਡ-ਬੌਲੀਵੁੱਡ ਸਿਤਾਰਿਆਂ ਦੀ ਇਸ ਖ਼ੂਬਸੂਰਤੀ ਦੇ ਮਿਆਰ ਇੰਨੇ ਜ਼ਹਿਰੀਲੇ ਹੋ ਚੁੱਕੇ ਹਨ ਕਿ ਕੋਈ ਨੱਕ ਦੀ ਪਲਾਸਟਿਕ ਸਰਜਰੀ ਕਰਵਾ ਰਿਹਾ ਹੈ, ਕੋਈ ਛਾਤੀ ਨੂੰ ਵੱਡੀ ਕਰਵਾਉਂਦੀ ਹੈ, ਕੋਈ ਜਬਾੜੇ ਦੀ ਹੱਡੀ ਨੂੰ ਠੀਕ ਕਰਵਾਉਂਦਾ ਹੈ ਤੇ ਕੋਈ ਰੰਗ ਗੋਰਾ ਕਰਨ ਲਈ ਗਲੂਟਾਥੀਉਨ ਇੰਜੈਕਸ਼ਨ ਲਗਵਾਉਂਦਾ ਹੈ। ਝੁਰੜੀਆਂ ਖਤਮ ਕਰਨ ਲਈ ਫੇਸ ਲਿਫਟ ਸਰਜਰੀ ਅਤੇ ਬੋਟੌਕਸ ਦੇ ਟੀਕੇ ਲਗਵਾਉਣਾ, ਗੰਜਾਪਣ ਖ਼ਤਮ ਕਰਨ ਲਈ ਹੇਅਰ ਟਰਾਂਸਪਲਾਂਟ ਤੇ ਚਰਬੀ ਘਟਾਉਣ ਲਈ ਲਿਪੋਸਕਸ਼ਨ ਆਦਿ ਕਰਵਾਉਣਾ ਆਮ ਜਿਹੀ ਗੱਲ ਹੋ ਗਈ ਹੈ। ਦੁਨੀਆ ਦੀ ਸਭ ਤੋਂ ਖ਼ਤਰਨਾਕ ਸਰਜਰੀ ਬ੍ਰਾਜ਼ੀਲੀਅਨ ਬੱਟ ਲਿਫਟ ਸਰਜਰੀ ਹੈ ਜਿਸ ਦੁਆਰਾ ਚਾਹਵਾਨਾਂ ਦੇ ਹਿਪਸ ਵੱਡੇ ਕੀਤੇ ਜਾਂਦੇ ਹਨ, ਪਰ ਇਸ ਸਰਜਰੀ ਦੌਰਾਨ ਮਰਨ ਦੀ ਦਰ 3000 ਵਿੱਚ ਇੱਕ ਹੈ ਜੋ ਮੈਡੀਕਲ ਸਾਇੰਸ ਵਿੱਚ ਬਹੁਤ ਵੱਡੀ ਮੰਨੀ ਜਾਂਦੀ ਹੈ। ਫਿਰ ਵੀ ਹਰ ਸਾਲ ਵਿਕਸਤ ਦੇਸ਼ਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਇਹ ਸਰਜਰੀ ਕਰਵਾਈ ਜਾਂਦੀ ਹੈ ਜਿਸ ਦੇ ਫਲਸਵਰੂਪ ਅਨੇਕਾਂ ਲੋਕ ਮੌਤ ਦੇ ਮੂੰਹ ਵਿੱਚ ਜਾ ਪੈਂਦੇ ਹਨ।

ਫਿਲਮੀ ਸਿਤਾਰਿਆਂ ਦਾ ਇਹ ਪਾਗਲਪਣ ਆਮ ਨੌਜਵਾਨਾਂ 'ਤੇ ਬਹੁਤ ਮਾਰੂ ਪ੍ਰਭਾਵ ਪਾ ਰਿਹਾ ਹੈ। 2024 ਵਿੱਚ ਕੋਇੰਬਟੂਰ ਦੀ ਅੰਮ੍ਰਿਤਾ ਵਿਸ਼ਵ ਵਿਦਿਆਪੀਠਮ ਯੂਨੀਵਰਸਿਟੀ ਨੇ ਇਸ ਸਬੰਧੀ ਇੱਕ ਅਧਿਐਨ ਕੀਤਾ ਤਾਂ ਪਤਾ ਚੱਲਿਆ ਕਿ 77% ਲੜਕੇ-ਲੜਕੀਆਂ ਆਪਣੀ ਸਰੀਰਕ ਬਣਤਰ ਤੋਂ ਖ਼ੁਸ਼ ਨਹੀ ਹਨ। ਕਿੰਨੀ ਬੁਰੀ ਗੱਲ ਹੈ ਕਿ ਅਸੀ ਖ਼ੁਦ ਹੀ ਮੰਨ ਲਿਆ ਹੈ ਕਿ ਅਸੀ ਖ਼ੂਬਸੂਰਤ ਨਹੀ ਹਾਂ। ਪਲਾਸਟਿਕ ਸਰਜਰੀ ਅੱਜ ਅਰਬਾਂ ਖਰਬਾਂ ਡਾਲਰ ਦਾ ਕਾਰੋਬਾਰ ਬਣ ਚੁੱਕਿਆ ਹੈ। ਇਸ ਦਾ ਸਿਰਫ਼ ਇੱਕ ਹੀ ਕੰਮ ਹੈ ਨਕਲੀ ਤਰੀਕੇ ਨਾਲ ਲੋਕਾਂ ਦੀ ਵਧਦੀ ਹੋਈ ਉਮਰ ਨੂੰ ਕੁਝ ਦੇਰ ਲਈ ਰੋਕ ਦੇਣਾ ਤੇ ਉਨ੍ਹਾਂ ਨੂੰ ਆਪਣੇ ਚਿਹਰੇ ਅਤੇ ਸਰੀਰ ਨਾਲ ਘ੍ਰਿਣਾ ਕਰਨ ਲਈ ਮਜਬੂਰ ਕਰਨਾ। ਸੱਚਾਈ ਇਹ ਹੈ ਕਿ ਅੱਜ 90% ਬੌਲੀਵੁੱਡ ਹੀਰੋ-ਹੀਰੋਇਨਾਂ ਨੇ ਹੋਰ ਜ਼ਿਆਦਾ ਖ਼ੂਬਸੂਰਤ ਲੱਗਣ ਲਈ ਕਾਸਮੈਟਿਕ ਸਰਜਰੀ ਕਰਵਾ ਰੱਖੀ ਹੈ, ਪਰ ਦੱਖਣ ਦੇ ਸੁਪਰ ਸਟਾਰ ਕਮਲ ਹਸਨ ਦੀ ਬੇਟੀ ਸ਼ਰੁਤੀ ਹਸਨ, ਅਨੁਸ਼ਕਾ ਸ਼ਰਮਾ, ਪ੍ਰਿਅੰਕਾ ਚੋਪੜਾ, ਸ੍ਰੀ ਦੇਵੀ ਦੀ ਬੇਟੀ ਖ਼ੁਸ਼ੀ ਕਪੂਰ, ਰਾਖੀ ਸਾਵੰਤ ਅਤੇ ਸ਼ਿਲਪਾ ਸ਼ੈੱਟੀ ਨੂੰ ਛੱਡ ਕੇ ਬਹੁਤ ਘੱਟ ਸਿਤਾਰੇ ਇਸ ਨੂੰ ਸਵੀਕਾਰ ਕਰਦੇ ਹਨ। ਰਾਖੀ ਸਾਵੰਤ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਜੋ ਚੀਜ਼ਾਂ ਰੱਬ ਨਹੀ ਦਿੰਦਾ, ਉਹ ਡਾਕਟਰ ਦੇ ਦਿੰਦਾ ਹੈ।

ਕਈ ਸਿਤਾਰੇ ਅਜਿਹੇ ਹਨ ਕਿ ਜਿਨ੍ਹਾਂ ਨੇ ਕਦੇ ਵੀ ਇਹ ਨਹੀ ਮੰਨਿਆ ਕਿ ਉਨ੍ਹਾਂ ਨੇ ਸਰਜਰੀ ਕਰਵਾਈ ਹੈ, ਪਰ ਉਨ੍ਹਾਂ ਦੀਆਂ ਪੁਰਾਣੀਆਂ ਅਤੇ ਨਵੀਆਂ ਫੋਟੋ ਵੇਖ ਕੇ ਇਹ ਗੱਲ ਸਾਫ਼ ਪਤਾ ਲੱਗ ਜਾਂਦੀ ਹੈ। ਪਲਾਸਟਿਕ ਸਰਜਰੀ ਨਾਮ ਵੇਖ ਕੇ ਲੱਗਦਾ ਹੈ ਕਿ ਇਹ ਸ਼ਾਇਦ ਕੋਈ 40-50 ਸਾਲ ਪਹਿਲਾਂ ਸ਼ੁਰੂ ਹੋਈ ਹੋਵੇਗੀ, ਪਰ ਅਸਲ ਵਿੱਚ ਇਹ ਹਜ਼ਾਰਾਂ ਸਾਲਾਂ ਤੋਂ ਕੀਤੀ ਜਾ ਰਹੀ ਹੈ। ਕਰੀਬ 3100 ਸਾਲ ਪਹਿਲਾਂ 600 ਬੀ.ਸੀ. ਵਿੱਚ ਸੁਸ਼ਰਤ ਨਾਮਕ ਭਾਰਤੀ ਵੈਦ ਨੇ ਪਲਾਸਟਿਕ ਸਰਜਰੀ ਸ਼ੁਰੂ ਕੀਤੀ ਸੀ, ਪਰ ਉਹ ਪਲਾਸਟਿਕ ਸਰਜਰੀ ਕਿਸੇ ਨੂੰ ਖ਼ੂਬਸੂਰਤ ਬਣਾਉਣ ਲਈ ਨਹੀ ਬਲਕਿ ਇਲਾਜ ਵਾਸਤੇ ਸੀ। ਉਸ ਨੇ ਨੱਕ, ਅੱਖ ਅਤੇ ਚਿਹਰੇ ਦਾ ਆਪਰੇਸ਼ਨ ਕਰ ਕੇ ਠੀਕ ਕਰਨ, ਇਲਾਜ ਤੋਂ ਬਾਅਦ ਦੀ ਦੇਖਭਾਲ ਅਤੇ ਆਪਰੇਸ਼ਨ ਦੌਰਾਨ ਬੇਹੋਸ਼ ਕਰਨ ਸਬੰਧੀ ਆਪਣੇ ਗ੍ਰੰਥ 'ਸੁਸ਼ਰਤ ਸੰਹਿਤਾ' ਵਿੱਚ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ।

ਦਰਅਸਲ, ਪਲਾਸਟਿਕ ਸਰਜਰੀ ਵਿੱਚ ਕ੍ਰਾਂਤੀ ਦੂਸਰੇ ਸੰਸਾਰ ਯੁੱਧ ਦੌਰਾਨ ਆਈ ਸੀ। ਜੰਗ ਕਾਰਨ ਹਜ਼ਾਰਾਂ ਸੈਨਿਕਾਂ ਦੇ ਕੱਟੇ ਵੱਢੇ ਚਿਹਰਿਆਂ ਨੂੰ ਠੀਕ ਕਰਨ ਦੀ ਮਜਬੂਰੀ ਕਾਰਨ ਇਸ ਖੇਤਰ ਵਿੱਚ ਵੱਡੀਆਂ ਖੋਜਾਂ ਕੀਤੀਆਂ ਗਈਆਂ ਸਨ। ਇਸ ਕ੍ਰਾਂਤੀ ਦਾ ਸਿਹਰਾ ਨਿਊਜ਼ੀਲੈਂਡ ਦੇ ਸਰਜਨ ਹਾਰੋਲਡ ਗਿਲੀਜ਼ ਦੇ ਸਿਰ ਬੱਝਦਾ ਹੈ ਜਿਸ ਨੂੰ ਪਲਾਸਟਿਕ ਸਰਜਰੀ ਦਾ ਪਿਤਾਮਾ ਕਿਹਾ ਜਾਂਦਾ ਹੈ। ਉਸ ਨੇ ਨਵੀਆਂ ਤਕਨੀਕਾਂ ਨਾਲ ਹਜ਼ਾਰਾਂ ਸੈਨਿਕਾਂ ਦੇ ਚਿਹਰਿਆਂ ਦੀ ਪਲਾਸਟਿਕ ਸਰਜਰੀ ਕੀਤੀ ਜਿਸ ਕਾਰਨ ਉਹ ਸਮਾਜ ਵਿੱਚ ਆਮ ਜ਼ਿੰਦਗੀ ਬਤੀਤ ਕਰਨ ਦੇ ਕਾਬਲ ਬਣੇ। ਇਸ ਤੋਂ ਬਾਅਦ ਇਸ ਖੇਤਰ ਵਿੱਚ ਨਵੀਆਂ ਤੋਂ ਨਵੀਆਂ ਖੋਜਾਂ





ਸ਼ੁਰੂ ਹੋ ਗਈਆਂ ਤੇ ਹੌਲੀਵੁੱਡ ਵਿੱਚ ਪਲਾਸਟਿਕ ਸਰਜਰੀ ਹਰਮਨਪਿਆਰੀ ਹੋਣ ਲੱਗ ਪਈ। ਫਰਕ ਇਹ ਸੀ ਕਿ ਹੁਣ ਸਰਜਰੀ ਕਿਸੇ ਸੱਟ ਨੂੰ ਠੀਕ ਕਰਨ ਲਈ ਨਹੀ ਸਗੋਂ ਖ਼ੂਬਸੂਰਤ ਲੱਗਣ ਲਈ ਕੀਤੀ ਜਾਣ ਲੱਗੀ ਸੀ। ਅਮਰੀਕਾ ਵਿੱਚ ਪਲਾਸਟਿਕ ਸਰਜਰੀ ਕਰਨ ਵਾਲੇ ਕਲੀਨਿਕ ਖੁੰਬਾਂ ਵਾਂਗ ਉੱਗਣ ਲੱਗ ਪਏ ਤੇ 1980 ਤੱਕ ਇਹ ਅਰਬਾਂ ਖਰਬਾਂ ਡਾਲਰ ਦਾ ਕਾਰੋਬਾਰ ਬਣ ਗਿਆ।

ਖ਼ੂਬਸੂਰਤੀ ਕੀ ਹੈ ? ਇਹ ਇੱਕ ਬਹੁਤ ਗੁੰਝਲਦਾਰ ਸਵਾਲ ਹੈ ਤੇ ਹਰੇਕ ਸਮਾਜ ਵਿੱਚ ਇਸ ਦੇ ਅਰਥ ਅਲੱਗ ਅਲੱਗ ਹਨ। ਅਫ਼ਰੀਕਾ ਵਿੱਚ ਮੋਟੇ ਬੁੱਲ੍ਹ ਹੋਣ ਨੂੰ, ਭਾਰਤ ਵਿੱਚ ਮੋਟੀਆਂ ਅੱਖਾਂ ਤੇ ਚੀਨੀ ਨਸਲ ਵਿੱਚ ਤਿੱਖੀਆਂ ਤੇ ਛੋਟੀਆਂ ਅੱਖਾਂ ਨੂੰ ਖ਼ੂਬਸੂਰਤੀ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਬਰਮਾ ਦੇ ਇੱਕ ਕਬੀਲੇ ਵਿੱਚ ਲੜਕੀਆਂ ਦੀਆਂ ਗਰਦਨਾਂ ਧਾਤ ਦੇ ਛੱਲੇ ਪਾ ਕੇ ਬਤਖ ਵਾਂਗ ਲੰਬੀਆਂ ਕਰ ਦਿੱਤੀਆਂ ਜਾਂਦੀਆਂ ਹਨ। ਉੱਤਰੀ ਭਾਰਤ ਵਿੱਚ ਗੋਰੇ ਤੇ ਦੱਖਣੀ ਭਾਰਤ ਵਿੱਚ ਕਾਲੇ ਰੰਗ ਨੂੰ ਖ਼ੂਬਸੂਰਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। 1990ਵਿਆਂ ਵਿੱਚ ਜ਼ੀਰੋ ਫਿਗਰ (ਪੈਨਸਿਲ ਵਰਗੀਆਂ ਪਤਲੀਆਂ ਲੜਕੀਆਂ) ਨੂੰ ਖ਼ੂਬਸੂਰਤ ਮੰਨਿਆ ਜਾਂਦਾ ਸੀ ਜਦ ਕਿ ਅੱਜਕੱਲ੍ਹ ਸਿਹਤਮੰਦ ਲੜਕੀਆਂ ਨੂੰ।

ਹੌਲੀਵੁੱਡ ਵਿੱਚ ਪਲਾਸਟਿਕ ਸਰਜਰੀ ਇੰਨੀ ਆਮ ਗੱਲ ਹੋ ਚੁੱਕੀ ਹੈ ਜਿਸ ਬਾਰੇ ਹੁਣ ਕੋਈ ਗੱਲ ਵੀ ਨਹੀ ਕਰਦਾ, ਪਰ ਬੌਲੀਵੁੱਡ ਵਿੱਚ ਇਹ ਅਜੇ ਵੀ ਇੱਕ ਹਊਆ ਹੈ। ਪਲਾਸਟਿਕ ਸਰਜਰੀ ਕਰਾਉਣ ਵਾਲੇ ਹੀਰੋ-ਹੀਰੋਇਨਾਂ ਬਾਰੇ ਪਿੱਠ ਪਿੱਛੇ ਚੁਗਲੀਆਂ ਕੀਤੀ ਜਾਂਦੀਆਂ ਹਨ ਤੇ ਗਾਸਿਪ ਮੈਗਜ਼ੀਨਾਂ ਵਿੱਚ ਛਾਪਿਆ ਜਾਂਦਾ ਹੈ। ਬੌਲੀਵੁੱਡ ਦੇ ਸਿਤਾਰੇ (ਕੁਝ ਕੁ ਨੂੰ ਛੱਡ ਕੇ) ਸਰਜਰੀ ਕਰਵਾਉਣ ਬਾਰੇ ਬਿਲਕੁਲ ਵੀ ਨਹੀ ਮੰਨਦੇ, ਪਰ ਉਨ੍ਹਾਂ ਦੀਆਂ ਪੁਰਾਣੀਆਂ ਤੇ ਨਵੀਆਂ ਤਸਵੀਰਾਂ ਵੇਖ ਕੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਰਜਰੀ ਕਰਵਾਈ ਗਈ ਹੈ। ਮਿਸਾਲ ਦੇ ਤੌਰ 'ਤੇ ਉਰਵਸ਼ੀ ਰੌਟੇਲਾ, ਆਇਸ਼ਾ ਟਾਕੀਆ ਤੇ ਮੌਨੀ ਰਾਏ ਆਦਿ ਦੇ ਪਹਿਲਾਂ ਦੇ ਨੱਕ, ਗੱਲ੍ਹਾਂ ਦੀਆਂ ਹੱਡੀਆਂ ਅਤੇ ਬੁੱਲ੍ਹਾਂ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਸਿਰਫ਼ ਹੀਰੋਇਨਾਂ ਹੀ ਨਹੀ, ਬਲਕਿ ਐਕਟਰ ਵੀ ਅਜਿਹੀਆਂ ਸਰਜਰੀਆਂ ਕਰਵਾ ਰਹੇ ਹਨ ਜਿਨ੍ਹਾਂ ਵਿੱਚ ਪ੍ਰਮੁੱਖ ਟਾਈਗਰ ਸ਼ਰਾਫ ਅਤੇ ਰਾਜ ਕੁਮਾਰ ਰਾਉ ਹਨ। ਰਾਜ ਕੁਮਾਰ ਰਾਉ ਨੇ ਤਾਂ ਇਹ ਗੱਲ ਸਵੀਕਾਰ ਵੀ ਕੀਤੀ ਹੈ।

ਸੱਠ ਸਾਲ ਦੀ ਉਮਰ ਵਿੱਚ ਵੀ ਆਮਿਰ ਖਾਨ, ਸਲਮਾਨ ਖਾਨ ਅਤੇ ਸ਼ਾਹਰੁਖ ਖਾਨ ਆਦਿ ਵਰਗੇ ਸਟਾਰਾਂ ਦੇ ਚਿਹਰਿਆਂ 'ਤੇ ਝੁਰੜੀਆਂ ਦਿਖਾਈ ਨਾ ਦੇਣ ਦਾ ਕਾਰਨ ਬੋਟੌਕਸ ਇੰਜੈਕਸ਼ਨ ਹੈ। ਬੋਟੌਕਸ ਇੱਕ ਕਿਸਮ ਦਾ ਨਿਊਰੋਟਾਕਸਿਨ ਜ਼ਹਿਰ ਹੁੰਦਾ ਹੈ ਜੋ ਚਮੜੀ ਨੂੰ ਖਿੱਚ ਕੇ ਟਾਈਟ ਕਰ ਦਿੰਦਾ ਹੈ। ਉਜ ਤਾਂ ਇਹ ਬਹੁਤ ਜ਼ਹਿਰੀਲਾ ਹੁੰਦਾ ਹੈ, ਪਰ ਘੱਟ ਮਾਤਰਾ ਵਿੱਚ ਵਰਤਣ ਕਾਰਨ ਹਾਨੀ ਰਹਿਤ ਹੋ ਜਾਂਦਾ ਹੈ। ਇਸ ਦਾ ਇੱਕ ਮਾੜਾ ਪੱਖ ਇਹ ਹੈ ਕਿ ਇਸ ਨੂੰ ਹਰ ਦੋ-ਤਿੰਨ ਮਹੀਨੇ ਬਾਅਦ ਲਗਵਾਉਣਾ ਪੈਂਦਾ ਹੈ, ਪਰ ਜਦੋਂ ਬਾਕੀ ਦਾ ਸਰੀਰ ਹੀ ਢਲਕ ਜਾਵੇ ਤਾਂ ਇਕੱਲਾ ਝੁਰੜੀ ਰਹਿਤ ਚਿਹਰਾ ਬੁਢਾਪੇ ਨੂੰ ਲੁਕਾ ਨਹੀ ਸਕਦਾ।

ਇੱਕ ਹੋਰ ਖ਼ਤਰਨਾਕ ਸਰਜਰੀ ਜੋ ਭਾਰਤੀ ਹੀਰੋਇਨਾਂ ਵਿੱਚ ਬਹੁਤ ਮਕਬੂਲ ਹੈ ਉਹ ਹੈ ਚਮੜੀ ਗੋਰੀ ਕਰਨ ਵਾਲਾ ਸਕਿਨ ਲਾਈਟਨਿੰਗ ਟਰੀਟਮੈਂਟ ਜੋ ਗਲੂਟਾਥਾਈਓਨ ਨਾਮਕ ਟੀਕਾ ਲਗਵਾ ਕੇ ਕੀਤਾ ਜਾਂਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹਨ ਕਾਜੋਲ, ਪ੍ਰਿਅੰਕਾ ਚੋਪੜਾ, ਸ਼ਿਲਪਾ ਸ਼ੈੱਟੀ, ਦੀਪਿਕਾ ਪਾਦੂਕੋਨ, ਸ੍ਰੀ ਦੇਵੀ, ਬਿਪਾਸ਼ਾ ਬਾਸੂ ਅਤੇ ਰੇਖਾ ਆਦਿ। ਫਿਲਮੀ ਕਰੀਅਰ ਦੀ ਸ਼ੁਰੂਆਤ ਵਿੱਚ ਇਨ੍ਹਾਂ ਦਾ ਰੰਗ ਕਾਫ਼ੀ ਸਾਂਵਲਾ ਸੀ ਜੋ ਹੁਣ ਬਹੁਤ ਗੋਰਾ ਦਿਖਾਈ ਦਿੰਦਾ ਹੈ, ਪਰ ਇਨ੍ਹਾਂ ਵਿੱਚੋਂ ਕੋਈ ਵੀ ਇਸ ਗੱਲ ਨੂੰ ਨਹੀ ਮੰਨਦੀ। ਕਾਜੋਲ ਨੇ ਇੱਕ ਇੰਟਰਵਿਊ ਵਿੱਚ ਇਨਕਾਰ ਕਰਦੇ ਹੋਏ ਕਿਹਾ ਸੀ ਕਿ ਪਹਿਲਾਂ ਉਹ ਧੁੱਪ ਵਿੱਚ ਬਹੁਤ ਕੰਮ ਕਰਦੀ ਸੀ ਜਿਸ ਕਾਰਨ ਉਸ ਦਾ ਰੰਗ ਕਾਲਾ ਹੋ ਗਿਆ ਸੀ, ਪਰ ਹੁਣ ਉਹ ਜ਼ਿਆਦਾਤਰ ਛਾਂ ਵਿੱਚ ਰਹਿੰਦੀ ਹੈ। ਗਲੂਟਾਥਾਈਓਨ ਟੀਕਾ ਐਨਾ ਜ਼ਹਿਰੀਲਾ ਹੈ ਕਿ ਗ਼ਲਤ ਤਰੀਕੇ ਅਤੇ ਜ਼ਿਆਦਾ ਮਾਤਰਾ ਵਿੱਚ ਲਾ ਦੇਣ ਨਾਲ ਵਿਅਕਤੀ ਦੀ ਮੌਤ ਵੀ ਹੋ ਸਕਦੀ ਹੈ। ਕਾਂਟਾ ਲਗਾ... ਗੀਤ 'ਤੇ ਡਾਂਸ ਕਰਨ ਤੋਂ ਵਿਸ਼ਵ ਪ੍ਰਸਿੱਧ ਹੋਣ ਵਾਲੀ ਡਾਂਸਰ ਸ਼ੈਫਾਲੀ ਜ਼ਰੀਵਾਲਾ ਦੀ ਮੌਤ (27 ਜੂਨ 2025) ਅਜਿਹੇ ਟੀਕੇ ਕਾਰਨ ਹੋਣ ਵਾਲੀ ਐਲਰਜੀ ਨਾਲ ਹੋਈ ਸੀ। ਵਿਸ਼ਵ ਵਿੱਚ ਅਜਿਹੇ ਕਈ ਹੋਰ ਵੀ ਵਾਕਿਆ ਹੋ ਚੁੱਕੇ ਹਨ, ਪਰ ਫਿਲਮ ਇੰਡਸਟਰੀ ਅਤੇ ਹਾਈ ਸੁਸਾਇਟੀ ਦੀ ਚਮਕ ਦਮਕ, ਪੈਸਾ, ਸਟੇਟਸ ਅਤੇ ਪ੍ਰਸਿੱਧੀ ਕਾਰਨ ਵੱਧ ਤੋਂ ਵੱਧ ਲੋਕ ਪਲਾਸਟਿਕ ਸਰਜਰੀ ਵੱਲ ਖਿੱਚੇ ਚਲੇ ਆ ਰਹੇ ਹਨ।

# ਸ਼੍ਰੋਮਣੀ ਕਮੇਟੀ ਨੇ ਦਸ ਰੋਜ਼ਾ ਗੁਰਬਾਣੀ ਸੰਥਿਆ ਅਤੇ ਦਸਤਾਰ ਕੈਂਪ ਲਗਾਇਆ



ਲਹਿਰਾਗਾਗਾ 26 ਮਈ (ਗੁਰਦੀਪ ਸਿੰਘ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਲਕਾ ਲਹਿਰਾ ਦੇ ਪਿੰਡ ਕੋਟੜਾ ਲਹਿਲ ਦੇ ਗੁਰਦੁਆਰਾ ਸਾਹਿਬ ਵਿਖੇ 10 ਰੋਜ਼ਾ ਗੁਰਬਾਣੀ ਸੰਥਿਆ ਅਤੇ ਦਸਤਾਰ ਸਿਖਲਾਈ ਕੈਂਪ ਲਾਇਆ ਗਿਆ, ਜਿਸ ਵਿੱਚ ਲਗਭਗ 70 ਬੱਚਿਆਂ ਨੇ ਭਾਗ ਲਿਆ, ਅਖੀਰਲੇ ਦਿਨ ਕੈਂਪ ਵਿੱਚ ਸ਼ਾਮਿਲ ਬੱਚਿਆਂ ਦੇ ਆਪਸੀ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਬੱਚਿਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਤੌਰ ਤੇ ਪਹੁੰਚੇ ਕੈਂਪ ਦੇ ਮੁੱਖ ਪ੍ਰਬੰਧਕ ਅਤੇ ਮੈਂਬਰ ਧਰਮ ਪ੍ਰਚਾਰ ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਨੇ ਮੈਡਲ, ਸਰਟੀਫਿਕੇਟ, ਦਸਤਾਰਾਂ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ, ਦਸਤਾਰ ਮੁਕਾਬਲੇ ਵਿੱਚੋਂ ਪਹਿਲੀ ਪੁਜੀਸ਼ਨ ਪ੍ਰਭਜੋਤ ਸਿੰਘ, ਦੂਜੀ ਪੁਜੀਸ਼ਨ ਰਾਜਵੀਰ ਸਿੰਘ, ਅਤੇ ਤੀਜੀ ਪੁਜੀਸ਼ਨ ਦਲਵੀਰ ਸਿੰਘ ਨੇ ਪ੍ਰਾਪਤ ਕੀਤੀ ਅਤੇ ਵਿਸ਼ੇਸ਼ ਪੁਜੀਸ਼ਨ ਤਰਨਵੀਰ ਸਿੰਘ ਨੇ ਪ੍ਰਾਪਤ ਕੀਤੀ, ਕੈਂਪ ਵਿੱਚ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਮੈਡਲ, ਸਰਟੀਫਿਕੇਟ, ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ, ਇਸ ਮੌਕੇ ਬੋਲਦਿਆਂ ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਨੇ ਕਿਹਾ ਕਿ ਦਸਤਾਰ ਸਾਡੇ ਨੌਜਵਾਨਾਂ ਨੂੰ ਸਜਾਉਣੀ ਅਤੀ ਜਰੂਰੀ ਹੈ ਕਿਉਂਕਿ ਸਾਡੇ ਗੁਰੂ ਸਾਹਿਬਾਨਾਂ ਵੱਲੋਂ ਸਾਨੂੰ ਇਹ ਬਖਸ਼ਿਸ਼ ਦਿੱਤੀ ਗਈ ਹੈ, ਜੋ ਸਾਡੀ ਲੱਖਾਂ ਵਿੱਚ ਖੜੇ ਦੀ ਵੱਖਰੀ ਪਹਿਚਾਣ ਕਰਵਾਉਂਦੀ ਹੈ, ਨੌਜਵਾਨ ਪੀੜੀ ਨੂੰ ਸੰਬੋਧਨ ਹੁੰਦਿਆਂ ਉਹਨਾਂ ਕਿਹਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਸਾਡੇ ਕੋਲ ਗਿਆਨ ਦਾ ਬਹੁਤ ਵੱਡਾ ਖਜ਼ਾਨਾ ਸਾਨੂੰ ਗੁਰੂ ਸਾਹਿਬਾਨ ਦੇ ਕੇ ਗਏ ਹਨ ਜੋ ਸਾਨੂੰ ਗੁਰੂ ਗ੍ਰੰਥ ਸਾਹਿਬ ਪੜਨ ਅਤੇ ਸਮਝਣ ਨਾਲ ਹੀ ਪ੍ਰਾਪਤ ਹੋ ਸਕਦਾ ਹੈ, ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਭਾਈ ਬਲਵਿੰਦਰ ਸਿੰਘ ਗਾਗਾ ਨੇ ਸੋਹਣੀਆਂ ਦਸਤਾਰਾਂ ਦੀ ਸਿਖਲਾਈ ਦਿੱਤੀ ਅਤੇ ਗੁਰਬਾਣੀ ਦੀ ਸੰਥਿਆ ਪ੍ਰਚਾਰਕ ਭਾਈ ਲੱਖਾ ਸਿੰਘ ਵਲੋਂ ਦਿੱਤੀ ਗਈ ਅਤੇ ਭਾਈ ਮਨਵਿੰਦਰ ਸਿੰਘ ਮਿੰਟੂ ਦੇ ਢਾਡੀ ਜਥੇ ਨੇ ਸੰਗਤਾਂ ਨੂੰ ਵਾਰਾਂ ਗਾ ਕੇ ਨਿਹਾਲ ਕੀਤਾ, ਇਸ ਸਮੇਂ ਗੁਰੂ ਕਾ ਲੰਗਰ ਅਟੁੱਟ ਵਰਤਿਆ, ਇਸ ਮੌਕੇ ਬਸੰਤ ਸਿੰਘ, ਗੁਰਸੇਵਕ ਸਿੰਘ, ਟੇਕ ਸਿੰਘ, ਰਾਜਵੀਰ ਸਿੰਘ,ਨਿਹਾਲ ਸਿੰਘ ਅਤੇ ਮੁੱਖ ਗ੍ਰੰਥੀ ਸਿਮਰਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਕਾਂਗਰਸੀ ਆਗੂ ਰਾਜਿੰਦਰ ਦੀਪਾ ਨੇ ਪਤਨੀ ਸਮੇਤ ਪਾਈ ਵੋਟ



ਸੁਨਾਮ ਊਧਮ ਸਿੰਘ ਵਾਲਾ, 26 ਮਈ ( ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਪੰਜਾਬ ਅੰਦਰ ਨਗਰ ਕੌਂਸਲ ਅਤੇ ਨਗਰ ਨਿਗਮ ਦੀਆਂ ਚੋਣਾਂ ਪੰਜਾਬ ਦੇ ਵਿੱਚ ਬੜੀ ਸ਼ਾਂਤੀ ਅਤੇ ਅਮਨ ਅਮਾਨ ਨਾਲ ਨੇਪਰੇ ਚੜਇਆ ਇਸ ਮੌਕੇ 'ਤੇ ਵਾਰਡ ਨੰਬਰ 1 ਵਿਖੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਾਜਿੰਦਰ ਦੀਪਾ ਨੇ ਆਪਣੀ ਪਤਨੀ ਸੋਨੀਆ ਦੀਪਾ ਨਾਲ ਆਪਣੀ ਵੋਟ ਦਾ ਇਸਤੇਮਾਲ ਕੀਤਾ ਇਸ ਮੌਕੇ ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਆਪਣੇ ਉਮੀਦਵਾਰਾ ਨੂੰ ਜਿਤਾਉਣ ਲਈ ਵੱਡੇ ਪੱਧਰ 'ਤੇ ਕਈ ਵਾਰਡਾਂ ਦੇ ਪ੍ਰਭਾਵ ਸਾਲੀ ਉਮੀਦਵਾਰਾਂ ਦੇ ਕਾਗਜ਼ ਰੱਦ ਕਰ ਦਿੱਤੇ ਸੀ ਉਹਨਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨੂੰ ਆਪਣਾ ਜਵਾਬ ਦੇਣਗੇ ਅਤੇ ਪੰਜਾਬ ਅੰਦਰ ਕਾਗਰਸ ਦੀ ਸਰਕਾਰ ਆਪਣਾ ਬਹੁਮਤ ਸਾਬਿਤ ਕਰੇਗੀ।

# ਬਠਿੰਡਾ 'ਚ ਜਾਅਲੀ ਵੋਟ ਪੈਣ ਦੇ ਦੋਸ਼ਾਂ ਹੇਠ ਜ਼ਬਰਦਸਤ ਹੰਗਾਮਾ



ਬਠਿੰਡਾ, 26 ਮਈ (ਦੀਪਕ ਸ਼ਰਮਾ) :ਨਗਰ ਨਿਗਮ ਚੋਣਾਂ ਦੌਰਾਨ ਇੱਥੋਂ ਦੇ ਵਾਰਡ ਨੰਬਰ 33 ਦੇ ਬੂਥ ਨੰਬਰ 141 ਵਿੱਚ ਜਾਅਲੀ ਵੋਟ ਪੈਣ ਦੇ ਗੰਭੀਰ ਦੋਸ਼ ਸਾਹਮਣੇ ਆਉਣ ਤੋਂ ਬਾਅਦ ਜ਼ਬਰਦਸਤ ਹੰਗਾਮਾ ਖੜ੍ਹਾ ਹੋ ਗਿਆ। ਇਲਾਕੇ ਦੇ ਰਹਿਣ ਵਾਲੇ ਮਨੋਜ ਕੁਮਾਰ ਨਾਮੀ ਇੱਕ ਵਿਅਕਤੀ ਨੇ ਦੋਸ਼ ਲਾਇਆ ਕਿ ਜਦੋਂ ਉਹ ਆਪਣਾ ਵੋਟਰ ਕਾਰਡ ਅਤੇ ਪਛਾਣ ਪੱਤਰ ਲੈ ਕੇ ਵੋਟ ਪਾਉਣ ਲਈ ਪੋਲਿੰਗ ਬੂਥ 'ਤੇ ਪਹੁੰਚਿਆ, ਤਾਂ ਉਸ ਨੂੰ ਪਤਾ ਲੱਗਿਆ ਕਿ ਉਸ ਦੇ ਨਾਮ ਦੀ ਵੋਟ ਪਹਿਲਾਂ ਹੀ ਕੋਈ ਹੋਰ ਭੁਗਤਾ ਚੁੱਕਾ ਹੈ।ਪੀੜਤ ਮਨੋਜ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਕੜਕਦੀ ਧੁੱਪ ਵਿੱਚ ਕਰੀਬ 45 ਮਿੰਟ ਤੱਕ ਲੰਮੀ ਲਾਈਨ ਵਿੱਚ ਖੜ੍ਹਨ ਤੋਂ ਬਾਅਦ ਮਸਾਂ ਵੋਟਿੰਗ ਕੇਂਦਰ ਦੇ ਅੰਦਰ ਪਹੁੰਚਿਆ ਸੀ। ਪਰ ਉੱਥੇ ਤਾਇਨਾਤ ਚੋਣ ਅਮਲੇ ਅਤੇ ਵੱਖ-ਵੱਖ ਪਾਰਟੀਆਂ ਦੇ ਪੋਲਿੰਗ ਏਜੰਟਾਂ ਨੇ ਉਸ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ ਉਸ ਦੀ ਵੋਟ ਪਹਿਲਾਂ ਹੀ ਪੈ ਚੁੱਕੀ ਹੈ, ਜਦੋਂ ਮੌਕੇ 'ਤੇ ਮੌਜੂਦ ਚੋਣ ਰਿਕਾਰਡ ਦੀ ਬਾਰੀਕੀ ਨਾਲ ਪੜਤਾਲ ਕੀਤੀ ਗਈ, ਤਾਂ ਸਾਹਮਣੇ ਆਇਆ ਕਿ ਰੋਹਿਤ ਕੁਮਾਰ ਨਾਮ ਦੇ ਇੱਕ ਵਿਅਕਤੀ ਨੇ ਉਸ ਦੇ ਨਾਮ 'ਤੇ ਜਾਅਲੀ ਵੋਟ ਪਾਈ ਹੈ।ਇਸ ਧੱਕੇਸ਼ਾਹੀ ਦੀ ਘਟਨਾ ਤੋਂ ਬਾਅਦ ਗੁੱਸੇ ਵਿੱਚ ਆਏ ਮਨੋਜ ਕੁਮਾਰ ਨੇ ਵੋਟਿੰਗ ਕੇਂਦਰ ਦੇ ਅੰਦਰ ਹੀ ਤਿੱਖਾ ਵਿਰੋਧ ਜਤਾਉਣਾ ਸ਼ੁਰੂ ਕਰ ਦਿੱਤਾ ਅਤੇ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ।

# ਪਿੰਡ ਲੁਬਾਣਿਆਂਵਾਲੀ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ




ਸ੍ਰੀ ਮੁਕਤਸਰ ਸਾਹਿਬ, 26 ਮਈ ( ਐਚ ਐਸ ਕਪੂਰ):ਮੁੱਖ ਖੇਤੀਬਾੜੀ ਅਫਸਰ ਸ਼੍ਰੀ ਮੁਕਤਸਰ ਸਾਹਿਬ ਡਾ. ਜਗਸੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਹਾਇਕ ਪੌਦਾ ਸੁਰੱਖਿਆ ਅਫਸਰ ਸ੍ਰੀ ਮੁਕਤਸਰ ਸਾਹਿਬ ਡਾ. ਰਾਜਵਿੰਦਰ ਸਿੰਘ ਦੀ ਅਗਵਾਈ ਹੇਠ ਬਲਾਕ ਸ਼੍ਰੀ ਮੁਕਤਸਰ ਸਾਹਿਬ ਅਧੀਨ ਪੈਂਦੇ ਪਿੰਡ ਲੁਬਾਣਿਆਂਵਾਲੀ ਵਿਖੇ ਧਰਤੀ ਮਾਤਾ ਬਚਾਓ ਅਭਿਆਨ ਤਹਿਤ ਖਾਦਾਂ ਦੀ ਸੁਚੱਜੀ ਵਰਤੋਂ ਸਬੰਧੀ ਕਿਸਾਨ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਡਾ. ਜੋਬਨਦੀਪ ਸਿੰਘ ਏ.ਡੀ.ਓ. ਸਰਕਲ ਲੁਬਾਣਿਆਂਵਾਲੀ ਨੇ ਕੈਂਪ ਦੌਰਾਨ ਮੰਚ ਦਾ ਸੰਚਾਲਨ ਕੀਤਾ ਅਤੇ ਕਿਸਾਨਾਂ ਨੂੰ ਧਰਤੀ ਮਾਤਾ ਬਚਾਓ ਅਭਿਆਨ ਤਹਿਤ ਮਿੱਟੀ ਪਾਣੀ ਪਰਖ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਇਹ ਸਮਾਂ ਮਿੱਟੀ ਅਤੇ ਪਾਣੀ ਪਰਖ ਕਰਵਾਉਣ ਲਈ ਬਿਲਕੁਲ ਢੁਕਵਾਂ ਹੈ ਤਾਂ ਜੋ ਰਸਾਇਣਿਕ ਖਾਦਾਂ 'ਤੇ ਹੋ ਰਹੇ ਖਰਚੇ ਨੂੰ ਘਟਾਇਆ ਜਾ ਸਕੇ ਅਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ । ਡਾ. ਕਰਨਜੀਤ ਸਿੰਘ ਪ੍ਰੋਜੈਕਟ ਡਾਇਰੈਕਟਰ (ਆਤਮਾ) ਨੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਦੀ ਸੁਚੱਜੀ ਕਾਸ਼ਤ ਸੰਬੰਧੀ ਅਤੇ ਸਾਉਣੀ ਦੀਆਂ ਫਸਲਾਂ ਵਿਚ ਖਾਦਾਂ ਦੀ ਸੁਚੱਜੀ ਵਰਤੋਂ ਸੰਬੰਧੀ ਆਪਣੇ ਵਿਚਾਰ ਕਿਸਾਨਾਂ ਨਾਲ ਸਾਂਝੇ ਕੀਤੇ 9 ਉਹਨਾਂ ਨੇ ਪੰਜਾਬ ਸਰਕਾਰ ਵੱਲੋਂ ਵਿਭਾਗ ਵਿਚ ਚੱਲ ਰਹੀਆਂ ਵੱਖ ਵੱਖ ਸਕੀਮਾਂ ਜਿਵੇ ਕਿ ਨਰਮੇਂ ਬੀਜ ਤੇ 33 ਪ੍ਰਤੀਸ਼ਤ ਸਬਸਿਡੀ, ਜੰਤਰ ਬੀਜ ਅਤੇ ਜਿਪਸਮ ਸਬਸਿਡੀ, ਝੋਨੇ ਦੀ ਸਿੱਧੀ ਬਿਜਾਈ ਲਈ 1500 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ, ਫਾਰਮਰ ਰਜਿਸਟਰੀ ਆਦਿ ਦੀ ਜਾਣਕਾਰੀ ਕਿਸਾਨਾਂ ਨਾਲ ਸਾਂਝੀ ਕੀਤੀ । ਇਸ ਮੌਕੇ ਪਿੰਡ ਦੇ ਮੌਜੂਦਾ ਸਰਪੰਚ ਸ਼੍ਰੀ ਗੁਰਦੇਵ ਸਿੰਘ, ਸ਼੍ਰੀ ਗੁਰਪਾਲ ਸਿੰਘ, ਸੈਕਟਰੀ ਕੋਅਪ੍ਰੇਟਿਵ ਸੋਸਾਇਟੀ ਅਤੇ ਹੋਰ ਕਿਸਾਨ ਹਾਜ਼ਰ ਸਨ।

# ਬਠਿੰਡਾ ਦੇ ਵਾਰਡ ਨੰਬਰ 3 'ਚ ਚੱਲੀਆਂ ਗੋਲ਼ੀਆਂ, 'ਆਪ' ਤੇ ਭਾਜਪਾ ਵਰਕਰਾਂ ਵਿਚਾਲੇ ਤਿੱਖੀ ਝੜਪ

ਬਠਿੰਡਾ, 26 ਮਈ (ਦੀਪਕ ਸ਼ਰਮਾ) : ਨਗਰ ਨਿਗਮ ਚੋਣਾਂ ਦੌਰਾਨ ਸ਼ਹਿਰ ਦਾ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾ ਗਿਆ ਹੈ। ਵੋਟਾਂ ਪੈਣ ਤੋਂ ਠੀਕ ਪਹਿਲਾਂ ਵੱਖ-ਵੱਖ ਵਾਰਡਾਂ ਵਿੱਚ ਪੈਸੇ ਅਤੇ ਸ਼ਰਾਬ ਵੰਡ ਕੇ ਵੋਟਰਾਂ ਨੂੰ ਲੁਭਾਉਣ, ਡਰਾਉਣ-ਧਮਕਾਉਣ ਅਤੇ ਹਵਾਈ ਫਾਇਰਿੰਗ ਕਰਨ ਵਰਗੇ ਗੰਭੀਰ ਦੋਸ਼ ਸਾਹਮਣੇ ਆਏ ਹਨ, ਆਮ ਆਦਮੀ ਪਾਰਟੀ, ਭਾਜਪਾ, ਕਾਂਗਰਸ ਅਤੇ ਅਕਾਲੀ ਦਲ ਦੇ ਆਗੂਆਂ ਵਿਚਾਲੇ ਤਿੱਖੀ ਬਹਿਸਬਾਜ਼ੀ ਅਤੇ ਦੋਸ਼-ਪ੍ਰਤੀਦੋਸ਼ ਦਾ ਦੌਰ ਲਗਾਤਾਰ ਚੱਲਦਾ ਰਿਹਾ। ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਪੂਰੇ ਘਟਨਾਕ੍ਰਮ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਸੀ , ।ਸਭ ਤੋਂ ਵੱਧ ਸਨਸਨੀਖੇਜ਼ ਮਾਮਲਾ ਵਾਰਡ ਨੰਬਰ 3 ਤੋਂ ਸਾਹਮਣੇ ਆਇਆ, ਜਿੱਥੇ ਵੋਟਾਂ ਸ਼ੁਰੂ ਹੋਣ ਤੋਂ ਐਨ ਪਹਿਲਾਂ ਸੋਮਵਾਰ ਦੇਰ ਰਾਤ ਹੋਈ ਫਾਇਰਿੰਗ ਦੀ ਘਟਨਾ ਕਾਰਨ ਪੂਰੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਇੱਥੋਂ ਦੇ ਆਜ਼ਾਦ ਉਮੀਦਵਾਰ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਗੰਭੀਰ ਦੋਸ਼ ਲਾਇਆ ਕਿ ਵਾਰਡ ਵਿੱਚ ਕਥਿਤ ਤੌਰ 'ਤੇ ਵੋਟਾਂ ਖਰੀਦਣ ਲਈ ਨਕਦੀ ਵੰਡੀ ਜਾ ਰਹੀ ਸੀ, ਜਦੋਂ ਉਨ੍ਹਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਤਾਂ ਕੁੱਝ ਲੋਕਾਂ ਨੇ ਸ਼ਰੇਆਮ ਗੋਲ਼ੀਆਂ ਚਲਾ ਦਿੱਤੀਆਂ। ਚਸ਼ਮਦੀਦਾਂ ਮੁਤਾਬਕ ਫਾਇਰਿੰਗ ਦੌਰਾਨ ਸੱਤਾਧਾਰੀ ਪਾਰਟੀ ਨਾਲ ਜੁੜਿਆ ਇੱਕ ਸਥਾਨਕ ਆਗੂ ਵੀ ਮੌਕੇ 'ਤੇ ਮੌਜੂਦ ਸੀ। ਵਿਰੋਧ ਵਧਦਾ ਦੇਖ ਕੇ ਉਹ ਆਪਣੇ ਸਮਰਥਕਾਂ ਸਮੇਤ ਗੱਡੀ ਵਿੱਚ ਬੈਠ ਕੇ ਉੱਥੋਂ ਨਿਕਲ ਗਿਆ। ਫਾਇਰਿੰਗ ਦੀ ਸੂਚਨਾ ਮਿਲਦੇ ਹੀ ਪੁਲਿਸ ਫੋਰਸ ਮੌਕੇ 'ਤੇ ਪਹੁੰਚੀ ਅਤੇ ਇਲਾਕੇ ਵਿੱਚ ਪਹਿਰਾ ਵਧਾ ਦਿੱਤਾ ਗਿਆ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਬਠਿੰਡਾ ਸ਼ਹਿਰੀ ਦੇ ਵਿਧਾਇਕ ਜਗਰੂਪ ਸਿੰਘ ਗਿੱਲ ਵੀ ਤੁਰੰਤ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਮਾਮਲੇ ਦੀ ਨਿਰਪੱਖ ਜਾਂਚ ਕਰਨ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ।ਇਸ ਘਟਨਾ ਦੇ ਵਿਰੋਧ ਵਿੱਚ ਆਜ਼ਾਦ ਉਮੀਦਵਾਰ, ਉਨ੍ਹਾਂ ਦੇ ਸਮਰਥਕਾਂ ਅਤੇ ਸਥਾਨਕ ਨਿਵਾਸੀਆਂ ਨੇ ਮੌਕੇ 'ਤੇ ਧਰਨਾ ਦੇ ਕੇ ਪ੍ਰਸ਼ਾਸਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਦਾ ਦੋਸ਼ ਸੀ ਕਿ ਚੋਣਾਂ ਵਿੱਚ ਧਨਬਲ ਅਤੇ ਧੱਕੇਸ਼ਾਹੀ ਦਾ ਸ਼ਰੇਆਮ ਇਸਤੇਮਾਲ ਕੀਤਾ ਜਾ ਰਿਹਾ ਹੈ। ਲੋਕਾਂ ਨੇ ਕਿਹਾ ਕਿ ਵੋਟਰਾਂ ਨੂੰ ਡਰਾਉਣ-ਧਮਕਾਉਣ ਦੀ ਇਹ ਕੋਸ਼ਿਸ਼ ਲੋਕਤੰਤਰੀ ਪ੍ਰਕਿਰਿਆ ਨੂੰ ਲੀਹੋਂ ਲਾਹੁਣ ਦਾ ਯਤਨ ਹੈ। ਉਧਰ, ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਬਾਰੀਕੀ ਨਾਲ ਪੜਤਾਲ ਕੀਤੀ ਜਾ ਰਹੀ ਹੈ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਨੇ ਕਿ ਚੋਣ ਜ਼ਾਬਤੇ ਦੀਆਂ ਸ਼ਰੇਆਮ ਧੱਜੀਆਂ



ਉਡਾ ਕੇ ਵੋਟਰਾਂ ਨੂੰ ਲਾਲਚ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਚੋਣ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤ ਵੀ ਭੇਜੀ ਗਈ ਹੈ। ਹਾਲਾਂਕਿ ਆਮ ਆਦਮੀ ਪਾਰਟੀ ਵੱਲੋਂ ਇਨ੍ਹਾਂ ਦੋਸ਼ਾਂ 'ਤੇ ਅਜੇ ਤੱਕ ਕੋਈ ਅਧਿਕਾਰਤ ਬਿਆਨ ਸਾਹਮਣੇ ਨਹੀਂ ਆਇਆ ਹੈ।ਚੋਣ ਤਣਾਅ ਦੇ ਵਿਚਕਾਰ ਵਾਰਡ ਨੰਬਰ 2 ਵਿੱਚ ਵੀ ਸੋਮਵਾਰ ਦੇਰ ਰਾਤ ਜ਼ਬਰਦਸਤ ਹੰਗਾਮਾ ਅਤੇ ਤਣਾਅਪੂਰਨ ਮਾਹੌਲ ਦੇਖਣ ਨੂੰ ਮਿਲਿਆ। ਇੱਥੇ ਆਮ ਆਦਮੀ ਪਾਰਟੀ ਅਤੇ ਭਾਜਪਾ ਦੇ ਵਰਕਰ ਆਹਮੋ-ਸਾਹਮਣੇ ਆ ਗਏ। ਦੋਵਾਂ ਧਿਰਾਂ ਨੇ ਇੱਕ-ਦੂਜੇ 'ਤੇ ਵੋਟਾਂ ਖਰੀਦਣ, ਦਬਾਅ ਬਣਾਉਣ ਅਤੇ ਸਿਆਸੀ ਸਾਜ਼ਿਸ਼ ਰਚਣ ਦੇ ਤਿੱਖੇ ਦੋਸ਼ ਲਾਏ। 'ਆਪ' ਉਮੀਦਵਾਰ ਹਰਬੀਰ ਸਿੰਘ ਨੇ ਦੋਸ਼ ਲਾਇਆ ਕਿ ਭਾਜਪਾ ਸਮਰਥਕ ਦਿਨ ਭਰ ਵੋਟਰਾਂ ਵਿੱਚ ਪੈਸੇ ਵੰਡਦੇ ਰਹੇ।ਦੂਜੇ ਪਾਸੇ, ਭਾਜਪਾ ਉਮੀਦਵਾਰ ਵਿਪਿਨ ਕੁਮਾਰ ਨੇ 'ਆਪ' ਆਗੂਆਂ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦੇ ਹੋਏ ਇਸ ਨੂੰ ਕੋਰਾ ਸਿਆਸੀ ਡਰਾਮਾ ਦੱਸਿਆ।

# ਨਗਰ ਨਿਗਮ ਚੋਣਾਂ ਦੌਰਾਨ ਹੋਈ ਬੇਖੌਫ਼ ਹਿੰਸਾ, ਵਾਰਡ ਨੰਬਰ 15 ਬਣਿਆ ਜੰਗ ਦਾ ਮੈਦਾਨ

ਬਰਨਾਲਾ, 26 ਮਈ (ਬਘੇਲ ਸਿੰਘ ਧਾਲੀਵਾਲ/ਹਮੀਰ ਸਿੰਘ) : ਨਗਰ ਨਿਗਮ ਚੋਣਾਂ ਦੌਰਾਨ ਸ਼ਹਿਰ ਦਾ ਮਾਹੌਲ ਉਸ ਵੇਲੇ ਤਣਾਅਪੂਰਨ ਹੋ ਗਿਆ ਜਦੋਂ ਵੱਖ-ਵੱਖ ਵਾਰਡਾਂ ਵਿੱਚ ਧੱਕੇਸ਼ਾਹੀ, ਜਾਅਲੀ ਵੋਟਾਂ ਅਤੇ ਹਿੰਸਕ ਝੜਪਾਂ ਦੇ ਦੋਸ਼ਾਂ ਨੇ ਸਿਆਸੀ ਪਾਰਾ ਚੜ੍ਹਾ ਦਿੱਤਾ।ਚੋਣ ਪ੍ਰਕਿਰਿਆ ਕਈ ਥਾਵਾਂ 'ਤੇ ਜੰਗ ਦੇ ਮੈਦਾਨ ਵਰਗੀ ਨਜ਼ਰ ਆਈ, ਜਿੱਥੇ ਉਮੀਦਵਾਰਾਂ ਅਤੇ ਸਮਰਥਕਾਂ ਵਿਚਾਲੇ ਤਣਾਅ ਖੁੱਲ੍ਹ ਕੇ ਸਾਹਮਣੇ ਆਇਆ।ਸਭ ਤੋਂ ਵੱਡੀ ਘਟਨਾ ਵਾਰਡ ਨੰਬਰ 15 ਵਿੱਚ ਵਾਪਰੀ, ਜਿੱਥੇ ਭਾਜਪਾ ਉਮੀਦਵਾਰ ਦੀਪਿੰਦਰ ਕੌਰ ਦੇ ਪਤੀ ਅਤੇ ਸੀਨੀਅਰ ਭਾਜਪਾ ਆਗੂ ਜਸਵੀਰ ਸਿੰਘ ਗੱਖੀ 'ਤੇ ਜਾਨਲੇਵਾ ਹਮਲਾ ਹੋਣ ਦੀ ਖ਼ਬਰ ਨੇ ਸਿਆਸੀ ਹਲਕਿਆਂ ਵਿੱਚ ਸਨਸਨੀ ਫੈਲਾ ਦਿੱਤੀ। ਜ਼ਖਮੀ ਹਾਲਤ ਵਿੱਚ ਹਸਪਤਾਲ ਪਹੁੰਚੇ ਜਸਵੀਰ ਸਿੰਘ ਗੱਖੀ ਨੇ ਦੋਸ਼ ਲਾਇਆ ਕਿ ਹਾਰ ਤੋ ਬੁਖਲਾਈ ਹੋਈ ਸੱਤਾਧਾਰੀ ਧਿਰ ਦੇ ਗੁੰਡਾ ਅਨਸਰਾਂ ਵੱਲੋਂ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।ਹਮਲੇ ਦੌਰਾਨ ਉਨ੍ਹਾਂ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਅਤੇ ਪੱਗ ਵੀ ਲੱਥ ਗਈ, ਜਿਸ ਕਾਰਨ ਮਾਮਲਾ ਹੋਰ ਭੜਕਦਾ ਨਜ਼ਰ ਆਇਆ। ਗੱਖੀ ਨੇ ਸਿੱਧਾ ਇਲਜ਼ਾਮ ਆਮ ਆਦਮੀ ਪਾਰਟੀ ਦੇ ਵਰਕਰਾਂ 'ਤੇ ਲਗਾਇਆ ਹੈ।ਦੂਜੇ ਪਾਸੇ ਵਾਰਡ ਨੰਬਰ 33 ਵਿੱਚ ਵੀ ਮਾਹੌਲ ਲਗਾਤਾਰ ਗਰਮਾਇਆ ਰਿਹਾ। ਇੱਥੇ ਜਾਅਲੀ ਵੋਟਾਂ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਤਿੱਖੀ ਤਕਰਾਰ ਹੋਈ ਜੋ ਕੁੱਟਮਾਰ ਅਤੇ ਹੰਗਾਮੇ ਵਿੱਚ ਤਬਦੀਲ ਹੋ ਗਈ। ਆਜ਼ਾਦ ਉਮੀਦਵਾਰ ਦੇ ਪਤੀ ਹੇਮਰਾਜ ਗਰਗ ਨੇ ਦੋਸ਼ ਲਾਇਆ ਕਿ ਸੱਤਾ ਦੇ ਨਸ਼ੇ ਹੇਠ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਧੱਕੇਸ਼ਾਹੀ ਕਰਦੇ ਹੋਏ ਜਾਅਲੀ ਵੋਟਾਂ ਪਵਾ ਰਹੇ ਹਨ ਅਤੇ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਹੋਇਆ ਹੈ।ਹਾਲਾਂਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਪਤੀ ਚਮਨ ਲਾਲ ਚਤਰੀ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਿਆਸੀ ਨਾਟਕ ਕਰਾਰ ਦਿੰਦਿਆਂ ਕਿਹਾ ਕਿ ਵਿਰੋਧੀ ਧਿਰ ਆਪਣੀ ਹਾਰ ਨੂੰ ਦੇਖ ਕੇ ਘਬਰਾਹਟ ਵਿੱਚ ਬੇਬੁਨਿਆਦ ਇਲਜ਼ਾਮ ਲਗਾ ਰਹੀ ਹੈ।ਮਾਹੌਲ ਨੂੰ ਵਿਗੜਦਾ ਦੇਖਦੇ ਹੋਏ ਪੁਲਿਸ ਪ੍ਰਸ਼ਾਸਨ ਨੇ ਤੁਰੰਤ ਦਖ਼ਲ ਦਿੱਤਾ ਅਤੇ ਸੰਵੇਦਨਸ਼ੀਲ ਵਾਰਡਾਂ ਵਿੱਚ ਭਾਰੀ ਪੁਲਿਸ ਫੋਰਸ ਤਾਇਨਾਤ ਕਰ ਦਿੱਤੀ ਗਈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਨੂੰਨ ਆਪਣੇ ਹੱਥ ਵਿੱਚ ਲੈਣ ਵਾਲੇ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਖੇਤੀਬਾੜੀ ਵਿਕਾਸ ਬੈਂਕ ਨਾਲ ਜੁੜੀਆਂ ਮੰਗਾਂ ਫੌਰੀ ਮੰਨੇ ਸਰਕਾਰ : ਚੱਠਾ

## *ਸੰਗਰੂਰ ਅੰਦਰ ਮੁੱਖ ਮੰਤਰੀ ਦੀ ਆਮਦ ਤੇ ਸਵਾਲ ਕਰਨ ਦੇ ਪ੍ਰੋਗਰਾਮ ਰਹਿਣਗੇ ਜਾਰੀ*

ਲਹਿਰਾਗਾਗਾ, 26 ਮਈ ( ਰਾਮੇਸ਼ਵਰ ਸ਼ਰਮਾ/ ਖੁਸ਼ਵਿੰਦਰ ਸ਼ਰਮਾ) : ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਬਲਾਕ ਪੱਧਰੀ ਮੀਟਿੰਗ ਬਲਾਕ ਜਨਰਲ ਸਕੱਤਰ ਰਾਮਫਲ ਸਿੰਘ ਜਲੂਰ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਧੰਨਾ ਭਗਤ ਲਹਿਰਾਗਾਗਾ ਵਿਖੇ ਹੋਈ, ਜਿਸ ਵਿੱਚ ਵੱਡੀ ਗਿਣਤੀ 'ਚ ਪਿੰਡ ਇਕਾਈਆਂ ਦੇ ਆਗੂਆਂ ਨੇ ਹਿੱਸਾ ਲਿਆ, ਮੀਟਿੰਗ ਵਿੱਚ ਜ਼ਿਲ੍ਹਾ ਜਨਰਲ ਸਕੱਤਰ ਰਣ ਸਿੰਘ ਚੱਠਾ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ । ਮੀਟਿੰਗ ਦੌਰਾਨ ਬਲਾਕ ਕਮੇਟੀ ਚ ਵਾਧਾ ਕਰਦਿਆਂ ਸਰਬਸੰਮਤੀ ਨਾਲ ਮਨਿੰਦਰ ਸਿੰਘ ਲਦਾਲ ਨੂੰ ਬਲਾਕ ਮੀਤ ਪ੍ਰਧਾਨ ਤੇ ਮੇਜਰ ਸਿੰਘ ਸੁਰਜਣ ਸਿੰਘ ਭੈਣੀ ਨੂੰ ਜਥੇਬੰਦਕ ਸਕੱਤਰ ਤੇ ਗੁਰਦਿਆਲ ਸਿੰਘ ਗਦੜਿਆਣੀ ਨੂੰ ਪ੍ਰਚਾਰ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਰਣ ਸਿੰਘ ਚੱਠਾ ਨੇ ਕਿਹਾ ਕਿ ਖੇਤੀਬਾੜੀ ਵਿਕਾਸ ਬੈਂਕ ਨਾਲ ਸਬੰਧਿਤ ਮੰਗਾਂ ਨੂੰ ਲੈਕੇ ਪੰਜਾਬ



ਦੇ 12 ਜ਼ਿਲਿਆਂ 'ਚ ਇਨ੍ਹਾਂ ਬੈਂਕਾਂ ਨੂੰ ਜਿੰਦਰਾ ਮਾਰਕੇ ਚੱਲ ਰਹੇ ਧਰਨਿਆਂ ਤਹਿਤ ਜ਼ਿਲ੍ਹਾ ਸੰਗਰੂਰ ਅੰਦਰ ਸੁਨਾਮ ਬੈਂਕ ਅੱਗੇ ਵੀ ਪੱਕਾ ਧਰਨਾ 11 ਮਈ ਤੋਂ ਲਗਾਤਾਰ ਜਾਰੀ ਹੈ, ਰਣ ਸਿੰਘ ਚੱਠਾ ਨੇ ਕਿਹਾ ਕਿ ਕਿਸਾਨਾਂ ਦੀਆਂ ਖੇਤੀਬਾੜੀ ਵਿਕਾਸ ਬੈਂਕਾਂ ਨਾਲ ਜੁੜੀਆਂ ਮੰਗਾਂ ਸਰਕਾਰ ਫੌਰੀ ਤੌਰ ਤੇ ਮੰਨੇ ਨਹੀਂ ਤਾਂ 27 ਅਕਤੂਬਰ ਨੂੰ ਸਿੱਧੂਪੁਰ ਦੀ ਹੋਣ ਵਾਲੀ ਸੂਬਾ ਪੱਧਰੀ ਮੀਟਿੰਗ ਵਿੱਚ ਵਿਚਾਰ ਚਰਚਾ ਕਰਕੇ ਵੱਡੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਜ਼ਿਲ੍ਹਾ ਸੰਗਰੂਰ ਅੰਦਰ ਮੁੱਖ ਮੰਤਰੀ ਭਗਵੰਤ ਮਾਨ ਜਿੱਥੇ ਵੀ ਆਉਣਗੇ ਉਹਨਾਂ ਦੇ ਹਰ ਪ੍ਰੋਗਰਾਮ 'ਚ ਸਵਾਲ ਕਰਨ ਲਈ ਪਹੁੰਚਿਆ ਜਾਵੇਗਾ । ਮੀਟਿੰਗ ਨੂੰ ਰਾਮਫਲ ਸਿੰਘ ਜਲੂਰ, ਜਤਿੰਦਰ ਸਿੰਘ ਜਲੂਰ, ਮਨਿੰਦਰ ਸਿੰਘ ਲਦਾਲ, ਮੇਜਰ ਸਿੰਘ ਸੁਰਜਣ ਸਿੰਘ ਭੈਣੀ, ਬਲਕਾਰ ਸਿੰਘ ਲਹਿਲ ਖੁਰਦ ਵੱਲੋਂ ਵੀ ਸੰਬੋਧਨ ਕੀਤਾ ਗਿਆ। ਇਸ ਮੌਕੇ ਮਨਪ੍ਰੀਤ ਸਿੰਘ ਗਾਗਾ, ਗੁਰਦਿਆਲ ਸਿੰਘ ਗਦੜਿਆਣੀ , ਕਾਕਾ ਸਿੰਘ ਸਲੇਮਗੜ੍ਹ, ਮਿੱਠੂ ਸਿੰਘ ਭੁਟਾਲ ਕਲਾਂ, ਜਗਤਾਰ ਸਿੰਘ ਤਾਰਾ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਪ੍ਰੋਫੈਸਰ ਸਿੱਧੂ ਨੂੰ ਹਿਰਾਸਤ 'ਚ ਲੈਣ ਪਿੱਛੋਂ ਮਾਹੌਲ ਗਰਮਾਇਆ

ਧੂਰੀ, 26 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਅੱਜ ਹਲਕਾ ਧੂਰੀ ਵਿੱਚ ਉਸ ਸਮੇਂ ਵੱਡਾ ਸਿਆਸੀ ਹੰਗਾਮਾ ਖੜ੍ਹਾ ਹੋ ਗਿਆ, ਜਦੋਂ ਸਥਾਨਕ ਪੁਲਿਸ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਅਤੇ ਪ੍ਰਮੁੱਖ ਆਗੂ ਪ੍ਰੋਫੈਸਰ ਉਂਕਾਰ ਸਿੰਘ ਸਿੱਧੂ, ਅੰਮ੍ਰਿਤ ਬਰਾੜ ਅਤੇ ਸਤਨਾਮ ਸਿੰਘ ਸੱਤਾ ਨਾਮੀਂ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਦੱਸਣਯੋਗ ਹੈ ਕਿ ਪ੍ਰੋਫੈਸਰ ਸਿੱਧੂ ਮੁੱਖ ਮੰਤਰੀ ਪੰਜਾਬ ਦੇ ਸਾਬਕਾ ਓ.ਐੱਸ.ਡੀ. ਰਹਿ ਚੁੱਕੇ ਹਨ ਅਤੇ ਕੁਝ ਸਮਾਂ ਪਹਿਲਾਂ ਹੀ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸਨ। ਪੁਲਿਸ ਵੱਲੋਂ ਉਨ੍ਹਾਂ ਨੂੰ ਚੁੱਕੇ ਜਾਣ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ, ਜਿਸ ਤੋਂ ਬਾਅਦ ਭਾਜਪਾ ਲੀਡਰਸ਼ਿਪ ਤੁਰੰਤ ਹਰਕਤ ਵਿੱਚ ਆ ਗਈ।ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਦੀ ਪੁਲਿਸ ਹਿਰਾਸਤ ਦੇ ਵਿਰੋਧ ਵਿੱਚ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਸਵੇਰ ਤੋਂ ਹੀ ਮੋਰਚਾ ਸਾਂਭ ਕੇ ਡਟ ਗਏ। ਕੇਂਦਰੀ ਮੰਤਰੀ ਬਿੱਟੂ ਨੇ ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਸਖ਼ਤ ਰੁਖ਼ ਅਖਤਿਆਰ ਕੀਤਾ ਅਤੇ ਹਲਕੇ ਦੇ ਸੀਨੀਅਰ ਪੁਲਿਸ ਅਫ਼ਸਰਾਂ ਨਾਲ ਉਨ੍ਹਾਂ ਦੀ ਕਈ ਵਾਰ ਤਿੱਖੀ ਤਲਖ਼-ਕਲਾਮੀ ਹੋਈ। ਰਵਨੀਤ ਬਿੱਟੂ ਨੇ ਮੌਕੇ ਤੇ ਮੌਜੂਦ ਪੁਲਿਸ ਅਧਿਕਾਰੀਆਂ ਨੂੰ ਕਰੜੇ ਹੱਥੀਂ ਲੈਂਦਿਆਂ ਆਖਿਆ ਕਿ ਸਿਆਸੀ ਦਬਾਅ ਹੇਠ ਕੀਤੀ ਜਾ ਰਹੀ ਇਹ ਧੱਕੇਸ਼ਾਹੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ



ਆਖਿਆ, ਮੁੱਖ ਮੰਤਰੀ ਭਗਵੰਤ ਮਾਨ ਆਪਣੀ ਪੱਕੀ ਹਾਰ ਨੂੰ ਦੇਖ ਕੇ ਪੂਰੀ ਤਰ੍ਹਾਂ ਬੌਖਲਾ ਚੁੱਕੇ ਹਨ। ਜੋ ਹਾਲ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਸਰਕਾਰ ਦਾ ਹੋਇਆ ਹੈ, ਉਹੀ ਹਸ਼ਰ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਦਾ ਹੋਵੇਗਾ। ਉਨ੍ਹਾਂ ਪੁਲਿਸ ਨੂੰ ਤਾੜਨਾ ਕਰਦਿਆਂ ਕਿਹਾ ਕਿ ਇਹ ਪੁਲਿਸ ਤੰਤਰ ਸਮੇਂ-ਸਮੇਂ ਦੀਆਂ ਸਰਕਾਰਾਂ ਦਾ ਨੌਕਰਸ਼ਾਹ ਹੈ, ਇਸ ਲਈ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕੰਮ ਕਰੇ। ।ਕੇਂਦਰੀ ਮੰਤਰੀ ਦੇ ਭਾਰੀ ਵਿਰੋਧ, ਭਾਜਪਾ ਵਰਕਰਾਂ ਦੇ ਇਕੱਠ ਅਤੇ ਲਗਾਤਾਰ ਬਣੇ ਸਿਆਸੀ ਦਬਾਅ ਅੱਗੇ ਆਖਰਕਾਰ ਪੁਲਿਸ ਪ੍ਰਸ਼ਾਸਨ ਨੂੰ ਝੁਕਣਾ ਪਿਆ। ਪੁਲਿਸ ਨੇ ਸ਼ਾਮੀਂ ਬਕਾਇਦਾ 6 ਵਜੇ ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਨੂੰ ਰਿਹਾਅ ਕਰ ਦਿੱਤਾ। ਕਿੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਅਤੇ ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਨੇ ਇਕੱਠੇ ਖੜ੍ਹੇ ਹੋ ਕੇ ਰਵਾਇਤੀ ਪੰਜਾਬੀ ਅੰਦਾਜ਼ ਵਿੱਚ ਪੱਟ ਤੇ ਥਾਪੀ ਮਾਰੀ ਅਤੇ ਵਿਰੋਧੀਆਂ ਖ਼ਿਲਾਫ਼ ਆਪਣੀ ਇਸ ਜਿੱਤ ਦਾ ਜੇਤੂ ਹੋਣ ਦਾ ਐਲਾਨ ਕੀਤਾ। ।ਇਸ ਮੌਕੇ ਭਾਜਪਾ ਦੇ ਜਿਲ੍ਹਾ ਪ੍ਰਧਾਨ ਸਰਜੀਵਨ ਜਿੰਦਲ, ਜਿਲ੍ਹਾ ਜਨਰਲ ਸਕੱਤਰ ਪਰਦੀਪ ਗਰਗ ਧੂਰੀ, ਰਣਦੀਪ ਸਿੰਘ ਦਿਓਲ, ਬਰਜੇਸ਼ਵਰ ਗੋਇਲ, ਭਲਿੰਦਰ ਸਿੰਘ, ਅਮੀਰ ਸਿੰਘ ਸਮੇਤ ਵੱਡੀ ਗਿਣਤੀ 'ਚ ਭਾਜਪਾ ਵਰਕਰ ਹਾਜ਼ਰ ਸਨ।

# ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ :ਇੰਜ. ਗੋਇਲ

ਲਹਿਰਾਗਾਗਾ, 26 ਮਈ (ਰਮੇਸ਼ਵਰ ਸ਼ਰਮਾ/ਗੁਰਦੀਪ ਸਿੰਘ ) :ਇੰਜੀਨੀਅਰ ਨਰਿੰਦਰ ਗੋਇਲ ਅਤੇ ਨਗਰ ਕੌਂਸਲ ਪ੍ਰਧਾਨ ਸ਼੍ਰੀਮਤੀ ਕਾਂਤਾ ਗੋਇਲ ਵੱਲੋਂ ਅੱਜ ਪਿੰਡ ਖੰਡੇਬਾਦ ਵਿਖੇ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਇਧਰ ਉਧਰ ਜਾਣ ਦੀ ਮੁਸ਼ਕਿਲ ਨੂੰ ਹੱਲ ਕਰਦਿਆਂ ਖੇਤਾਂ ਵਿਚਕਾਰੋਂ ਗੁਜਰਦੀ ਡਰੇਨ 'ਤੇ ਲੱਖਾਂ ਰੁਪਏ ਦੀ ਲਾਗਤ ਨਾਲ ਪੁੱਲ ਬਣਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ, ਇਸ ਮੌਕੇ ਪਿੰਡ ਦੇ ਪਤਵੰਤੇ ਵਿਅਕਤੀ,ਵਿਭਾਗ ਦੇ ਅਧਿਕਾਰੀ ਅਤੇ ਪਾਰਟੀ ਵਲੰਟੀਅਰ ਹਾਜ਼ਰ ਸਨ। ਕਿਸਾਨਾਂ ਤੇ ਪਿੰਡ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਇੰਜੀਨੀਅਰ ਨਰਿੰਦਰ ਗੋਇਲ ਅਤੇ ਸ਼੍ਰੀਮਤੀ ਕਾਂਤਾ ਗੋਇਲ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੀ ਖੁਸ਼ਹਾਲੀ ਅਤੇ ਤਰੱਕੀ ਲਈ ਵਚਨਬੱਧ ਹੈ। ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਵੱਲੋਂ ਹਲਕੇ ਦੇ ਪਿੰਡਾਂ ਅੰਦਰ ਕਰੋੜਾਂ ਰੁਪਏ



ਦੀ ਲਾਗਤ ਨਾਲ ਅੰਡਰਗਰਾਉਂਡ ਪਾਈਪ ਲਾਈਨ ਵਿਛਾ ਕੇ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਇਆ ਜਾ ਰਿਹੈ ,ਉੱਥੇ ਹੀ ਬਿਜਲੀ ਦੀ ਨਿਰਵਿਘਨ ਸਪਲਾਈ ਦਿੱਤੀ ਜਾ ਰਹੀ ਹੈ, ਕਿਸਾਨਾਂ ਲਈ ਡਰੇਨਾਂ ਤੇ ਪੁੱਲ ਬਣਾਏ ਜਾ ਰਹੇ ਹਨ। ਲਹਿਰਾ ਹਲਕੇ ਦੇ ਵਿਕਾਸ ਕੰਮਾਂ ਦਾ ਜ਼ਿਕਰ ਕਰਦਿਆਂ ਗੋਇਲ ਜੋੜੇ ਨੇ ਕਿਹਾ ਕਿ ਮੰਤਰੀ ਗੋਇਲ ਵੱਲੋਂ ਜਿੱਥੇ ਲਹਿਰਾਗਾਗਾ ਵਿਖੇ ਪੰਜ ਮੰਜ਼ਿਲਾਂ ਲੜਕੀਆਂ ਦੇ ਸਕੂਲ ਦੀ ਨਵੀਂ ਇਮਾਰਤ ਬਣਾਈ ਜਾ ਰਹੀ ਹੈ। ਇਸ ਮੌਕੇ ਬਲਾਕ ਪ੍ਰਧਾਨ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਮਨਦੀਪ ਕੌਰ ਖੰਡੇਬਾਦ, ਸਿੰਦਰਪਾਲ ਸਿੰਘ ਖੰਡੇਬਾਦ, ਦਲਵਿੰਦਰ ਸਿੰਘ ਧਾਲੀਵਾਲ, ਕੁਲਵਿੰਦਰ ਸਿੰਘ ਧਾਲੀਵਾਲ ਖੰਡੇਬਾਦ, ਅੰਮ੍ਰਿਤ ਪਾਲ ਕੌਰ ਵਾਈਸ ਚੇਅਰਮੈਨ ਬਲਾਕ ਸੰਮਤੀ ਲਹਿਰਾ ਬਲਾਕ, ਸੁਖਪਾਲ ਸਿੰਘ, ਸਾਬਕਾ ਸਰਪੰਚ ਸੁਖਵੰਤ ਸਿੰਘ ਖੰਡੇਬਾਦ, ਬਿੱਟੂ ਸਿੰਘ ਤੋਂ ਈਲਾਵਾ ਪਿੰਡ ਨਿਵਾਸੀਆਂ ਦੀਆਂ ਮੁਸ਼ਕਿਲਾਂ ਅਤੇ ਮੰਗਾਂ ਨੂੰ ਵੀ ਸੁਣਿਆ।




ਨਗਰ ਪੰਚਾਇਤ ਦੀਆਂ ਚੋਣਾਂ ਦੌਰਾਨ ਆਪਣੇ ਜੱਦੀ ਪਿੰਡ ਮਲੂਕਾ ਵਿਖੇ ਆਪਣੀ ਵੋਟ ਦਾ ਇਸਤੇਮਾਲ ਕਰਨ ਤੋਂ ਬਾਅਦ ਉਂਗਲ ਦਾ ਨਿਸ਼ਾਨ ਦਿਖਾਉਂਦੇ ਹੋਏ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ। ਫੋਟੋ ਤੇ ਵੇਰਵਾ —ਸਵਰਨ ਸਿੰਘ ਭਗਤਾ

# ਤੇਲ ਦੀਆਂ ਕੀਮਤਾਂ ਵਧਣ ਨਾਲ ਮਹਿੰਗਾਈ ਦਾ ਵਿਆਪਕ ਅਸਰ ਦੇਖਣ ਨੂੰ ਮਿਲ ਰਿਹਾ: ਅਮਨ ਅਰੋੜਾ



ਸੁਨਾਮ ਊਧਮ ਸਿੰਘ ਵਾਲਾ, 26 ਮਈ ( ਮੋਹਣ ਸ਼ਰਮਾ / ਰਾਊਵਰਿੰਦਰ ਮਠਾੜੂ) : ਕੈਬਨਿਟ ਮੰਤਰੀ ਅਤੇ ਪੰਜਾਬ ਪ੍ਰਧਾਨ ਆਮ ਆਦਮੀ ਪਾਰਟੀ ਅਮਨ ਅਰੋੜਾ ਨੇ ਇੱਥੇ ਇਕ ਨੰਬਰ ਵਾਰਡ ਵਿੱਚ ਆਪਣੀ ਧਰਮ ਪਤਨੀ ਸ਼ਬੀਨਾ ਅਰੋੜਾ ਨਾਲ ਮੱਤਦਾਨ ਕਰਨ ਤੋਂ ਬਾਅਦ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਤੇਲ ਦੀਆਂ ਕੀਮਤਾਂ ਲਗਾਤਾਰ ਵਧਾਉਣਾ ਲੋਕਾਂ ਦੀ ਜੇਬ 'ਤੇ ਡਾਕਾ ਹੈ ਇਸ ਦੇ ਨਾਲ ਮਹਿੰਗਾਈ ਵੱਡੇ ਪੱਧਰ ਤੇ ਹੋਵੇਗੀ ਅਤੇ ਆਮ ਆਦਮੀ ਉੱਤੇ ਇਸਦਾ ਬਹੁਤ ਬੁਰਾ ਅਸਰ ਪਵੇਗਾ ਉਹਨਾਂ ਕਿਹਾ ਕਿ ਸਰਕਾਰ ਨੂੰ ਇਰਾਨ ਇਰਾਕ ਤੋਂ ਤੇਲ ਸਸਤਾ ਮਿਲ ਸਕਦਾ ਹੈ ਪ੍ਰੰਤੂ ਇਹ ਅਮਰੀਕਾ ਦੇ ਇਸ਼ਾਰਿਆਂ 'ਤੇ ਤੇਲ ਖਰੀਦ ਰਹੀ ਹੈ ਜਿਸ ਨਾਲ ਲੋਕਾਂ ਨੂੰ ਮਹਿੰਗਾ ਤੇਲ ਮਿਲ ਰਿਹਾ ਤੇ ਪਿਛਲੇ ਕੁਝ ਦਿਨਾਂ 'ਚ ਪੰਜ ਵਾਰ ਤੇਲ ਦੀ ਕੀਮਤ ਵਧਣ 'ਤੇ ਚਿੰਤਾ ਦਾ ਪ੍ਰਗਟਾਵਾ ਕਰਦੇ ਉਹਨਾਂ ਕਿਹਾ ਕਿ ਪੈਟਰੋਲਿਅਮ ਉਤਪਾਦਾਂ ਦੀਆਂ ਕੀਮਤਾਂ ਦੇ ਵਧਣ ਨਾਲ ਮਹਿੰਗਾਈ ਦਾ ਵਿਆਪਕ ਅਸਰ ਆਮ ਲੋਕਾਂ ਦੇ ਪਵੇਗਾ ਇਸ ਲਈ ਕੇਂਦਰ ਸਰਕਾਰ ਨੂੰ ਲੋਕ ਪੱਖ ਵਿੱਚ ਇਸ ਸਬੰਧੀ ਢੁਕਵੀਂ ਨੀਤੀ ਬਣਾਉਣੀ ਚਾਹੀਦੀ ਹੈ ਨਾ ਕਿ ਕਿਸੇ ਦੇਸ਼ ਵਿਸ਼ੇਸ਼ ਦੀ ਕਠਪੁਤਲੀ ਬਣੇ। ਸ੍ਰੀ ਅਰੋੜਾ ਨੇ ਕਿਹਾ ਕਿ ਸੁਨਾਮ ਵਿੱਚ ਵਿਰੋਧੀ ਧਿਰਾਂ ਨੂੰ ਸਾਂਝਾ ਮੋਰਚਾ ਬਣਾਨਾ ਪਿਆ ਇਹ ਆਮ ਆਦਮੀ ਪਾਰਟੀ ਦੀ ਮਜਬੂਤੀ ਦਾ ਪ੍ਰਤੱਖ ਸਬੂਤ ਹੈ। ਉਹਨਾਂ ਨੇ ਕਿਹਾ ਕਿ ਸਾਰੇ ਪੰਜਾਬ ਵਿੱਚ ਮਿਉਂਸਪਲ ਕੌਂਸਲ ਦੀਆਂ ਚੋਣਾਂ ਬੜੇ ਅਮਨ ਅਮਾਨ ਨਾਲ ਹੋ ਰਹੀਆਂ ਹਨ ਤੇ ਕਿਸੇ ਪ੍ਰਕਾਰ ਦਾ ਕੋਈ ਧੱਕਾ ਕਿਤੇ ਨਹੀਂ ਹੋ ਰਿਹਾ ਅਤੇ ਲੋਕ ਆਪਣੀ ਸੋਚ ਦੇ ਮੁਤਾਬਿਕ ਵੋਟ ਪਾਉਣ ਲਈ ਵੱਡੀ ਗਿਣਤੀ ਵਿੱਚ ਬਾਹਰ ਨਿਕਲੇ ਹਨ ਉਹਨਾਂ ਇਹ ਵੀ ਕਿਹਾ ਕਿ ਇਹ ਪਹਿਲੀ ਵਾਰ ਦੇਖਣ ਨੂੰ ਮਿਲਿਆ ਕਿ ਲੋਕਾਂ ਦੀ ਵੋਟ ਪਾਉਣ ਵੇਲੇ ਕਿਸੇ ਪ੍ਰਕਾਰ ਦਾ ਕੋਈ ਖੌਫ ਨਹੀਂ ਸੀ ਪਿਛਲੀਆਂ ਸਰਕਾਰਾਂ ਨੇ ਕਿਸ ਤਰ੍ਹਾਂ ਚੋਣਾਂ ਤੋਂ ਪਹਿਲਾਂ ਤੇ ਚੋਣਾਂ ਦੇ ਦੌਰਾਨ ਧੱਕੇ ਕੀਤੇ ਹਨ ਉਹ ਸਭ ਦੇ ਸਾਹਮਣੇ ਹਨ ਪਰੰਤੂ ਇਨਾਂ ਚੋਣਾਂ ਵਿੱਚ ਮਾਹੌਲ ਨੂੰ ਸ਼ਾਂਤੀ ਪੂਰਵਕ ਬਣਾਏ ਰੱਖਣ ਲਈ ਪ੍ਰਸ਼ਾਸਨ ਨੂੰ ਵਿਸ਼ੇਸ਼ ਨਿਰਦੇਸ਼ ਦਿੱਤੇ ਗਏ ਹਨ ਕਿ ਕਿਸੇ ਵੀ ਗਲਤ ਅਨਸਰ ਨੂੰ ਚੋਣਾਂ ਦਾ ਮਾਹੌਲ ਖਰਾਬ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ

# ਨਗਰ ਕੌਂਸਲ ਚੋਣਾਂ ਵਿੱਚ ਭਾਰੀ ਮਤਦਾਨ ਕਰਨ 'ਤੇ ਡਾ. ਮਿੰਕੂ ਜਵੰਧਾ ਵੱਲੋਂ ਜਨਤਾ ਦੇ ਉਤਸ਼ਾਹ ਦੀ ਸ਼ਲਾਘਾ

ਸੰਗਰੂਰ, 26 ਮਈ (ਹਰਕੰਵਲ ਸਿੰਘ ਹੈਪੀ) : ਨਗਰ ਕੌਂਸਲ ਚੋਣਾਂ ਦੌਰਾਨ ਤਪਦੀ ਅਤੇ ਕੜਾਕੇ ਦੀ ਗਰਮੀ ਦੇ ਬਾਵਜੂਦ ਵੀ ਭਵਾਨੀਗੜ੍ਹ ਦੇ ਵੋਟਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਲੋਕਤੰਤਰ ਦੇ ਇਸ ਤਿਉਹਾਰ ਵਿੱਚ ਹਿੱਸਾ ਲੈਣ ਲਈ ਵੱਡੀ ਗਿਣਤੀ ਵਿੱਚ ਆਮ ਜਨਤਾ ਵੱਖ-ਵੱਖ ਪੋਲਿੰਗ ਬੂਥਾਂ 'ਤੇ ਵੋਟ ਪਾਉਣ ਲਈ ਪਹੁੰਚੀ ਉੱਥੇ ਹੀ ਚੋਣ ਪ੍ਰਕਿਰਿਆ ਦਾ ਜਾਇਜ਼ਾ ਲੈਣ ਲਈ ਪੰਜਾਬ ਇਨਫੋਟੈਕ ਦੇ ਚੇਅਰਮੈਨ ਅਤੇ ਜਪ ਹਰ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਸ਼ਹਿਰ ਦੇ ਵੱਖ-ਵੱਖ ਬੂਥਾਂ ਦਾ ਵਿਸ਼ੇਸ਼ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਚੋਣ ਪ੍ਰਬੰਧਾਂ ਦਾ ਨਿਰੀਖਣ ਕੀਤਾ ਅਤੇ ਉਮੀਦਵਾਰਾਂ



ਦਾ ਹੌਸਲਾ ਵਧਾਇਆ।ਮੀਡੀਆ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਮਿੰਕੂ ਜਵੰਧਾ ਨੇ ਜਨਤਾ ਦੇ ਇਸ ਜਜ਼ਬੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਤਪਦੀ ਗਰਮੀ ਦੇ ਵਿੱਚ ਵੀ ਆਮ ਜਨਤਾ ਵੱਲੋਂ ਨਗਰ ਨਿਗਮ/ ਕੌਂਸਲ ਦੀਆਂ ਚੋਣਾਂ ਪ੍ਰਤੀ ਦਿਖਾਏ ਉਤਸ਼ਾਹ ਨੂੰ ਦੇਖ ਕੇ ਮਨ ਨੂੰ ਬਹੁਤ ਖੁਸ਼ੀ ਹੋਈ ਹੈ। ਇਹ ਸਾਫ਼ ਕਰਦਾ ਹੈ ਕਿ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਆਮ ਜਨਤਾ ਆਪਣਾ ਰੋਲ ਬਹੁਤ ਹੀ ਸਹੀ ਅਤੇ ਜ਼ਿੰਮੇਵਾਰਾਨਾ ਢੰਗ ਨਾਲ ਅਦਾ ਕਰ ਰਹੀ ਹੈ। ਜਦੋਂ ਨਾਗਰਿਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਕੇ ਬਾਹਰ ਨਿਕਲਦੇ ਹਨ, ਤਾਂ ਲੋਕਤੰਤਰ ਦੀ ਨੀਂਹ ਹੋਰ ਮਜ਼ਬੂਤ ਹੁੰਦੀ ਹੈ।



ਫੋਟੋ ਕੈਪਸ਼ਨ : ਨਗਰ ਨਿਗਮ ਦੀਆਂ ਚੋਣਾਂ ਮੌਕੇ ਬਠਿੰਡਾ ਵਿਖੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਟਹਿਲ ਸਿੰਘ ਸੰਧੂ ਆਪਣੀ ਧਰਮ ਪਤਨੀ ਦੇ ਨਾਲ ਵੋਟ ਪਾਉਣ ਸਮੇਂ। ਫੋਟੋ ਤੇ ਵੇਰਵਾ -ਸਵਰਨ ਸਿੰਘ ਭਗਤਾ

# ਸੰਗਰੂਰ 'ਚ ਲੁਟੇਰਿਆਂ ਨੇ ਪ੍ਰਵਾਸੀ ਤੋਂ ਨਗਦੀ ਤੇ ਮੋਬਾਇਲ ਖੋਹਿਆ

ਸੰਗਰੂਰ, 26 ਮਈ(ਹਰਕੰਵਲ ਸਿੰਘ ਹੈਪੀ) : ਸੰਗਰੂਰ ਵਿੱਚ ਲੁਟੇਰਿਆਂ ਦੇ ਹੌਸਲੇ ਏਨੇ ਬੁਲੰਦ ਹਨ ਕਿ ਉਹ ਆਮ ਰਾਹਗੀਰਾਂ ਨੂੰ ਸ਼ਰੇਆਮ ਘੇਰ ਕੇ ਲੁੱਟ ਰਹੇ ਹਨ। ਹੁਣ ਉਨ੍ਹਾਂ ਦੀ ਲੁੱਟ ਦਾ ਸ਼ਿਕਾਰ ਇੱਕ ਪ੍ਰਵਾਸੀ ਕੈਂਸਰ ਮਰੀਜ਼ ਹੋਇਆ ਹੈ, ਜਿਸ ਤੋਂ ਸੰਗਰੂਰ ਵਿਖੇ ਲੁਟੇਰਿਆਂ ਨੇ ਪਿਸਤੌਲ ਨੁਮਾ ਚੀਜ਼ ਵਿਖਾ ਕੇ ਉਸ ਕੋਲੋਂ ਹਜ਼ਾਰਾਂ ਰੁਪਏ ਦੀ ਨਕਦੀ ਅਤੇ ਮੁਬਾਇਲ ਖੋਹ ਲਿਆ। ਪ੍ਰਵਾਸੀ ਵਿਅਕਤੀ ਨੇ ਪੁਲਿਸ ਕੋਲ ਆਪਣੀ ਰਿਪੋਰਟ ਲਿਖਵਾ ਦਿੱਤੀ ਹੈ ਪਰ ਪੁਲਿਸ ਲੁਟੇਰਿਆਂ ਦੀ ਖੁਰਾ ਖੋਜ ਲੱਭਣ ਤੋਂ ਅਸਮਰਥ ਹੈ।ਪੁਲਿਸ ਕੋਲ ਲਿਖਵਾਈ ਰਿਪੋਰਟ ਵਿੱਚ ਛੋਟੇ ਲਾਲ ਪੁੱਤਰ ਜਾਨਕੀ ਪ੍ਰਸ਼ਾਦ ਵਾਸੀ ਯੂਪੀ ਨੇ ਦੱਸਿਆ ਕਿ ਉਹ ਅਤੇ ਉਸਦਾ ਲੜਕਾ ਰਾਮਪ੍ਰਤਾਪ ਸੋਮਵਾਰ ਦੀ ਸਵੇਰ ਢਾਈ ਵਜੇ ਦੇ ਕਰੀਬ ਸੰਗਰੂਰ ਰੇਲਵੇ ਸਟੇਸ਼ਨ 'ਤੇ ਉਤਰੇ। ਸੰਗਰੂਰ ਵਿਖੇ ਕੈਂਸਰ ਹਸਪਤਾਲ ਵਿੱਚ ਉਸਦਾ ਇਲਾਜ ਚੱਲ ਰਿਹਾ ਹੈ ਸਵੇਰ ਦੇ ਪੌਣੇ ਪੰਜ ਵਜੇ ਜਦੋਂ ਉਹ ਰੇਲਵੇ ਸਟੇਸ਼ਨ ਤੋਂ ਥੋੜੀ ਦੂਰ ਆਏ ਸਨ ਕਿ ਉਨ੍ਹਾਂ ਨੂੰ ਦੋ ਨੌਜਵਾਨ ਜਿਹੜੇ ਸਕੂਟਰੀ ਤੇ ਆਏ ਸਨ, ਨੇ ਰੋਕ ਲਿਆ।



ਉਨ੍ਹਾਂ ਵਿੱਚੋਂ ਇੱਕ ਨੌਜਵਾਨ ਨੇ ਕੋਈ ਪਿਸਤੌਲ ਨੁਮਾ ਚੀਜ਼ ਦਿਖਾ ਕੇ ਉਸ ਦੇ ਤਕਰੀਬਨ ਚਾਰ ਹਜ਼ਾਰ ਰੁਪਏ ਜਿਹੜੇ ਉਸ ਨੇ ਆਪਣੀ ਸੀਟੀ ਸਕੈਨ ਕਰਵਾਉਣ ਲਈ ਇਕੱਠੇ ਕੀਤੇ ਸਨ ਖੋਹ ਲਏ ਅਤੇ ਜਾਂਦੇ ਸਮੇਂ ਉਸ ਦਾ ਮੁਬਾਇਲ ਖੋਹ ਲਿਆ। ਉਸ ਨੇ ਦੱਸਿਆ ਕਿ ਉਸ ਦਾ ਲੜਕਾ ਥੋੜਾ ਅੱਗੇ ਹੋਣ ਕਾਰਨ ਉਸ ਨੇ ਭੱਜ ਕੇ ਲੁਟੇਰਿਆਂ ਕੋਲੋਂ ਆਪਣਾ ਆਪ ਬਚਾਇਆ। ਉਸ ਨੇ ਦੱਸਿਆ ਕਿ ਉਨਾਂ ਨੇ ਸਕੈਨ ਲਈ ਸੰਗਰੂਰ ਦੀ ਇੱਕ ਨਿੱਜੀ ਸਮਾਜ ਸੇਵੀ ਸੰਸਥਾ ਤੋਂ ਵਿੱਤੀ ਮੱਦਦ ਲਈ ਸੀ ।ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਤੇ ਸੀਸੀਟੀਵੀ ਫੁਟੇਜ ਖੰਗਾਲ ਰਹੀ ਹੈ।

# ਜਥੇਦਾਰ ਦਾਦੂਵਾਲ ਨੇ ਹਰਿਆਣਾ ਕਮੇਟੀ ਨੂੰ ਸੌਂਪਿਆ 10 ਲੱਖ ਦਾ ਚੈੱਕ

## *ਵਿੱਦਿਆ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਦਾ ਕੀਤਾ ਸਨਮਾਨ*

ਤਲਵੰਡੀ ਸਾਬੋ, 26 ਮਈ ( ਰਾਮ ਜਿੰਦਲ ਜਗਾਂ) : ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਹਰਿਆਣਾ ਵਿਖੇ 24 ਮਈ ਨੂੰ ਕੀਤੇ ਗਏ ਵਿਸ਼ੇਸ਼ ਸ਼ੁਕਰਾਨਾ ਸਮਾਗਮ ਵਿੱਚ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਸੁੱਖ ਸੇਵਾ ਸਿਮਰਨ ਟਰੱਸਟ (ਰਜਿ) ਵਲੋਂ ਵਿੱਦਿਆ ਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਬੱਚੇ ਬੱਚੀਆਂ ਦਾ ਹੌਸਲਾਂ ਅਫਜਾਈ ਕਰਨ ਵਾਸਤੇ ਨਕਦ ਰਾਸ਼ੀ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ ਇਸ ਦੇ ਨਾਲ ਹੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਕੇ ਲੰਗਰ ਦੀ ਸੇਵਾ ਵਿੱਚ ਜੋ 12 ਅਪ੍ਰੈਲ ਨੂੰ ਗੁਰਦੁਆਰਾ ਦਾਦੂ ਸਾਹਿਬ ਵਿਖੇ ਪੰਥਕ ਇਕੱਤਰਤਾ ਵਿੱਚ 10 ਲੱਖ ਰੁਪਏ ਹਰਿਆਣਾ ਕਮੇਟੀ ਨੂੰ ਗੁਰੂ ਕੇ ਲੰਗਰ




ਸੇਵਾ ਲਈ ਭੇਟ ਕਰਨ ਦਾ ਐਲਾਨ ਕੀਤਾ ਸੀ ਦਾ ਚੈੱਕ ਕਮੇਟੀ ਦੇ ਅਹੁਦੇਦਾਰ ਮੈਂਬਰ ਸਾਹਿਬਾਨਾਂ ਨੂੰ ਭੇਟ ਕੀਤਾ ਗਿਆ ਜਥੇਦਾਰ ਦਾਦੂਵਾਲ ਜੀ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੇ ਜਥੇਦਾਰ ਦਾਦੂਵਾਲ ਜੀ ਆਪਣੇ ਸੁੱਖ ਸੇਵਾ ਸਿਮਰਨ ਟਰੱਸਟ ਵੱਲੋਂ ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ ਦੇ ਵਿਆਹ,ਬਿਮਾਰਾਂ ਦਾ ਇਲਾਜ,ਲੋੜਵੰਦ ਸਕੂਲੀ ਬੱਚਿਆਂ ਦੀਆਂ ਫੀਸਾਂ ਭਰਨ ਦੇ ਕਾਰਜ ਹਮੇਸ਼ਾ ਕਰਦੇ ਰਹਿੰਦੇ ਹਨ ਅਤੇ ਹੁਣ ਉਨ੍ਹਾਂ ਨੇ ਵਿੱਦਿਆ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਵੀ ਵਿਸ਼ੇਸ਼ ਸਨਮਾਨ ਦਿੱਤਾ ਹੈ ਕੋਚ ਅਧਿਆਪਕ ਰਾਜਪਾਲ ਸਿੰਘ ਲੱਕੜਾਂਵਾਲੀ ਵੱਲੋਂ ਤਿਆਰ ਕੀਤੀ ਲੜਕੀਆਂ ਦੀ ਕਬੱਡੀ ਟੀਮ ਜਿਸ ਨੇ ਪਿਛਲੇ ਦਿਨੀ ਫਿਰੋਜ਼ਪੁਰ ਤੋਂ ਕਬੱਡੀ ਕੱਪ ਜਿੱਤਿਆ ਅਤੇ ਪੰਜਾਬ ਵਿੱਚੋਂ ਵੀ ਦੋ ਵਾਰ ਗੋਲਡ ਮੈਡਲ ਜਿੱਤਣਾ ਕੀਤਾ ਸੀ ਜਥੇਦਾਰ ਦਾਦੂਵਾਲ ਜੀ ਨੇ ਕੋਚ ਰਾਜਪਾਲ ਸਮੇਤ 12 ਬੱਚੀਆਂ ਨੂੰ ਪੰਜ ਪੰਜ ਕਿੱਲੋ ਬਦਾਮਾਂ ਦੀਆਂ ਟੋਕਰੀਆਂ ਭੇਟ ਕੀਤੀਆਂ ਇਸ ਦੇ ਨਾਲ ਹੀ ਪਿੰਡ ਦਾਦੂ ਸਾਹਿਬ ਦੇ ਸਰਕਾਰੀ ਸਕੂਲ ਵਿੱਚ ਦਸਵੀਂ ਕਲਾਸ ਚੋਂ 92% ਨੰਬਰ ਲੈ ਕੇ ਅੱਵਲ ਆਈ ਬੱਚੀ ਰੁਪਿੰਦਰਜੀਤ ਕੌਰ ਪਿੰਡ ਦਾਦੂ ਸਾਹਿਬ ਅਤੇ ਪਲੱਸ ਟੂ ਵਿੱਚੋਂ 87% ਨੰਬਰ ਲੈ ਕੇ ਅੱਵਲ ਰਹਿਣ ਵਾਲੀ ਪਿੰਡ ਦਾਦੂ ਸਾਹਿਬ ਦੀ ਬੱਚੀ ਰਮਨਦੀਪ ਕੌਰ ਅਤੇ ਪਿੰਡ ਤਿਲੋਕੇਵਾਲਾ ਦੀ ਬੱਚੀ ਪਰਵਿੰਦਰ ਕੌਰ ਜੋ ਗੱਤਕੇ ਵਿੱਚ ਗੋਲਡ ਮੈਡਲ ਜਿੱਤੀ ਹੈ ਨੂੰ 2100 - 2100 ਦੇ ਵਿਸ਼ੇਸ਼ ਇਨਾਮ ਦਿੱਤੇ ਇਸ ਦੇ ਨਾਲ ਹੀ ਸਰਕਾਰੀ ਸਕੂਲ ਦਾਦੂ ਸਾਹਿਬ ਦੇ ਪ੍ਰਿੰਸੀਪਲ ਡਾਕਟਰ ਵਿਨੋਦ ਪ੍ਰਕਾਸ਼ ਪਿੰਡ ਝੋਰੜ ਰੋਹੀ ਦੇ ਪ੍ਰਿੰਸੀਪਲ ਮਨੋਜ ਕੁਮਾਰ,ਅਧਿਆਪਕ ਅਵਤਾਰ ਸਿੰਘ,ਅਧਿਆਪਕ ਕੁਲਵਿੰਦਰ ਸਿੰਘ ਸਮੇਤ ਸਮੂਹ ਅਧਿਆਪਕਾਂ ਨੂੰ ਸਿਰਪਾਉ ਭੇਟ ਕਰਕੇ ਵਿਸ਼ੇਸ਼ ਸਨਮਾਨ ਕੀਤਾ।



ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ



# ਗੂੰਦ-ਕਤੀਰਾ ਸਰੀਰ ਨੂੰ ਅੰਦਰੋਂ ਠੰਡਾ ਰੱਖਣ ਵਿੱਚ ਕਰਦਾ ਮਦਦ

ਗਰਮੀਆਂ ਦੇ ਮਹੀਨਿਆਂ ਦੌਰਾਨ ਸਰੀਰ ਨੂੰ ਠੰਡਾ ਰੱਖਣ ਲਈ ਗੂੰਦ-ਕਤੀਰਾ (ਟ੍ਰਾਗਾਕੈਂਥ ਗਮ) ਦਾ ਸੇਵਨ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਇਹ ਸਰੀਰ ਨੂੰ ਅੰਦਰੋਂ ਠੰਡਾ ਰੱਖਣ ਵਿੱਚ ਮਦਦ ਕਰਦਾ ਹੈ ਤੇ ਨਾਲ ਹੀ ਕਮਜ਼ੋਰੀ ਅਤੇ ਡੀਹਾਈਡਰੇਸ਼ਨ ਤੋਂ



ਬਚਾਉਂਦਾ ਹੈ। ਬਹੁਤ ਸਾਰੇ ਲੋਕ ਇਸਨੂੰ ਦੁੱਧ, ਸ਼ਰਬਤ, ਜਾਂ ਠੰਡਾਈ ਨਾਲ ਮਿਲਾ ਕੇ ਖਾਂਦੇ ਹਨ ; ਹਾਲਾਂਕਿ, ਇੱਕ ਆਮ ਸਵਾਲ ਅਕਸਰ ਇੱਕ ਦਿਨ ਵਿੱਚ ਗੂੰਦ-ਕਤੀਰਾ ਦੀ ਸਹੀ ਮਾਤਰਾ ਬਾਰੇ ਉੱਠਦਾ ਹੈ। ਸੀਮਤ ਮਾਤਰਾ ਵਿੱਚ ਗੂੰਦ-ਕਤੀਰਾ ਦਾ ਸੇਵਨ ਕਰਨਾ ਸਭ ਤੋਂ ਵੱਧ ਫਾਇਦੇਮੰਦ ਹੁੰਦਾ ਹੈ, ਕਿਉਂਕਿ ਜ਼ਿਆਦਾ ਸੇਵਨ ਨਾਲ ਗੈਸਟਰੋਇੰਟੇਸਟਾਈਨਲ ਸਮੱਸਿਆਵਾਂ ਹੋ ਸਕਦੀਆਂ ਹਨ।

**ਚਮੜੀ ਲਈ ਲਾਭਦਾਇਕ** : ਗੂੰਦ-ਕਤੀਰਾ ਗਰਮੀਆਂ ਦੇ ਮੌਸਮ ਦੌਰਾਨ ਚਮੜੀ ਨੂੰ ਹਾਈਡ੍ਰੇਟਿਡ ਅਤੇ ਚਮਕਦਾਰ ਰੱਖਣ ਵਿੱਚ ਵੀ ਮਦਦਗਾਰ ਮੰਨਿਆ ਜਾਂਦਾ ਹੈ।

**ਪਾਚਨ ਲਈ ਲਾਭਦਾਇਕ** : ਗੂੰਦ-ਕਤੀਰਾ ਦਾ ਸੇਵਨ ਬਿਹਤਰ ਪਾਚਨ ਸਿਹਤ ਨੂੰ ਉਤਸ਼ਾਹਿਤ ਕਰਦਾ ਹੈ। ਇਸ ਵਿੱਚ ਮੌਜੂਦ ਫਾਈਬਰ ਸਮੱਗਰੀ ਪਾਚਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਪ੍ਰਦਾਨ ਕਰਦੀ ਹੈ।

**ਕਮਜ਼ੋਰੀ ਅਤੇ ਥਕਾਵਟ ਨਾਲ ਲੜਦਾ** : ਗੂੰਦ-ਕਤੀਰਾ ਸਰੀਰ ਨੂੰ ਊਰਜਾ ਪ੍ਰਦਾਨ ਕਰਨ ਅਤੇ ਕਮਜ਼ੋਰੀ ਨੂੰ ਦੂਰ ਕਰਨ ਵਿੱਚ ਮਦਦਗਾਰ ਮੰਨਿਆ ਜਾਂਦਾ ਹੈ। ਦਰਅਸਲ, ਇਹ ਪ੍ਰੋਟੀਨ ਅਤੇ ਫੋਲਿਕ ਐਸਿਡ ਨਾਲ ਭਰਪੂਰ ਹੁੰਦਾ ਹੈ, ਜੋ ਥਕਾਵਟ, ਕਮਜ਼ੋਰੀ ਅਤੇ ਚੱਕਰ ਆਉਣ ਵਰਗੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰਦਾ ਹੈ।

**ਸਰੀਰ ਨੂੰ ਠੰਡਾ ਰੱਖਦਾ** : ਗੂੰਦ-ਕਤੀਰਾ ਵਿੱਚ ਕੁਦਰਤੀ ਤੌਰ 'ਤੇ ਠੰਡਾ ਕਰਨ ਵਾਲਾ ਗੁਣ ਹੁੰਦਾ ਹੈ, ਜੋ ਗਰਮੀਆਂ ਦੌਰਾਨ ਸਰੀਰ ਨੂੰ ਗਰਮੀ ਦੇ ਦੌਰੇ ਅਤੇ ਸਰੀਰ ਦੀ ਜ਼ਿਆਦਾ ਗਰਮੀ ਤੋਂ ਬਚਾਉਣ ਵਿੱਚ ਮਦਦ ਕਰਦਾ ਹੈ। ਇਸ ਲਈ, ਹਾਈਡ੍ਰੇਟਿਡ ਅਤੇ ਠੰਡਾ ਰਹਿਣ ਲਈ ਗੂੰਦ-ਕਤੀਰਾ ਦਾ ਸੇਵਨ ਕਰੋ।

# ਦਲਾਈਲਾਮਾ ਉਤਰਾਧਿਕਾਰ ਮਾਮਲੇ ਤੋਂ ਦੂਰ ਰਹੇ ਭਾਰਤ : ਚੀਨ

ਬੀਜਿੰਗ, 26 ਮਈ (ਚ.ਨ.ਸ.) : ਚੀਨ ਨੇ ਭਾਰਤ ਨੂੰ ਦਲਾਈਲਾਮਾ ਦੇ ਉੱਤਰਾਧਿਕਾਰ ਦੇ ਮੁੱਦੇ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ। ਬੀਜਿੰਗ ਨੇ ਕਿਹਾ ਕਿ ਦਲਾਈਲਾਮਾ ਦੇ ਪੁਨਰਜਨਮ ਅਤੇ ਉੱਤਰਾਧਿਕਾਰੀ ਤੈਅ ਕਰਨ ਦੀ



ਪ੍ਰਕਿਰਿਆ ਪੂਰੀ ਤਰ੍ਹਾਂ ਚੀਨ ਦਾ ਅੰਦਰੂਨੀ ਮਾਮਲਾ ਹੈ ਅਤੇ ਇਸ ਵਿਚ ਕਿਸੇ ਵੀ ਬਾਹਰੀ ਦਖਲਅੰਦਾਜ਼ੀ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਭਾਰਤ ਵਿਚ ਚੀਨੀ ਅੰਬੈਸੀ ਦੀ ਬੁਲਾਰਨ ਯੂ ਜਿੰਗ ਨੇ ਕਿਹਾ ਕਿ ਦਲਾਈਲਾਮਾ ਦਾ ਪੁਨਰਜਨਮ ਸਦੀਆਂ ਪੁਰਾਣੀਆਂ ਧਾਰਮਿਕ ਰੀਤੀ-ਰਿਵਾਜਾਂ ਅਤੇ ਇਤਿਹਾਸਕ ਪ੍ਰੰਪਰਾਵਾਂ ਦੇ ਤਹਿਤ ਹੁੰਦਾ ਹੈ।ਚੀਨ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ 27 ਮਈ ਨੂੰ ਧਰਮਸ਼ਾਲਾ ਵਿਚ ਸੈਂਟਰਲ ਤਿੱਬਤਨ ਐਡਮਿਨਿਸਟ੍ਰੇਸ਼ਨ ਭਾਵ ਜਲਾਵਤਨ ਤਿੱਬਤੀ ਸਰਕਾਰ ਦੇ ਮੁਖੀ ਪੇਨਪਾ ਤਸੇਰਿੰਗ ਦੂਜੀ ਵਾਰ ਸਹੁੰ ਚੁੱਕਣ ਵਾਲੇ ਹਨ। ਦਲਾਈਲਾਮਾ ਵੀ ਇਸ ਪ੍ਰੋਗਰਾਮ ਵਿਚ ਸ਼ਾਮਲ ਹੋ ਸਕਦੇ ਹਨ। ਚੀਨੀ ਅੰਬੈਸੀ ਨੇ ਭਾਰਤ ਨੂੰ ਤਿੱਬਤ 'ਤੇ ਉਸ ਦੇ ਪੁਰਾਣੇ ਰਵੱਈਏ ਦੀ ਯਾਦ ਵੀ ਦਿਵਾਈ। ਬਿਆਨ ਵਿਚ ਕਿਹਾ ਗਿਆ ਕਿ ਭਾਰਤ ਨੂੰ ਤਿੱਬਤੀ ਆਜ਼ਾਦੀ ਨਾਲ ਜੁੜੀਆਂ ਸਰਗਰਮੀਆਂ ਲਈ ਮੰਚ ਮੁਹੱਈਆ ਨਹੀਂ ਕਰਵਾਉਣਾ ਚਾਹੀਦਾ। ਇਹ ਖੇਤਰੀ ਸਥਿਰਤਾ ਅਤੇ ਭਾਰਤ-ਚੀਨ ਰਿਸ਼ਤਿਆਂ ਲਈ ਜ਼ਰੂਰੀ ਹੈ।

# ਇਬੋਲਾ ਨੂੰ ਲੈ ਕੇ ਐਕਸ਼ਨ 'ਚ ਸਰਕਾਰ, ਹਵਾਈ ਯਾਤਰੀਆਂ ਲਈ ਕੋਵਿਡ ਵਰਗੇ ਪ੍ਰੋਟੋਕੋਲ ਫਿਰ ਤੋਂ ਕੀਤੇ ਲਾਗੂ

ਨਵੀਂ ਦਿੱਲੀ, 26 ਮਈ (ਚ.ਨ.ਸ.): ਸਰਕਾਰ ਨੇ ਭਾਰਤ ਵਿੱਚ ਈਬੋਲਾ ਦੇ ਫੈਲਣ ਨੂੰ ਰੋਕਣ ਲਈ ਉਪਾਅ ਸ਼ੁਰੂ ਕੀਤੇ ਹਨ। ਅਫਰੀਕਾ ਦੇ ਈਬੋਲਾ ਹੌਟਸਪੌਟਸ ਤੋਂ ਯਾਤਰੀਆਂ ਨੂੰ ਭਾਰਤ ਲਿਜਾਣ ਵਾਲੀਆਂ ਏਅਰਲਾਈਨਾਂ ਨੂੰ ਹੁਣ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਜਿਹੇ ਯਾਤਰੀ ਪਹੁੰਚਣ ਤੋਂ ਪਹਿਲਾਂ ਸਵੈ-ਘੋਸ਼ਣਾ ਫਾਰਮ ਭਰਦੇ ਹਨ। ਇਸ ਤੋਂ ਇਲਾਵਾ, ਇਨ੍ਹਾਂ ਹੌਟਸਪੌਟਸ ਤੋਂ ਆਉਣ ਵਾਲੇ ਯਾਤਰੀਆਂ ਦੀ ਥਰਮਲ ਸਕ੍ਰੀਨਿੰਗ ਹੋਵੇਗੀ।

ਕੋਵਿਡ ਯੁੱਗ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ, ਸਿਵਲ ਏਵੀਏਸ਼ਨ ਡਾਇਰੈਕਟੋਰੇਟ ਜਨਰਲ (4731) ਨੇ ਈਬੋਲਾ ਦੇ ਸੰਭਾਵੀ ਪ੍ਰਸਾਰਣ ਨੂੰ ਰੋਕਣ ਲਈ ਏਅਰਲਾਈਨਾਂ ਲਈ ਇੱਕ ਪ੍ਰੋਟੋਕੋਲ ਜਾਰੀ ਕੀਤਾ ਹੈ। ਏਅਰਲਾਈਨਾਂ ਨੂੰ ਹੁਣ ਜਹਾਜ਼ ਦੇ ਪਿਛਲੇ ਹਿੱਸੇ ਵਿੱਚ ਸੰਭਾਵੀ ਈਬੋਲਾ ਦੇ ਲੱਛਣਾਂ ਵਾਲੇ ਯਾਤਰੀਆਂ ਨੂੰ ਬਿਠਾਉਣ ਦੀ ਲੋੜ ਹੈ ਤਾਂ ਜੋ ਦੂਜੇ ਯਾਤਰੀਆਂ ਦੇ ਸੰਪਰਕ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ।ਇਸ ਤੋਂ ਇਲਾਵਾ, ਜੇਕਰ ਕਿਸੇ ਜਹਾਜ਼ 'ਤੇ ਕਿਸੇ ਸ਼ੱਕੀ ਮਾਮਲੇ ਦੀ ਪਛਾਣ ਕੀਤੀ ਜਾਂਦੀ ਹੈ ਤਾਂ ਉਸ ਯਾਤਰੀ ਦੇ ਸਾਹਮਣੇ ਅਤੇ ਪਿੱਛੇ ਤਿੰਨ ਕਤਾਰਾਂ ਨੂੰ ਜਿੰਨਾ ਸੰਭਵ ਹੋ ਸਕੇ ਖਾਲੀ ਰੱਖਿਆ ਜਾਣਾ ਚਾਹੀਦਾ ਹੈ। ਏਅਰ ਇੰਡੀਆ, ਇੰਡੀਗੋ, ਅਕਾਸਾ, ਅਮੀਰਾਤ ਅਤੇ ਕਤਰ ਏਅਰਵੇਜ਼ ਵਰਗੀਆਂ ਏਅਰਲਾਈਨਾਂ ਜੋ ਪ੍ਰਭਾਵਿਤ ਦੇਸ਼ਾਂ ਤੋਂ ਯਾਤਰੀਆਂ ਨੂੰ ਲੈ ਜਾਂਦੀਆਂ ਹਨ। ਹਵਾਈ ਆਵਾਜਾਈ ਨਿਯੰਤਰਣ ਨੂੰ ਸੂਚਿਤ ਕਰਨਾ ਚਾਹੀਦਾ ਹੈ ਜੇਕਰ ਕੋਈ ਸ਼ੱਕੀ ਜਾਂ ਲੱਛਣਾਂ ਵਾਲਾ



ਯਾਤਰੀ ਜਹਾਜ਼ ਵਿੱਚ ਮੌਜੂਦ ਹੈ ਤਾਂ ਜੋ ਪਹੁੰਚਣ 'ਤੇ ਜਹਾਜ਼ ਨੂੰ ਇੱਕ ਨਿਰਧਾਰਤ ਆਈਸੋਲੇਸ਼ਨ ਬੇ ਵੱਲ ਭੇਜਿਆ ਜਾ ਸਕੇ।ਕੋਈ ਲੱਛਣ ਨਾ ਦਿਖਾਉਣ ਵਾਲੇ ਯਾਤਰੀ ਜਹਾਜ਼ ਤੋਂ ਸਭ ਤੋਂ ਪਹਿਲਾਂ ਉਤਰਨਗੇ। ਇਸ ਤੋਂ ਬਾਅਦ, ਸ਼ੱਕੀ ਮਾਮਲਿਆਂ ਵਜੋਂ ਪਛਾਣੇ ਗਏ ਯਾਤਰੀਆਂ ਨੂੰ ਆਖਰੀ ਵਾਰ ਉਤਰਨਾ ਪਵੇਗਾ ਅਤੇ ਡਾਕਟਰੀ ਪ੍ਰਤੀਕਿਰਿਆ ਟੀਮਾਂ ਨੂੰ ਸੌਂਪ ਦਿੱਤਾ ਜਾਵੇਗਾ।

# ਐਮਾ ਰਾਡੂਕਾਨੂ ਫ੍ਰੈਂਚ ਓਪਨ ਦੇ ਪਹਿਲੇ ਗੇੜ 'ਚ ਹਾਰੀ

ਪੈਰਿਸ, 26 ਮਈ (ਚ.ਨ.ਸ.) : ਅਰਜਨਟੀਨਾ ਦੀ ਸੋਲਾਨਾ ਸਿਏਰਾ ਵਿਰੁੱਧ ਪਹਿਲੇ ਰਾਊਂਡ ਦੇ ਮੁਕਾਬਲੇ 'ਚ ਹਾਰ ਨਾਲ ਐਮਾ ਰਾਡੂਕਾਨੂ ਦੀ ਫ੍ਰੈਂਚ ਓਪਨ 'ਚ ਮੁਹਿੰਮ ਸਮਾਪਤ ਹੋ ਗਈ। ਸਿਰਫ 25 ਮਿੰਟ ਤੱਕ ਚੱਲੇ ਨਿਰਾਸ਼ਾਜਨਕ ਪਹਿਲੇ ਸੈੱਟ 'ਚ ਇਕ ਵੀ ਗੇਮ ਜਿੱਤਣ 'ਚ ਅਸਫਲ ਰਹਿਣ ਤੋਂ ਬਾਅਦ ਬ੍ਰਿਟਿਸ਼ ਨੰਬਰ ਇਕ ਖਿਡਾਰੀ ਨੇ ਦੂਜੇ ਸੈੱਟ 'ਚ ਡਬਲ-ਬ੍ਰੇਕ ਤੋਂ ਪੱਛੜਨ ਉਪਰੰਤ ਵਾਪਸੀ ਕਰਦਿਆਂ ਟਾਈ-ਬ੍ਰੇਕ ਲਈ ਮਜਬੂਰ ਕੀਤਾ। ਦੁਨੀਆ ਦੀ 68ਵੇਂ ਨੰਬਰ ਦੀ ਸਿਏਰਾ ਨੇ ਵਾਪਸੀ ਕਰਦਿਆਂ ਰਾਡੂਕਾਨੂ 'ਤੇ 6-0, 7-6 (7-4) ਨਾਲ ਜਿੱਤ ਦਰਜ ਕੀਤੀ। ਰਾਡੂਕਾਨੂ ਨੇ 15 ਅਨਫੋਰਸਡ ਐਰਰ ਕੀਤੇ ਅਤੇ ਕੋਈ ਵਿਨਰ ਨਹੀਂ ਬਣਾਇਆ, ਜਦਕਿ ਸਿਏਰਾ ਨੇ 2 ਵਾਰ ਹੋਰ ਬ੍ਰੇਕ ਕਰ ਕੇ ਪਹਿਲਾ ਸੈੱਟ 'ਬੈਗਲ' ਜਿੱਤ ਲਿਆ। ਨਿਰਾਸ਼ ਰਾਡੂਕਾਨੂ ਨੇ ਦੂਜੇ ਸੈੱਟ ਲਈ ਪਰਤਣ ਤੋਂ ਪਹਿਲਾਂ ਕੋਰਟ ਤੋਂ ਕੁਝ ਸਮਾਂ ਲਿਆ, ਹਾਲਾਂਕਿ ਉਹ ਸ਼ੁਰੂਆਤ 'ਚ ਹੀ ਇਕ ਗੇਮ ਜਿੱਤਣ 'ਚ



ਕਾਮਯਾਬ ਰਹੀ ਪਰ ਸਿਏਰਾ ਲਈ ਸਭ ਕੁਝ ਆਸਾਨ ਰਿਹਾ, ਜਿਸ ਨੇ ਕਈ ਜ਼ੋਰਦਾਰ ਫੋਰਹੈਂਡ ਵਿਨਰ ਲਾ ਕੇ 4-1 ਦੀ ਬੜ੍ਹਤ ਬਣਾ ਲਈ। ਹਾਲਾਂਕਿ, ਟਾਈ-ਬ੍ਰੇਕ 'ਚ 5-1 ਨਾਲ ਪੱਛੜਨ ਤੋਂ ਬਾਅਦ 5-4 'ਤੇ ਵਾਪਸੀ ਕਰਨ ਤੋਂ ਬਾਅਦ ਰਾਡੂਕਾਨੂ ਦੀ ਹਿੰਮਤ ਘੱਟ ਹੋਈ ਤੇ ਸਿਏਰਾ ਨੇ ਇਕ ਘੰਟੇ 45 ਮਿੰਟ ਤੋਂ ਬਾਅਦ ਜਿੱਤ ਹਾਸਲ ਕੀਤੀ।

# ਟੋਕੀਓ 'ਚ ਸਪਰੇਅ ਹਮਲੇ ਤੋਂ ਬਾਅਦ ਮਚੀ ਹਫੜਾ-ਦਫੜੀ; 25 ਲੋਕ ਹਸਪਤਾਲ 'ਚ ਭਰਤੀ

ਟੋਕੀਓ, 26 ਮਈ (ਚ.ਨ.ਸ.) : ਜਾਪਾਨ ਦੀ ਰਾਜਧਾਨੀ ਟੋਕੀਓ ਵਿੱਚ ਇੱਕ ਅਜੀਬ ਘਟਨਾ ਵਾਪਰੀ। ਇੱਕ ਵਿਅਕਤੀ ਨੇ ਅਚਾਨਕ ਇਲਾਕੇ ਵਿੱਚ ਇੱਕ ਅਣਪਛਾਤੀ ਪਦਾਰਥ ਦਾ ਛਿੜਕਾਅ ਕਰ ਦਿੱਤਾ। ਨਤੀਜੇ ਵਜੋਂ, ਮੌਕੇ @ਤੇ ਮੌਜੂਦ ਲੋਕਾਂ ਨੂੰ ਪਰੇਸ਼ਾਨੀ ਹੋਣ ਲੱਗੀ, ਅਤੇ ਲਗਭਗ 25 ਵਿਅਕਤੀਆਂ ਨੂੰ ਹਸਪਤਾਲ ਲਿਜਾਣਾ ਪਿਆ।ਟੋਕੀਓ ਫਾਇਰ ਡਿਪਾਰਟਮੈਂਟ ਨੇ ਦੱਸਿਆ ਕਿ ਇਹ ਘਟਨਾ ਗਿੰਜ਼ਾ ਸਿਕਸ ਸ਼ਾਪਿੰਗ ਕੰਪਲੈਕਸ ਦੇ ਨੇੜੇ ਵਾਪਰੀ। ਮੌਕੇ @ਤੇ ਮੌਜੂਦ 26 ਲੋਕਾਂ ਨੂੰ ਅਚਾਨਕ ਗਲੇ ਵਿੱਚ ਖਰਾਸ਼ ਹੋਣ ਲੱਗੀ ਅਤੇ ਉਹ ਬਿਮਾਰ ਮਹਿਸੂਸ ਕਰਨ ਲੱਗੇ। ਇੱਕ ਵਿਅਕਤੀ ਨੂੰ ਛੱਡ ਕੇ, ਸਾਰਿਆਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਉਣ ਦੀ ਲੋੜ ਸੀ।ਇਹ ਘਟਨਾ ਸੋਮਵਾਰ ਦੁਪਹਿਰ ਨੂੰ ਵਾਪਰੀ। ਚਸ਼ਮਦੀਦਾਂ ਨੇ ਦੱਸਿਆ ਕਿ ਸ਼ਾਪਿੰਗ ਕੰਪਲੈਕਸ ਵਿੱਚ ਅਚਾਨਕ ਇੱਕ ਅਜੀਬ, ਬਦਬੂ ਆਉਣ ਲੱਗੀ, ਜਿਸ ਤੋਂ ਬਾਅਦ ਲੋਕਾਂ ਨੂੰ ਖੰਘਣ ਲੱਗ ਪਈ। ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਇੱਕ ਵਿਅਕਤੀ ਪਹਿਲੀ ਮੰਜ਼ਿਲ @ਤੇ ਪ੍ਰਵੇਸ਼ ਦੁਆਰ ਦੇ ਨੇੜੇ ਸਥਿਤ ਇੱਕ ਬੈਂਕ ਦੇ ਏਟੀਐਮ ਸੈਕਸ਼ਨ ਦੇ ਨੇੜੇ ਇੱਕ ਪਦਾਰਥ ਦਾ ਛਿੜਕਾਅ ਕਰ ਰਿਹਾ ਸੀ।ਟੋਕੀਓ ਮੈਟਰੋਪੋਲੀਟਨ ਪੁਲਿਸ ਵਿਭਾਗ ਨੇ ਚਸ਼ਮਦੀਦਾਂ ਦੇ ਬਿਆਨ ਦਰਜ ਕੀਤੇ ਹਨ। ਹਾਲਾਂਕਿ ਅਧਿਕਾਰੀਆਂ ਨੇ ਸਪਰੇਅ ਦੀ ਪ੍ਰਕਿਰਤੀ ਨੂੰ ਸਪੱਸ਼ਟ ਤੌਰ @ਤੇ ਸਪੱਸ਼ਟ ਨਹੀਂ ਕੀਤਾ ਹੈ, ਪਰ ਜਾਪਾਨੀ ਅਖਬਾਰ *ਯੋਮੀਉਰੀ* ਨੇ ਰਿਪੋਰਟ ਦਿੱਤੀ ਹੈ ਕਿ ਪੁਲਿਸ ਨੂੰ ਘਟਨਾ ਸਥਾਨ 'ਤੇ ਮਿਰਚ




ਸਪਰੇਅ ਦੇ ਨਿਸ਼ਾਨ ਮਿਲੇ ਹਨ।ਟੋਕੀਓ ਦੇ 78 ਸਾਲਾ ਨਿਵਾਸੀ ਯੂਜ਼ੋ ਸੁਦਾ ਨੇ ਦੱਸਿਆ ਕਿ ਜਿਵੇਂ ਹੀ ਉਹ ਸ਼ਾਪਿੰਗ ਕੰਪਲੈਕਸ ਦੇ ਨੇੜੇ ਪਹੁੰਚਿਆ, ਉਸਨੂੰ ਅਚਾਨਕ ਆਪਣੇ ਗਲੇ ਵਿੱਚ ਦਰਦ ਮਹਿਸੂਸ ਹੋਇਆ ਅਤੇ ਖੰਘਣ ਲੱਗ ਪਈ। ਲਗਭਗ ਇੱਕ ਘੰਟੇ ਬਾਅਦ ਦਰਦ ਘੱਟ ਗਿਆ। ਉਸਨੇ ਕਿਹਾ ਕਿ ਉਹ ਹਸਪਤਾਲ ਵਿੱਚ ਇਲਾਜ ਦੀ ਮੰਗ ਨਹੀਂ ਕਰੇਗਾ।ਘਟਨਾ ਤੋਂ ਬਾਅਦ, ਦਰਜਨਾਂ ਫਾਇਰ ਟਰੱਕ ਅਤੇ ਐਂਬੂਲੈਂਸ ਇਮਾਰਤ ਦੇ ਬਾਹਰ ਇਕੱਠੇ ਹੋ ਗਏ, ਅਤੇ ਆਲੇ ਦੁਆਲੇ ਦੀਆਂ ਸੜਕਾਂ ਨੂੰ ਅਸਥਾਈ ਤੌਰ @ਤੇ ਬੰਦ ਕਰ ਦਿੱਤਾ ਗਿਆ। ਘਟਨਾ ਵਾਲੀ ਥਾਂ @ਤੇ, ਫਾਇਰਫਾਈਟਰ ਅਤੇ ਅਧਿਕਾਰੀ ਹੈਜ਼ਮੈਟ ਸੂਟ ਅਤੇ ਚਿਹਰੇ ਦੇ ਮਾਸਕ ਪਹਿਨੇ ਹੋਏ ਲੋਕਾਂ ਦੀ ਮਦਦ ਕਰਦੇ ਅਤੇ ਉਨ੍ਹਾਂ ਨੂੰ ਇਮਾਰਤ ਤੋਂ ਬਾਹਰ ਕੱਢਦੇ ਦੇਖੇ ਗਏ।

# ਉਤਰੀ ਕੋਰੀਆ ਨੇ ਸਮੁੰਦਰ ਵੱਲ ਅਣਪਛਾਤੀ ਮਿਜ਼ਾਈਲ ਦਾਗੀ

ਸਿਓਲ, 26 ਮਈ (ਚ.ਨ.ਸ.) : ਦੱਖਣੀ ਕੋਰੀਆ ਦੀ ਫੌਜ ਨੇ ਕਿਹਾ ਕਿ ਉੱਤਰੀ ਕੋਰੀਆ ਨੇ ਮੰਗਲਵਾਰ ਨੂੰ ਆਪਣੇ ਪੱਛਮੀ ਤੱਟ ਤੋਂ ਸਮੁੰਦਰ ਵੱਲ ਇੱਕ ਅਣਪਛਾਤੀ ਪ੍ਰੋਜੈਕਟਾਈਲ ਦਾਗੀ। ਦੱਖਣੀ ਕੋਰੀਆ ਦੇ ਜੁਆਇੰਟ



ਚੀਫ਼ਸ ਆਫ਼ ਸਟਾਫ ਨੇ ਹੋਰ ਵੇਰਵੇ ਨਹੀਂ ਦਿੱਤੇ। ਇਹ ਘਟਨਾਕ੍ਰਮ 19 ਅਪ੍ਰੈਲ ਨੂੰ ਉੱਤਰੀ ਕੋਰੀਆ ਦੁਆਰਾ ਇੱਕ ਹੋਰ ਲਾਂਚ ਤੋਂ ਬਾਅਦ ਹੋਇਆ ਹੈ, ਜਿਸ ਵਿੱਚ ਉਸਨੇ ਕਈ ਛੋਟੀ ਦੂਰੀ ਦੇ ਪ੍ਰੋਜੈਕਟਾਈਲ ਦਾਗੇ। 2019 ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਪ੍ਰਮਾਣੂ ਕੂਟਨੀਤੀ ਦੀ ਅਸਫਲਤਾ ਤੋਂ ਬਾਅਦ ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਆਪਣੇ ਪ੍ਰਮਾਣੂ ਅਤੇ ਮਿਜ਼ਾਈਲ ਭੰਡਾਰਾਂ ਨੂੰ ਵਧਾਉਣ 'ਤੇ ਕੇਂਦ੍ਰਿਤ ਹਨ। ਟਰੰਪ ਨੇ ਵਾਰ-ਵਾਰ ਕਿਮ ਨਾਲ ਗੱਲਬਾਤ ਕਰਨ ਦੀ ਇੱਛਾ ਪ੍ਰਗਟ ਕੀਤੀ ਹੈ, ਪਰ ਉੱਤਰੀ ਕੋਰੀਆ ਨੇ ਹੁਣ ਤੱਕ ਇਨ੍ਹਾਂ ਪੇਸ਼ਕਸ਼ਾਂ ਨੂੰ ਨਜ਼ਰਅੰਦਾਜ਼ ਕੀਤਾ ਹੈ।

# ਵਿਸ਼ਵ ਪੁਰਸ਼ ਹਾਕੀ ਚੈਂਪੀਅਨਸ਼ਿਪ: ਕੈਨੇਡਾ ਦੀ ਸਲੋਵਾਕੀਆ 'ਤੇ 5-1 ਨਾਲ ਸ਼ਾਨਦਾਰ ਜਿੱਤ

ਵੈਨਕੂਵਰ, 26 ਮਈ (ਚ.ਨ.ਸ.): ਵਿਸ਼ਵ ਪੁਰਸ਼ ਹਾਕੀ ਚੈਂਪੀਅਨਸ਼ਿਪ ਵਿੱਚ ਕੈਨੇਡਾ ਨੇ ਸਲੋਵਾਕੀਆ ਨੂੰ 5-1 ਨਾਲ ਹਰਾ ਕੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਮੁਕਾਬਲੇ ਦੇ ਤੀਜੇ ਪੀਰੀਅਡ ਵਿੱਚ ਕੈਨੇਡਾ ਨੇ 4 ਗੋਲ ਕਰਕੇ ਮੈਚ ਪੂਰੀ ਤਰ੍ਹਾਂ ਆਪਣੇ ਕਬਜ਼ੇ ਵਿੱਚ ਕਰ ਲਿਆ। ਪਹਿਲੇ ਦੋ ਪੀਰੀਅਡਾਂ ਦੌਰਾਨ ਮੁਕਾਬਲਾ ਟੱਕਰ ਦਾ ਰਿਹਾ, ਪਰ ਤੀਜੇ ਪੀਰੀਅਡ ਵਿੱਚ ਕੈਨੇਡਾ ਦੇ ਖਿਡਾਰੀਆਂ ਨੇ ਤੇਜ਼ ਤੋਂ ਬਾਅਦ ਸਲੋਵਾਕੀਆ ਦੀ ਟੀਮ ਹਮਲਾਵਰ ਖੇਡ ਦਿਖਾਉਂਦਿਆਂ ਵਾਪਸੀ ਨਹੀਂ ਕਰ ਸਕੀ।ਕੈਨੇਡਾ ਵੱਲੋਂ ਲਗਾਤਾਰ 4 ਗੋਲ ਕਰ ਦਿੱਤੇ। ਇਸ ਮੈਕਲਿਨ ਸੈਲੀਬ੍ਰਿਨੀ ਨੇ ਤੀਜੇ ਪੀਰੀਅਡ ਵਿੱਚ ਗੋਲ ਕਰਕੇ ਟੀਮ ਦੀ ਵੱਡੀ ਜਿੱਤ 'ਤੇ ਮੋਹਰ ਲਗਾਈ। ਜੌਨ ਟਾਵਾਰੇਸ ਅਤੇ ਹੋਰ ਖਿਡਾਰੀਆਂ ਨੇ ਵੀ ਜਿੱਤ ਵਿੱਚ ਅਹਿਮ ਯੋਗਦਾਨ ਪਾਇਆ। ਇਸ ਜਿੱਤ ਨਾਲ ਕੈਨੇਡਾ ਨੇ ਟੂਰਨਾਮੈਂਟ ਵਿੱਚ ਆਪਣੀ ਮਜ਼ਬੂਤ ਦਾਅਵੇਦਾਰੀ ਹੋਰ ਪੱਕੀ ਕਰ ਲਈ ਹੈ। ਕੈਨੇਡੀਅਨ ਹਾਕੀ ਪ੍ਰੇਮੀਆਂ ਵਿੱਚ ਟੀਮ ਦੇ ਪ੍ਰਦਰਸ਼ਨ ਨੂੰ ਲੈ ਕੇ ਖੁਸ਼ੀ ਦਾ ਮਾਹੌਲ ਵੇਖਿਆ ਜਾ ਰਿਹਾ ਹੈ।




# ਇਟਲੀ ਵਿੱਚ ਸੜਕ ਹਾਦਸੇ ਦੌਰਾਨ ਦੋ ਪੰਜਾਬੀਆਂ ਦੀ ਮੌਤ

ਰੋਮ, 26 ਮਈ (ਗੁਰਸ਼ਰਨ ਸਿੰਘ ਸੋਨੀ ) : ਉੱਤਰੀ ਇਟਲੀ 'ਚ ਬੀਤੇ ਦਿਨ ਇੱਕ 38 ਸਾਲਾਂ ਦੇ ਭਾਰਤੀ ਨੌਜਵਾਨ ਮਨਪ੍ਰੀਤ ਸਿੰਘ ਦੀ ਇੱਕ ਸੜਕ ਹਾਦਸੇ ਵਿੱਚ ਹੋਈ ਦਰਦਨਾਕ ਮੌਤ ਦੇ ਦੁੱਖ ਵਿਚੋਂ ਇਟਲੀ ਦਾ ਭਾਰਤੀ ਭਾਈਚਾਰਾ ਹਾਲੇ ਬਾਹਰ ਨਹੀਂ ਸੀ ਆ ਸਕਿਆ ਕਿ ਇੱਕ ਹੋਰ ਦਿਲ ਚੀਰ ਦੀ ਘਟਨਾ ਨੇ ਭਾਈਚਾਰੇ ਦਾ ਲੱਕ ਤੋੜਕੇ ਰੱਖ ਦਿੱਤਾ ਹੈ। ਇਟਲੀ ਦੇ ਵਰੋਨਾ ਨੇੜੇ ਹੋਏ ਇੱਕ ਸੜਕ ਹਾਦਸੇ ਦੌਰਾਨ 24 ਅਤੇ 26 ਸਾਲ ਦੇ ਦੋ ਪੰਜਾਬੀ ਨੌਜਵਾਨਾਂ ਦੀ ਮੌਤ ਉਸ ਵੇਲੇ ਮੌਤ ਹੋ ਗਈ ਜਦੋਂ ਇਹਨਾਂ ਦੋਨਾਂ ਭਾਰਤੀ ਨੌਜਵਾਨਾਂ ਨੂੰ ਇੱਕ ਵੈਨ ਨੇ ਜਬਰਦਸਤ ਟੱਕਰ ਮਾਰ ਦਿੱਤੀ । ਮਿਲੀ ਜਾਣਕਾਰੀ ਅਨੁਸਾਰ ਇਹ ਘਟਨਾ ਅੱਜ ਸਵੇਰੇ 5:30 ਵਜੇ ਕਾਸਲ ਦੈਰੀਓ ਰੋਂਕਾ ਫਰਾਰੀ ਰੋਡ ਤੇ ਉਦੋਂ ਵਾਪਰੀ ਜਦੋਂ ਇਹ ਦੋਵੇਂ ਨੌਜਵਾਨ ਸਾਈਕਲ ਤੇ ਸਵੇਰੇ ਕੰਮ ਤੇ ਜਾ ਰਹੇ ਸੀ। ਪਿੱਛੇ ਤੋਂ ਆ ਰਹੀ ਇੱਕ ਵੈਨ ਨੇ ਇਹਨਾਂ ਨੂੰ ਜ਼ੋਰਦਾਰ ਟੱਕਰ ਮਾਰੀ ਜਿਸ ਨਾਲ ਇਹਨਾਂ ਦੋਨਾਂ ਨੌਜਵਾਨਾਂ ਦੀ ਮੌਕੇ ਤੇ ਹੀ ਮੌਤ ਹੋ ਗਈ। ਮਿੰਨੀ ਬੈਨ ਨੂੰ 68 ਸਾਲ ਦਾ ਇੱਕ ਇਟਾਲੀਅਨ ਵਿਅਕਤੀ ਚਲਾ ਰਿਹਾ ਸੀ ਜੋ ਕਿ ਉਸ ਕੋਲੋਂ ਬੇਕਾਬੂ ਹੋ ਗਈ। ਪੁਲਿਸ ਨੇ ਮੌਕੇ ਤੇ ਹੀ ਹਟਾ ਲਈ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਇਸ ਘਟਨਾ ਦੇ ਨਾਲ ਹੀ ਇਟਲੀ ਵਸਦੇ ਭਾਰਤੀ ਭਾਈਚਾਰੇ ਵਿੱਚ ਬਹੁਤ ਹੀ ਸੋਗ ਦੀ ਲਹਿਰ ਦੌੜ ਗਈ।ਇਹ ਮ੍ਰਿਤਕ ਨੌਜਵਾਨ ਤਜਿੰਦਰ ਸਿੰਘ ਜਿਲਾ ਪਟਿਆਲਾ ਅਤੇ ਹਰਮਨਜੋਤ ਸਿੰਘ ਜਿਲਾ ਹੁਸ਼ਿਆਰਪੁਰ ਨਾਲ ਸਬੰਧਿਤ ਸਨ।ਪੁਲਸ ਨੇ ਲਾਸ਼ਾਂ ਨੂੰ ਕਬਜੇ ਵਿੱਚ ਲੈ ਘਟਨਾ ਦੇ ਕਾਰਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।




# ਏ.ਆਈ. ਨਾਲ ਸਿੱਖਿਆ 'ਚ ਨਕਲ ਦਾ ਸੰਕਟ; ਅਧਿਆਪਕਾਂ ਤੇ ਮਾਪਿਆਂ 'ਚ ਵਧੀ ਚਿੰਤਾ

## ਸਕੂਲਾਂ ਵਿੱਚ ਲਿਖਤੀ ਟੈਸਟ, ਮੌਖਿਕ ਪ੍ਰੀਖਿਆਵਾਂ ਅਤੇ ਕਲਾਸਰੂਮ ਅਧਾਰਿਤ ਮੁਲਾਂਕਣ ਵਧਾਉਣ ਉੱਤੇ ਵੀ ਵਿਚਾਰ

ਸਿਡਨੀ, 26 ਮਈ (ਚ.ਨ.ਸ.) : ਆਸਟਰੇਲੀਆ ਦੇ ਨਿਊ ਸਾਊਥ ਵੇਲਜ਼ ਵਿੱਚ ਸਕੂਲਾਂ ਅੰਦਰ ਮਸਨੂਈ ਬੁੱਧੀ (AI) ਤਕਨਾਲੋਜੀ ਦੇ ਗਲਤ ਇਸਤੇਮਾਲ ਨੂੰ ਲੈ ਕੇ ਵੱਡੀ ਚਿੰਤਾ ਸਾਹਮਣੇ ਆਈ ਹੈ। ਇੱਕ ਸਰਵੇਖਣ ਅਨੁਸਾਰ ਲਗਪਗ 50 ਫੀਸਦੀ ਅਧਿਆਪਕਾਂ ਨੇ ਮੰਨਿਆ ਕਿ ਉਹ ਵਿਦਿਆਰਥੀਆਂ ਨੂੰ ਚੈਟ ਜੀਪੀਟੀ ਵਰਗੇ ਏਆਈ ਟੂਲਾਂ ਦੀ ਮਦਦ ਨਾਲ ਨਕਲ ਕਰਨ ਤੋਂ ਰੋਕਣ ਵਿੱਚ ਅਸਮਰੱਥ ਮਹਿਸੂਸ ਕਰਦੇ ਹਨ। ਕਈ ਅਧਿਆਪਕਾਂ ਨੇ ਇਹ ਵੀ ਕਿਹਾ ਕਿ ਮਸਨੂਈ ਬੁੱਧੀ (AI) ਨਾਲ ਤਿਆਰ ਕੀਤੇ ਕੰਮ ਦੀ




ਪਛਾਣ ਬਹੁਤ ਮੁਸ਼ਕਲ ਜਾਂ ਲਗਪਗ ਅਸੰਭਵ ਬਣ ਗਈ ਹੈ।ਸਿੱਖਿਆ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਇਹ ਰੁਝਾਨ ਜਾਰੀ ਰਿਹਾ ਤਾਂ ਵਿਦਿਆਰਥੀਆਂ ਦੀ ਸੋਚਣ, ਲਿਖਣ ਅਤੇ ਖੁਦ ਸਿੱਖਣ ਦੀ ਯੋਗਤਾ ਕਮਜ਼ੋਰ ਹੋ ਸਕਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬੱਚੇ ਹੁਣ ਆਪਣੀ ਮਿਹਨਤ ਦੀ ਬਜਾਏ ਤਕਨਾਲੋਜੀ 'ਤੇ ਵੱਧ ਨਿਰਭਰ ਹੋ ਰਹੇ ਹਨ, ਜਿਸ ਨਾਲ ਪੂਰੀ ਸਿੱਖਿਆ ਪ੍ਰਣਾਲੀ ਪ੍ਰਭਾਵਿਤ ਹੋ ਸਕਦੀ ਹੈ।

ਸੂਬੇ ਦੇ ਸਿੱਖਿਆ ਵਿਭਾਗ ਨੇ ਮੰਨਿਆ ਹੈ ਕਿ ਮਸਨੂਈ ਬੁੱਧੀ (ਏਆਈ) ਹੁਣ ਸਿੱਖਿਆ ਦਾ ਹਿੱਸਾ ਬਣ ਚੁੱਕਾ ਹੈ, ਪਰ ਇਸ ਦੀ ਵਰਤੋਂ ਲਈ ਸਖ਼ਤ ਨਿਯਮ ਅਤੇ ਨਿਗਰਾਨੀ ਲੋੜੀਂਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਸਕੂਲਾਂ ਨੂੰ ਨਵੀਆਂ ਗਾਈਡਲਾਈਨਾਂ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਮਸਨੂਈ ਬੁੱਧੀ ਦੀ ਜ਼ਿੰਮੇਵਾਰ ਵਰਤੋਂ ਯਕੀਨੀ ਬਣਾਈ ਜਾ ਸਕੇ। ਕੁਝ ਸਕੂਲਾਂ ਵਿੱਚ ਹੱਥ ਲਿਖੇ ਟੈਸਟ, ਮੌਖਿਕ ਪ੍ਰੀਖਿਆਵਾਂ ਅਤੇ ਕਲਾਸਰੂਮ ਅਧਾਰਿਤ ਮੁਲਾਂਕਣ ਵਧਾਉਣ ਉੱਤੇ ਵੀ ਵਿਚਾਰ ਹੋ ਰਿਹਾ ਹੈ। ਕਲਾਸਰੂਮ ਮੁਲਾਂਕਣ ਵਧਾਉਣ ਉੱਤੇ ਜ਼ੋਰ ਦੇ ਰਹੀ ਹੈ ਤਾਂ ਜੋ ਵਿਦਿਆਰਥੀਆਂ ਦੀ ਅਸਲੀ ਯੋਗਤਾ ਸਾਹਮਣੇ ਆ ਸਕੇ।

# ਕੇਂਦਰ ਦੀ 2,620 ਕਰੋੜ ਦੀ ਜਲ ਪਹਿਲਕਦਮੀ ਪੰਜਾਬ ਲਈ ਨਵੀਂ ਉਮੀਦ ਜਗਾਉਂਦੀ ਹੈ: ਸਾਂਸਦ ਸਾਹਨੀ

ਨਵੀਂ ਦਿੱਲੀ, 26 ਮਈ (ਅੰਮ੍ਰਿਤਪਾਲ ਸਿੰਘ) : ਡਾ. ਵਿਕਰਮਜੀਤ ਸਿੰਘ ਸਾਹਨੀ, ਪਦਮ ਸ਼੍ਰੀ, ਸੰਸਦ ਮੈਂਬਰ, ਰਾਜ ਸਭਾ, ਨੇ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਅਤੇ ਭਾਰਤ ਸਰਕਾਰ ਦਾ ਸਿੰਧੂ ਬੇਸਿਨ ਦੇ ਪਾਣੀਆਂ ਦੇ ਭਾਰਤ ਦੇ ਸਹੀ ਹਿੱਸੇ ਦੀ ਵੱਧ ਤੋਂ ਵੱਧ ਵਰਤੋਂ ਦੇ ਉਦੇਸ਼ ਨਾਲ ਚਨਾਬ-ਬਿਆਸ ਲਿੰਕ ਸੁਰੰਗ ਅਤੇ ਸਹਾਇਕ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣ ਲਈ ਸਵਾਗਤ ਅਤੇ ਧੰਨਵਾਦ ਕੀਤਾ ਹੈ। ਡਾ. ਸਾਹਨੀ ਨੇ ਕਿਹਾ ਕਿ ਪ੍ਰਸਤਾਵਿਤ 8.7 ਕਿਲੋਮੀਟਰ ਲੰਬੀ ਸੁਰੰਗ ਚਨਾਬ ਦੇ ਵਾਧੂ ਪਾਣੀਆਂ ਨੂੰ ਬਿਆਸ ਬੇਸਿਨ ਵਿੱਚ ਮੋੜਨ ਦੀ ਸਹੂਲਤ ਦੇਵੇਗੀ, ਇਹ ਇੱਕ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਕਦਮ ਹੈ ਜੋ ਪੰਜਾਬ ਨੂੰ ਕਾਫ਼ੀ ਲਾਭ ਪਹੁੰਚਾ ਸਕਦਾ ਹੈ ਅਤੇ ਇਹ ਇਤਿਹਾਸਕ ਫੈਸਲਾ ਪੰਜਾਬ ਨੂੰ ਦਰਪੇਸ਼ ਪਾਣੀ ਦੀਆਂ ਵਧਦੀਆਂ ਚੁਣੌਤੀਆਂ ਨੂੰ ਹੱਲ ਕਰਨ ਵਾਸਤੇ ਰਾਸ਼ਟਰੀ ਜਲ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਪੰਜਾਬ ਦੇ ਜ਼ਰੂਰੀ ਜਲ ਸੰਕਟ 'ਤੇ ਜ਼ੋਰ ਦਿੰਦਿਆਂ, ਡਾ. ਸਾਹਨੀ ਨੇ ਕਿਹਾ ਕਿ ਉਨ੍ਹਾਂ ਨੇ ਦਰਿਆਈ ਪਾਣੀਆਂ ਨੂੰ ਦੂਜੇ ਰਾਜਾਂ ਵੱਲ ਮੋੜਨ 'ਤੇ ਲਗਾਤਾਰ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਆਪਣੇ ਸਾਲਾਨਾ ਭਰੇ ਜਾਣ ਵਾਲੇ ਭੂਮੀਗਤ ਪਾਣੀ ਦੇ ਸਰੋਤਾਂ ਦੇ ਲਗਭਗ 164% ਦੀ ਚਿੰਤਾਜਨਕ ਦਰ ਨਾਲ ਭੂਮੀਗਤ ਪਾਣੀ ਕੱਢ ਰਿਹਾ ਹੈ, ਜਿਸਦੇ 23 ਵਿੱਚੋਂ 19 ਜ਼ਿਲ੍ਹੇ ਬਹੁਤ ਜ਼ਿਆਦਾ ਪ੍ਰਭਾਵਤ ਸ਼੍ਰੇਣੀ ਵਿੱਚ ਆਉਂਦੇ ਹਨ। ਡਾ. ਸਾਹਨੀ ਨੇ ਕਿਹਾ ਕਿ ਚਨਾਬ, ਜੇਹਲਮ ਅਤੇ ਸਿੰਧ ਤੋਂ ਵਾਧੂ ਪਾਣੀ ਦਾ ਡਾਇਵਰਸ਼ਨ ਭੂਮੀਗਤ ਪਾਣੀ ਰੀਚਾਰਜ, ਟਿਕਾਊ ਖੇਤੀਬਾੜੀ ਅਤੇ ਲੰਬੇ ਸਮੇਂ ਦੀ ਪਾਣੀ ਸੁਰੱਖਿਆ ਲਈ ਇੱਕ ਪਰਿਵਰਤਨਸ਼ੀਲ ਮੌਕਾ ਪ੍ਰਦਾਨ ਕਰੇਗਾ। , ਇਹ ਮਹੱਤਵਪੂਰਨ ਪਹਿਲਕਦਮੀ ਪੰਜਾਬ ਦੇ ਕਿਸਾਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ, ਪਾਣੀ ਦੇ ਟੇਬਲ ਵਿੱਚ ਚਿੰਤਾਜਨਕ ਗਿਰਾਵਟ ਨੂੰ ਰੋਕਣ ਅਤੇ ਰਾਜ ਮਾਰੂਥਲੀਕਰਨ ਦੇ ਵਧ ਰਹੇ ਖ਼ਤਰੇ ਤੋਂ ਬਚਾਉਣ ਵਿੱਚ ਮਦਦ ਕਰੇਗੀ, ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਵਧੇਰੇ ਟਿਕਾਊ ਅਤੇ ਖੁਸ਼ਹਾਲ ਭਵਿੱਖ ਲਈ ਰਾਹ ਪੱਧਰਾ ਕਰੇਗੀ।



# ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੇ ਕੇਂਦਰੀ ਵਾਤਾਵਰਨ ਮੰਤਰੀ ਭੂਪੇਂਦਰ ਯਾਦਵ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ, 26 ਮਈ (ਅੰਮ੍ਰਿਤਪਾਲ ਸਿੰਘ) : ਦਿੱਲੀ ਦੇ ਉਪ ਰਾਜਪਾਲ (ਐਲ.ਜੀ.) ਤਰਨਜੀਤ ਸਿੰਘ ਸੰਧੂ ਨੇ ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰੀ ਸ਼੍ਰੀ ਭੂਪੇਂਦਰ ਯਾਦਵ ਨਾਲ ਇੱਕ ਅਹਿਮ ਮੁਲਾਕਾਤ ਕੀਤੀ। ਇਸ ਉੱਚ ਪੱਧਰੀ ਬੈਠਕ ਦੀ ਜਾਣਕਾਰੀ ਖੁਦ ਉਪ ਰਾਜਪਾਲ ਦੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲ ਰਾਹੀਂ ਸਾਂਝੀ ਕੀਤੀ ਗਈ ਹੈ। ਮੁਲਾਕਾਤ ਦੌਰਾਨ ਦੋਵਾਂ ਆਗੂਆਂ ਨੇ ਇੱਕ-ਦੂਜੇ ਦਾ ਨਿੱਘਾ ਸਵਾਗਤ ਕੀਤਾ ਅਤੇ ਐਲ.ਜੀ. ਸੰਧੂ ਨੇ ਕੇਂਦਰੀ ਮੰਤਰੀ ਨੂੰ ਗੁਲਦਸਤਾ ਭੇਟ ਕਰਕੇ ਸ਼ੁਭਕਾਮਨਾਵਾਂ ਦਿੱਤੀਆਂ। ਸੂਤਰਾਂ ਮੁਤਾਬਕ ਇਸ ਰਸਮੀ ਮੁਲਾਕਾਤ ਦੌਰਾਨ ਦਿੱਲੀ ਅਤੇ ਇਸ ਦੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਵਾਤਾਵਰਣ ਦੀ ਸਥਿਤੀ, ਪ੍ਰਦੂਸ਼ਣ ਦੇ ਨਿਪਟਾਰੇ, ਜੰਗਲਾਤ ਖੇਤਰ ਨੂੰ ਵਧਾਉਣ ਅਤੇ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਲਈ ਕੀਤੇ ਜਾ ਰਹੇ ਯਤਨਾਂ ਵਰਗੇ ਅਹਿਮ ਪ੍ਰਸ਼ਾਸਨਿਕ ਮੁੱਦਿਆਂ 'ਤੇ ਸਾਰਥਕ ਚਰਚਾ ਹੋਈ। ਦਿੱਲੀ ਵਿੱਚ ਹਵਾ ਦੀ ਗੁਣਵੱਤਾ ਨੂੰ ਸੁਧਾਰਨ ਅਤੇ ਆਉਣ ਵਾਲੇ ਸਮੇਂ ਵਿੱਚ ਪ੍ਰਦੂਸ਼ਣ ਨੂੰ ਕਾਬੂ ਹੇਠ ਰੱਖਣ ਲਈ ਕੇਂਦਰ ਅਤੇ ਰਾਜ ਸਰਕਾਰ ਦੀਆਂ ਸੰਸਥਾਵਾਂ ਵਿਚਾਲੇ ਆਪਸੀ ਤਾਲਮੇਲ ਵਧਾਉਣ 'ਤੇ ਵੀ ਜ਼ੋਰ ਦਿੱਤਾ ਗਿਆ। ਇਹ ਮੁਲਾਕਾਤ ਰਾਸ਼ਟਰੀ ਰਾਜਧਾਨੀ ਦੇ ਵਾਤਾਵਰਣ ਸੰਬੰਧੀ ਭਵਿੱਖੀ ਪ੍ਰੋਜੈਕਟਾਂ ਅਤੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਦੇ ਲਿਹਾਜ਼ ਨਾਲ ਬੇਹੱਦ ਮਹੱਤਵਪੂਰਨ ਮੰਨੀ ਜਾ ਰਹੀ ਹੈ। ਦੋਵਾਂ ਆਗੂਆਂ ਨੇ ਦਿੱਲੀ ਦੇ ਨਾਗਰਿਕਾਂ ਨੂੰ ਇੱਕ ਸਾਫ਼-ਸੁਥਰਾ ਅਤੇ ਸਿਹਤਮੰਦ ਵਾਤਾਵਰਣ ਮੁਹੱਈਆ ਕਰਵਾਉਣ ਲਈ ਮਿਲ ਕੇ ਕੰਮ ਕਰਨ ਦੀ ਵਚਨਬੱਧਤਾ ਦਹੁਰਾਈ।

# ਹਰਿਦੁਆਰ ਵਿਖੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਮੁਹਿੰਮ ਵਿੱਢਣ ਵਾਲੇ ਸ. ਹਰਜੀਤ ਸਿੰਘ ਦੂਆ ਦਾ ਦੇਹਾਂਤ

ਹਰਿਦੁਆਰ/ਨਵੀਂ ਦਿੱਲੀ, 26 ਮਈ (ਚ.ਨ.ਸ.) : ਹਰਿਦੁਆਰ ਵਿਖੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਸਥਾਪਨਾ ਲਈ ਜੱਦੋਜਹਿਦ ਸ਼ੁਰੂ ਕਰਨ ਵਾਲੇ ਉੱਘੇ ਸਿੱਖ ਆਗੂ ਅਤੇ ਕਾਰੋਬਾਰੀ ਸ. ਹਰਜੀਤ ਸਿੰਘ ਦੁਆ 90 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੇ ਦੇਹਾਂਤ ਨਾਲ ਉੱਤਰਾਖੰਡ ਦੇ ਸਿੱਖ ਜਗਤ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਸ. ਹਰਜੀਤ ਸਿੰਘ ਦੁਆ ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਦੇ ਸਰਗੋਧਾ ਤੋਂ ਉੱਜੜ ਕੇ ਪਹਿਲਾਂ ਸਹਾਰਨਪੁਰ ਆਏ ਅਤੇ ਫਿਰ 1970 ਵਿੱਚ ਹਰਿਦੁਆਰ ਆ ਕੇ ਪ੍ਰਮੁੱਖ ਕਾਰੋਬਾਰੀ ਵਜੋਂ ਸਥਾਪਤ ਹੋਏ। ਸ਼ਹਿਰ ਵਿੱਚ ਸਿੱਖਾਂ ਦੀ ਬਹੁਤ ਘੱਟ ਗਿਣਤੀ ਹੋਣ ਦੇ ਬਾਵਜੂਦ, ਉਹ ਲੰਮਾ ਸਮਾਂ ਸਥਾਨਕ ਸਿੰਘ ਸਭਾ ਗੁਰਦੁਆਰੇ ਦੇ ਪ੍ਰਧਾਨ ਰਹੇ। ਉਨ੍ਹਾਂ ਨੇ ਹਰਿ ਕੀ ਪੌੜੀ ਵਿਖੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਦੀ ਮੁੜ-ਸਥਾਪਨਾ ਲਈ ਸਰਕਾਰ ਅਤੇ ਮੰਦਿਰ ਪ੍ਰਸ਼ਾਸਨ ਨਾਲ ਅਣਥੱਕ ਗੱਲਬਾਤ ਕੀਤੀ। ਹਾਲਾਂਕਿ, ਮੰਦਿਰ ਪ੍ਰਸ਼ਾਸਨ ਹਰਿ ਕੀ ਪੌੜੀ ਦੇ ਬਿਲਕੁਲ ਸਾਹਮਣੇ ਕਿਸੇ ਵੀ ਨਵੇਂ ਢਾਂਚੇ ਲਈ ਸਹਿਮਤ ਨਹੀਂ ਹੋਇਆ। ਘੱਟਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਸੰਸਦ ਮੈਂਬਰ ਸ. ਤਰਲੋਚਨ ਸਿੰਘ ਨੇ ਦੱਸਿਆ ਕਿ ਜਦੋਂ ਸ. ਸੁਰਜੀਤ ਸਿੰਘ ਬਰਨਾਲਾ ਉੱਤਰਾਖੰਡ ਦੇ ਰਾਜਪਾਲ ਸਨ, ਤਾਂ ਉਨ੍ਹਾਂ ਦੀ ਪਹਿਲਕਦਮੀ 'ਤੇ ਨਵੀਂ ਦਿੱਲੀ ਸਥਿਤ ਕਮਿਸ਼ਨ ਦੇ ਦਫ਼ਤਰ ਵਿੱਚ ਮੁੱਖ ਸਕੱਤਰ ਅਤੇ ਸਿੱਖ ਪ੍ਰਤੀਨਿਧਾਂ ਦੀ ਇੱਕ ਅਹਿਮ ਮੀਟਿੰਗ ਹੋਈ ਸੀ। ਇਸ ਦੌਰਾਨ ਗੰਗਾ ਨਦੀ ਦੇ ਕੰਢੇ ਨਹਿਰ ਦੇ ਕੋਲ ਗੁਰਦੁਆਰਾ ਸਾਹਿਬ ਲਈ ਜਗ੍ਹਾ ਦੀ ਚੋਣ ਕਰਕੇ ਇੱਕ ਸਾਂਝੇ ਸਮਝੌਤੇ 'ਤੇ ਦਸਤਖਤ ਕੀਤੇ ਗਏ ਸਨ। ਉੱਥੇ ਸਿੱਖਾਂ ਵੱਲੋਂ ਨਿਸ਼ਾਨ ਸਾਹਿਬ ਝੁਲਾ ਕੇ ਇੱਕ ਆਰਜ਼ੀ ਸ਼ੈੱਡ ਬਣਾਇਆ ਗਿਆ ਸੀ, ਜੋ ਅੱਜ ਵੀ ਮੌਜੂਦ ਹੈ। ਪਰ ਕਿਉਂਕਿ ਉਹ ਜ਼ਮੀਨ ਉੱਤਰ ਪ੍ਰਦੇਸ਼ ਦੇ ਸਿੰਚਾਈ ਵਿਭਾਗ ਅਧੀਨ ਆਉਂਦੀ ਹੈ, ਇਸ ਲਈ ਯੂ.ਪੀ. ਸਰਕਾਰ ਵੱਲੋਂ ਅਜੇ ਤੱਕ ਇਸ ਦੀ ਪੱਕੀ ਮਨਜ਼ੂਰੀ ਦੇ ਕਾਗਜ਼ਾਤ ਸਿੱਖ ਸੰਗਤ ਨੂੰ ਨਹੀਂ ਸੌਂਪੇ ਗਏ। ਪਿਛਲੇ 5 ਸਾਲਾਂ ਤੋਂ ਉੱਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਹਨ, ਪਰ ਉਨ੍ਹਾਂ ਦੇ ਯਤਨਾਂ ਦੇ ਬਾਵਜੂਦ ਇਹ ਮਨਜ਼ੂਰੀ ਅਜੇ ਲਟਕ ਰਹੀ ਹੈ। ਜ਼ਿਕਰਯੋਗ ਹੈ ਕਿ ਸ. ਦੁਆ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਿੱਖ ਵਫ਼ਦ ਦੀ ਮੁਲਾਕਾਤ ਦੌਰਾਨ ਉੱਤਰਾਖੰਡ ਦੇ ਸਿੱਖਾਂ ਦੀ ਨੁਮਾਇੰਦਗੀ ਵੀ ਕੀਤੀ ਸੀ। ਸਾਬਕਾ ਐਮ.ਪੀ. ਸ. ਤਰਲੋਚਨ ਸਿੰਘ ਨੇ ਸ. ਦੁਆ ਦੇ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਚਿੰਤਾ ਜਤਾਈ ਕਿ ਉਨ੍ਹਾਂ ਦੇ ਜਾਣ ਨਾਲ ਮੌਜੂਦਾ ਥਾਂ ਦਾ ਕਬਜ਼ਾ ਹੱਥੋਂ ਨਾ ਨਿਕਲ ਜਾਵੇ। ਉਨ੍ਹਾਂ ਨੇ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਹ ਸਾਲ 2003 ਵਿੱਚ ਹੋਏ ਸਰਕਾਰੀ ਸਮਝੌਤੇ ਦਾ ਸਨਮਾਨ ਕਰਦੇ ਹੋਏ ਤੁਰੰਤ ਜ਼ਮੀਨ ਦੀ ਪੱਕੀ ਅਲਾਟਮੈਂਟ ਕਰਨ ਤਾਂ ਜੋ ਹਰਿਦੁਆਰ ਵਿਖੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਸੁੰਦਰ ਇਮਾਰਤ ਦੀ ਉਸਾਰੀ ਹੋ ਸਕੇ।



# ਭਾਰਤੀ ਰੇਲਵੇ ਵਿੱਚ ਇਮਾਨਦਾਰੀ ਦਾ ਸੁਨਹਿਰੀ ਅਧਿਆਏ: ਰਾਕੇਸ਼ ਕੁਮਾਰ ਸ਼ਰਮਾ ਨੂੰ 'ਗ੍ਰੈਂਡ ਮਾਸਟਰ' ਸਨਮਾਨ

ਨਵੀਂ ਦਿੱਲੀ, 26 ਮਈ (ਅੰਮ੍ਰਿਤਪਾਲ ਸਿੰਘ) : ਭਾਰਤੀ ਰੇਲਵੇ ਦੇ ਇਤਿਹਾਸ ਵਿੱਚ ਇਮਾਨਦਾਰੀ ਅਤੇ ਜਨ-ਸੇਵਾ ਦੀ ਇੱਕ ਬੇਮਿਸਾਲ ਮਿਸਾਲ ਕਾਇਮ ਕਰਦੇ ਹੋਏ, ਨਵੀਂ ਦਿੱਲੀ ਰੇਲਵੇ ਸਟੇਸ਼ਨ ਦੇ ਸੇਵਾਮੁਕਤ ਸਟੇਸ਼ਨ ਮੈਨੇਜਰ ਸ਼੍ਰੀ ਰਾਕੇਸ਼ ਕੁਮਾਰ ਸ਼ਰਮਾ ਨੂੰ 'ਏਸ਼ੀਆ ਬੁੱਕ ਆਫ਼ ਰਿਕਾਰਡਜ਼' ਅਤੇ 'ਇੰਡੀਆ ਬੁੱਕ ਆਫ਼ ਰਿਕਾਰਡਜ਼' ਵੱਲੋਂ 'ਗ੍ਰੈਂਡ ਮਾਸਟਰ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਹੈ। ਸ਼੍ਰੀ ਸ਼ਰਮਾ ਨੇ ਆਪਣੇ ਕਾਰਜਕਾਲ (6 ਅਪ੍ਰੈਲ 2016 ਤੋਂ 31 ਜਨਵਰੀ 2026) ਦੌਰਾਨ ਅਤੇ ਸੇਵਾਮੁਕਤੀ ਤੋਂ ਬਾਅਦ ਵੀ, ਕੁੱਲ 1,975 ਮੁਸਾਫ਼ਰਾਂ ਦਾ ਗੁਆਚਿਆ ਕੀਮਤੀ ਸਾਮਾਨ ਸੁਰੱਖਿਅਤ ਵਾਪਸ ਲਿਆ ਕੇ ਇੱਕ ਨਵਾਂ ਰਿਕਾਰਡ ਬਣਾਇਆ ਹੈ। ਵਾਪਸ ਕੀਤੇ ਗਏ ਸਾਮਾਨ ਦੀ ਅਨੁਮਾਨਿਤ ਕੀਮਤ 5 ਕਰੋੜ ਰੁਪਏ ਤੋਂ ਵੱਧ ਹੈ, ਜਿਸ ਵਿੱਚ ਮੋਬਾਈਲ, ਲੈਪਟਾਪ, ਨਕਦੀ, ਸੋਨੇ ਦੇ ਗਹਿਣੇ ਅਤੇ ਮਹੱਤਵਪੂਰਨ ਦਸਤਾਵੇਜ਼ ਸ਼ਾਮਲ ਸਨ। ਖ਼ਾਸ ਗੱਲ ਇਹ ਹੈ ਕਿ ਇਸ ਸਾਮਾਨ ਵਿੱਚ 42 ਵਿਦੇਸ਼ੀ ਨਾਗਰਿਕਾਂ ਦਾ ਸਾਮਾਨ ਵੀ ਸ਼ਾਮਲ ਸੀ, ਜਿਸ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਭਾਰਤੀ ਰੇਲਵੇ ਅਤੇ ਦੇਸ਼ ਦਾ ਮਾਣ ਵਧਿਆ ਹੈ। ਸ਼੍ਰੀ ਸ਼ਰਮਾ ਦੀ ਇਸ ਨਿਰਸਵਾਰਥ ਸੇਵਾ ਲਈ ਉਨ੍ਹਾਂ ਨੂੰ ਮਾਨਯੋਗ ਰੇਲ ਮੰਤਰੀ ਵੱਲੋਂ 'ਅਤਿ ਵਿਸ਼ਿਸ਼ਟ ਰੇਲ ਸੇਵਾ ਪੁਰਸਕਾਰ (2023)', 'ਰਾਸ਼ਟਰੀ ਗੌਰਵ ਸਨਮਾਨ (2025)' ਅਤੇ 'ਸਮਾਜ ਰਤਨ' ਵਰਗੇ ਕਈ ਵੱਕਾਰੀ ਪੁਰਸਕਾਰਾਂ ਨਾਲ ਨਿਵਾਜਿਆ ਜਾ ਚੁੱਕਾ ਹੈ। ਉਨ੍ਹਾਂ ਦੀ ਇਹ ਭਾਵਨਾ ਲੱਖਾਂ ਰੇਲਵੇ ਕਰਮਚਾਰੀਆਂ ਅਤੇ ਦੇਸ਼ ਵਾਸੀਆਂ ਲਈ ਪ੍ਰੇਰਨਾ ਦਾ ਸਰੋਤ ਹੈ।




## ਜਨਮ ਦਿਨ ਮੁਬਾਰਕ



ਸ਼ੌਰਿਆ



# ਪਟਿਆਲਾ-ਆਸ/ਪਾਸ



## ਇਯਾਲੀ ਅਤੇ ਰੱਖੜਾ ਦਾ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ 'ਚੋਂ ਲਾਂਭੇ ਹੋਣਾ ਬੇਹੱਦ ਮੰਦਭਾਗਾ: ਢੀਂਡਸਾ

### ➢ਪੰਥ ਅਤੇ ਪੰਜਾਬ ਦੇ ਮਸਲਿਆਂ ਦੇ ਹੱਲ ਤੋਂ ਬਗੈਰ ਕਿਸੇ ਨਾਲ ਵੀ ਕੋਈ ਸਮਝੌਤਾ ਸੰਭਵ ਨਹੀਂ

ਮਲੇਰਕੋਟਲਾ, 26 ਮਈ (ਬਲਜੀਤ ਸਿੰਘ ਟਿੱਬਾ) : ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੀਨੀਅਰ ਆਗੂ ਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਪਾਰਟੀ ਦੇ ਦੋ ਅਹਿਮ ਆਗੂਆਂ ਮਨਪ੍ਰੀਤ ਸਿੰਘ ਇਯਾਲੀ ਤੇ ਸੁਰਜੀਤ ਸਿੰਘ ਰੱਖੜਾ ਦੇ ਪਾਰਟੀ ਤੋਂ ਲਾਂਭੇ ਹੋਣ ਨੂੰ ਬੇਹੱਦ ਮੰਦਭਾਗਾ ਕਰਾਰ ਦਿੱਤਾ ਹੈ। ਢੀਂਡਸਾ ਅੱਜ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਚੇਅਰਮੈਨ ਹਾਜੀ ਮੁਹੰਮਦ ਤੁਫੈਲ ਮਲਿਕ ਦੀ ਸਿਹਤ ਦਾ ਹਾਲ ਜਾਨਣ ਲਈ ਉਨ੍ਹਾਂ ਦੀ ਸ਼ੀਸ਼ ਮਹਿਲ ਸਥਿਤ ਰਿਹਾਇਸ਼ ਮਲਿਕ ਹਾਊਸ ਪਹੁੰਚੇ ਸਨ।ਢੀਂਡਸਾ ਨੇ ਕਿਹਾ ਕਿ ਮਨਪ੍ਰੀਤ ਸਿੰਘ ਇਯਾਲੀ ਨੂੰ ਤਾਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਪੰਥਕ ਏਕਤਾ ਲਈ ਗਠਿਤ ਕਮੇਟੀ ਵਿਚ ਸ਼ਾਮਲ ਕਰਕੇ ਸਾਰੀਆਂ ਪੰਥ ਤੇ ਪੰਜਾਬ ਦਰਦੀ ਧਿਰਾਂ ਨੂੰ ਇੱਕ ਮੰਚ ਉਪਰ ਇਕੱਠੀਆਂ ਕਰਨ ਦੀ ਅਹਿਮ ਜਿੰਮੇਵਾਰੀ ਸੌਂਪੀ ਗਈ ਸੀ।ਢੀਂਡਸਾ ਮੁਤਾਬਿਕ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦਾ ਫੈਸਲਾ ਕਰਨ ਤੋਂ



ਪਹਿਲਾਂ ਸੁਰਜੀਤ ਸਿੰਘ ਰੱਖੜਾ ਜ਼ਿਲ੍ਹਾ ਪਟਿਆਲਾ ਦੀਆਂ ਵਿਧਾਨ ਸਭਾ ਸੀਟਾਂ ਬਾਰੇ ਕਿਸੇ ਸਰਵੇ ਦੀ ਗੱਲ ਕਰ ਰਹੇ ਸਨ ਜਿਸ ਸਰਵੇ ਵਿਚ 2027 ਦੀ ਵਿਧਾਨ ਸਭਾ ਚੋਣ 'ਚ ਆਮ ਆਦਮੀ ਪਾਰਟੀ ਦਾ ਹੱਥ ਉਪਰ ਹੋਣ ਦਾ ਦਾਅਵਾ ਕੀਤਾ ਗਿਆ ਹੈ। ਢੀਂਡਸਾ ਨੇ ਕਿਹਾ ਕਿ ਸਿਆਸਤ ਵਿੱਚ ਮਤਭੇਦ ਹੋਣਾ ਸੁਭਾਵਿਕ ਹੈ ਪਰੰਤੂ ਇਨ੍ਹਾਂ ਮੱਤਭੇਦਾਂ ਸਬੰਧੀ ਚਰਚਾ ਜਨਤਕ ਮੰਚਾਂ ਦੀ ਬਜਾਏ ਪਾਰਟੀ ਪਲੇਟਫਾਰਮ ਉਪਰ ਹੀ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਪੰਥ ਨੂੰ ਇਸ ਸਮੇਂ ਏਕੇ ਦੀ ਲੋੜ ਹੈ, ਟੁੱਟ-ਭੱਜ ਦੀ ਨਹੀਂ।ਵਾਰਿਸ ਪੰਜਾਬ ਅਕਾਲੀ ਦਲ ਨਾਲ ਚੱਲ ਰਹੀ ਗੱਠਜੋੜ ਵਾਰਤਾ ਦੇ ਟੁੱਟਣ ਨੂੰ ਬੇਹੱਦ ਮੰਦਭਾਗਾ ਦਸਦਿਆਂ ਢੀਂਡਸਾ ਨੇ ਕਿਹਾ ਕਿ ਪੰਥ, ਪੰਜਾਬ ਅਤੇ ਕਿਸਾਨੀ ਹਿੱਤਾਂ ਦੀ ਰਾਖੀ ਲਈ ਵਾਰਿਸ ਪੰਜਾਬ ਅਕਾਲੀ ਦਲ ਨਾਲ ਇੱਕ ਸਾਂਝੇ ਮੰਚ 'ਤੇ ਆਉਣ ਦੀ ਕੋਸ਼ਿਸ਼ ਕਰ ਰਹੇ ਸੀ। ਬਦਕਿਸਮਤੀ ਨਾਲ ਕੁਝ ਮੁੱਦਿਆਂ 'ਤੇ ਸਹਿਮਤੀ ਨਾ ਬਣਨ ਕਾਰਨ ਗੱਲਬਾਤ ਟੁੱਟ ਗਈ ਹੈ। ਇਹ ਪੰਜਾਬ ਦੇ ਸਿਆਸੀ ਹਾਲਾਤ ਲਈ ਚੰਗਾ ਸੰਕੇਤ ਨਹੀਂ।ਉਨ੍ਹਾਂ ਕਿਹਾ ਕਿ ਪੰਥਕ ਸਿਧਾਂਤਾਂ ਦੀ ਬਹਾਲੀ ਤੇ ਪੰਜਾਬ ਦੇ ਭਲੇ ਲਈ ਖਿੰਡੇ ਹੋਏ ਪੰਥਕ ਧੜਿਆਂ ਨੂੰ ਇਕਜੁੱਟ ਹੋਣ ਦੀ ਲੋੜ ਹੈ ਪ੍ਰੰਤੂ ਗੱਠਜੋੜ ਬਰਾਬਰੀ, ਆਪਸੀ ਸਤਿਕਾਰ ਤੇ ਸਾਂਝੇ ਘੱਟੋ-ਘੱਟ ਪ੍ਰੋਗਰਾਮ ਦੇ ਅਧਾਰ 'ਤੇ ਹੀ ਸੰਭਵ ਹੈ। ਕਿਸੇ ਇੱਕ ਧਿਰ ਦੀਆਂ ਸ਼ਰਤਾਂ 'ਤੇ ਏਕਾ ਸੰਭਵ ਨਹੀਂ ਹੁੰਦਾ।ਸ. ਢੀਂਡਸਾ ਨੇ ਸਪੱਸ਼ਟ ਕੀਤਾ ਕਿ ਪੁਨਰ ਸੁਰਜੀਤ ਅਕਾਲੀ ਦਲ ਆਪਣੇ ਸਿਧਾਂਤਾਂ ਨਾਲ ਕੋਈ ਸਮਝੌਤਾ ਨਹੀਂ ਕਰੇਗਾ ਅਤੇ ਬਾਦਲ ਦਲ ਦੀਆਂ ਪੰਥ ਵਿਰੋਧੀ ਨੀਤੀਆਂ ਖਿਲਾਫ ਲੜਾਈ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਗੱਲਬਾਤ ਦੇ ਦਰਵਾਜ਼ੇ ਭਵਿੱਖ ਲਈ ਬੰਦ ਨਹੀਂ ਕੀਤੇ ਪਰੰਤੂ ਫਿਲਹਾਲ ਅਸੀਂ ਆਪਣੀ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ 'ਤੇ ਧਿਆਨ ਦੇਵਾਂਗੇ।ਆਪਣੇ ਅਮਰੀਕਾ ਤੇ ਕੈਨੇਡਾ ਦੌਰੇ ਨੂੰ ਪੂਰੀ ਤਰ੍ਹਾਂ ਸਫਲ ਦਸਦਿਆਂ ਢੀਂਡਸਾ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੇ ਮਨਾਂ ਵਿੱਚ ਪੰਥਕ ਏਕਤਾ ਦੀ ਤਾਂਘ ਬਹੁਤ ਡੂੰਘੀ ਹੈ ਅਤੇ ਪੰਜਾਬ ਦੇ ਮੌਜੂਦਾ ਹਾਲਾਤ ਤੋਂ ਬੇਹੱਦ ਚਿੰਤਤ ਪ੍ਰਵਾਸੀ ਪੰਜਾਬੀ ਖਾਸ ਕਰਕੇ ਸਿੱਖ ਚਾਹੁੰਦੇ ਹਨ ਕਿ ਪੰਥਕ ਧੜੇ ਆਪਸੀ ਮਤਭੇਦ ਭੁਲਾ ਕੇ ਇਕੱਠੇ ਹੋਣ।ਢੀਂਡਸਾ ਨੇ ਦੱਸਿਆ ਕਿ ਕੈਨੇਡਾ ਅਤੇ ਅਮਰੀਕਾ ਦੀਆਂ ਗੁਰਦੁਆਰਾ ਕਮੇਟੀਆਂ ਤੇ ਸਿੱਖ ਜਥੇਬੰਦੀਆਂ ਮੰਨਦੀਆਂ ਹਨ ਕਿ ਬਾਦਲ ਦਲ ਦੀਆਂ ਪੰਥ ਵਿਰੋਧੀ ਨੀਤੀਆਂ ਕਾਰਨ ਸਿੱਖ ਸੰਸਥਾਵਾਂ ਨੂੰ ਜੋ ਨੁਕਸਾਨ ਪਹੁੰਚਿਆ ਹੈ, ਉਸ ਦੀ ਭਰਪਾਈ ਸਿਰਫ ਸਾਰੀਆਂ ਪੰਥਕ ਸ਼ਕਤੀਆਂ ਦੇ ਇੱਕਜੁੱਟ ਹੋਣ ਨਾਲ ਹੀ ਹੋ ਸਕਦੀ ਹੈ।ਸੰਗਤ ਦੀ ਇੱਛਾ ਮੁਤਾਬਿਕ ਪੰਥ ਦੇ ਵੱਡੇ ਹਿੱਤਾਂ ਲਈ ਪੁਨਰ ਸੁਰਜੀਤ ਅਕਾਲੀ ਦਲ ਪੰਥਕ ਏਕਤਾ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਹੈ, ਪਰ ਇਹ ਏਕਾ ਸਿਧਾਂਤਾਂ ਦੇ ਅਧਾਰ 'ਤੇ ਹੋਣਾ ਚਾਹੀਦਾ ਹੈ ਨਾ ਕਿ ਸੱਤ੍ਹਾ ਖਾਤਰ।ਇਸ ਮੌਕੇ ਢੀਂਡਸਾ ਦੇ ਨਾਲ ਕਾਕਾ ਅਮਰਿੰਦਰ ਸਿੰਘ ਮੰਡੀਆਂ, ਸਾਬਕਾ ਚੇਅਰਮੈਨ ਹਰਦੀਪ ਸਿੰਘ ਖਟੜਾ, ਗਿਆਨੀ ਅਮਰ ਸਿੰਘ ਦਸਮੇਸ਼ ਕੰਬਾਈਨਜ, ਸਾਬਕਾ ਚੇਅਰਮੈਨ ਸਾਬਰ ਅਲੀ ਢਿੱਲੋਂ, ਜੁਲਫਕਾਰ ਅਲੀ ਅਤੇ ਯੂਥ ਅਕਾਲੀ ਆਗੂ ਮੁਹੰਮਦ ਯੂਨਸ ਮਲਿਕ ਬੱਬੂ ਵੀ ਮੌਜੂਦ ਸਨ।

## ਮੇਅਰ ਕੁੰਦਨ ਗੋਗੀਆ ਦੀ ਲੋਕ-ਪੱਖੀ ਸੋਚ ਤੋਂ ਪਟਿਆਲਾ ਵਾਸੀ ਬੇਹੱਦ ਖ਼ੁਸ਼

### ➢ਨਿਗਮ ਦੇ ਕੰਮਾਂ 'ਚ ਤੇਜ਼ੀ ਲਈ ਸ਼ਹਿਰ ਵਾਸੀਆਂ ਵੱਲੋਂ ਧੰਨਵਾਦ

ਪਟਿਆਲਾ, 26 ਮਈ (ਰੁਪਾਣਾ) : ਸ਼ਾਹੀ ਸ਼ਹਿਰ ਪਟਿਆਲਾ ਦੇ ਨਗਰ ਨਿਗਮ ਵਿੱਚ ਮੇਅਰ ਕੁੰਦਨ ਗੋਗੀਆ ਦੀ ਅਗਵਾਈ ਹੇਠ ਚੱਲ ਰਹੇ ਰੋਜ਼ਾਨਾ ਦੇ ਵਿਕਾਸ ਕਾਰਜਾਂ ਅਤੇ ਪਬਲਿਕ ਡੀਲਿੰਗ ਵਿੱਚ ਆਏ ਵੱਡੇ ਸੁਧਾਰ ਕਾਰਨ ਸ਼ਹਿਰ ਵਾਸੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਅੱਜ ਸ਼ਹਿਰ ਦੇ ਵੱਖ-ਵੱਖ ਵਾਰਡਾਂ ਤੋਂ ਆਏ ਪਤਵੰਤੇ ਸੱਜਣਾਂ ਅਤੇ ਆਮ ਲੋਕਾਂ ਨੇ ਮੇਅਰ ਕੁੰਦਨ ਗੋਗੀਆ ਨਾਲ ਮੁਲਾਕਾਤ ਕਰਕੇ, ਨਗਰ ਨਿਗਮ ਦੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਨਿਪਟਾਰਾ ਕਰਨ ਲਈ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਸ਼ਹਿਰ ਵਾਸੀਆਂ ਨੇ ਦੱਸਿਆ ਕਿ ਮੇਅਰ ਕੁੰਦਨ ਗੋਗੀਆ ਨੇ ਨਗਰ ਨਿਗਮ ਦੇ ਦਫ਼ਤਰ ਦੇ ਦਰਵਾਜ਼ੇ ਆਮ ਜਨਤਾ ਲਈ ਹਮੇਸ਼ਾ ਖੁੱਲ੍ਹੇ ਰੱਖੇ ਹਨ। ਰੋਜ਼ਾਨਾ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਆਪਣੀਆਂ ਨਿੱਜੀ ਅਤੇ ਇਲਾਕੇ ਦੀਆਂ ਸਮੱਸਿਆਵਾਂ ਜਿਵੇਂ ਕਿ ਸਫ਼ਾਈ, ਪਾਣੀ, ਸੀਵਰੇਜ, ਸਟ੍ਰੀਟ ਲਾਈਟਾਂ ਅਤੇ ਬਿਲਡਿੰਗ ਬ੍ਰਾਂਚ ਨਾਲ ਸਬੰਧਤ ਮਸਲੇ ਲੈ ਕੇ ਮੇਅਰ ਕੋਲ ਪਹੁੰਚਦੇ ਹਨ। ਮੇਅਰ ਵੱਲੋਂ ਨਾ ਸਿਰਫ਼ ਲੋਕਾਂ ਦੀ ਗੱਲ ਨੂੰ ਹਮਦਰਦੀ ਨਾਲ ਸੁਣਿਆ ਜਾਂਦਾ ਹੈ,



ਸਗੋਂ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਫ਼ੋਨ ਕਰਕੇ ਜਾਂ ਫ਼ਾਈਲ ਮਾਰਕ ਕਰਕੇ ਸਮੱਸਿਆ ਦਾ ਤੁਰੰਤ ਹੱਲ ਯਕੀਨੀ ਬਣਾਇਆ ਜਾਂਦਾ ਹੈ। ਲੋਕਾਂ ਨੇ ਮੇਅਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਹਿਲਾਂ ਨਗਰ ਨਿਗਮ ਵਿੱਚ ਕੰਮ ਕਰਵਾਉਣ ਲਈ ਲੋਕਾਂ ਨੂੰ ਭਾਰੀ ਝਿਜਕ ਹੁੰਦੀ ਸੀ ਅਤੇ ਕਈ-ਕਈ ਗੇੜੇ ਮਾਰਨੇ ਪੈਂਦੇ ਸਨ ਪਰ ਹੁਣ ਮੇਅਰ ਦੀਆਂ ਸਖ਼ਤ ਹਦਾਇਤਾਂ ਸਦਕਾ ਨਿਗਮ ਦੀ ਕਾਰਗੁਜ਼ਾਰੀ ਪੂਰੀ ਤਰ੍ਹਾਂ ਪਾਰਦਰਸ਼ੀ ਹੋ ਚੁੱਕੀ ਹੈ। ਕੋਈ ਵੀ ਆਮ ਨਾਗਰਿਕ ਬਿਨਾਂ ਕਿਸੇ ਸਿਆਸੀ ਸਿਫ਼ਾਰਿਸ਼ ਜਾਂ ਝਿਜਕ ਦੇ ਸਿੱਧਾ ਨਿਗਮ ਵਿੱਚ ਆ ਕੇ ਆਪਣਾ ਕੰਮ ਕਰਵਾ ਸਕਦਾ ਹੈ। ਮੇਅਰ ਵੱਲੋਂ ਭ੍ਰਿਸ਼ਟਾਚਾਰ ਅਤੇ ਲਾਪਰਵਾਹੀ ਖ਼ਿਲਾਫ਼ ਅਪਣਾਈ ਗਈ ਜ਼ੀਰੋ ਟਾਲਰੈਂਸ ਨੀਤੀ ਸਦਕਾ ਅਧਿਕਾਰੀ ਅਤੇ ਕਰਮਚਾਰੀ ਵੀ ਹੁਣ ਜਨਤਾ ਦੇ ਕੰਮਾਂ ਨੂੰ ਪਹਿਲ ਦਿੰਦੇ ਹਨ। ਸ਼ਹਿਰ ਵਾਸੀਆਂ ਦੇ ਪਿਆਰ ਅਤੇ ਧੰਨਵਾਦ ਦਾ ਸਵਾਗਤ ਕਰਦਿਆਂ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਮਕਸਦ ਲੋਕਾਂ ਨੂੰ ਦਫ਼ਤਰਾਂ ਦੀ ਖੱਜਲ-ਖੁਆਰੀ ਤੋਂ ਬਚਾਉਣਾ ਹੈ। ਮੈਂ ਪਟਿਆਲਾ ਦੇ ਹਰ ਨਾਗਰਿਕ ਦਾ ਸੇਵਕ ਹਾਂ। ਜੇਕਰ ਮੇਰੇ ਕੋਲ ਆ ਕੇ ਕਿਸੇ ਗ਼ਰੀਬ ਜਾਂ ਆਮ ਇਨਸਾਨ ਦਾ ਮਸਲਾ ਹੱਲ ਹੁੰਦਾ ਹੈ, ਤਾਂ ਇਹ ਮੇਰੇ ਲਈ ਸਭ ਤੋਂ ਵੱਡੀ ਸੰਤੁਸ਼ਟੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਸ਼ਹਿਰ ਦੇ ਵਿਕਾਸ ਅਤੇ ਲੋਕਾਂ ਦੀਆਂ ਸਹੂਲਤਾਂ ਵਿੱਚ ਭਵਿੱਖ ਵਿੱਚ ਵੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਵੱਖ-ਵੱਖ ਵਾਰਡਾਂ ਦੇ ਐਮ.ਸੀ., ਇਲਾਕਾ ਨਿਵਾਸੀ ਅਤੇ ਨਗਰ ਨਿਗਮ ਦੇ ਅਧਿਕਾਰੀ ਹਾਜ਼ਰ ਸਨ।

## ਵਿੱਕੀ ਘਨੌਰ ਵੱਲੋਂ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਵਿਰਕ ਦਾ ਸਨਮਾਨ

ਘਨੌਰ, 26 ਮਈ (ਰਾਜਿੰਦਰ ਸਿੰਘ ਕੰਬੋਜ) : ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ



ਅਤੇ ਆਮ ਆਦਮੀ ਪਾਰਟੀ (ਆਪ) ਸਪੋਰਟਸ ਵਿੰਗ ਪੰਜਾਬ ਦੇ ਸੂਬਾ ਪ੍ਰਧਾਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਵੱਲੋਂ ਅੱਜ ਆਪਣੇ ਗ੍ਰਹਿ ਵਿਖੇ ਪਹੁੰਚਣ 'ਤੇ ਆਮ ਆਦਮੀ ਪਾਰਟੀ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਅਤੇ ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ ਦਾ ਸਿਰੋਪਾਓ ਦੇ ਕੇ ਨਿੱਘਾ ਸਨਮਾਨ ਕੀਤਾ ਗਿਆ। ਮਨਿੰਦਰਜੀਤ ਸਿੰਘ ਵਿੱਕੀ ਘਨੌਰ ਨੇ ਕਿਹਾ ਕਿ ਹਰਪਾਲ ਸਿੰਘ ਵਿਰਕ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਦੀ ਮਜ਼ਬੂਤੀ ਲਈ ਪੂਰੀ ਤਨਦੇਹੀ, ਇਮਾਨਦਾਰੀ ਅਤੇ ਲਗਨ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਅ ਰਹੇ ਹਨ। ਉਨ੍ਹਾਂ ਦੀਆਂ ਇਹਨਾਂ ਹੀ ਨਿਸ਼ਕਾਮ ਸੇਵਾਵਾਂ ਨੂੰ ਦੇਖਦੇ ਹੋਏ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ, ਪਾਰਟੀ ਪ੍ਰਧਾਨ ਅਮਨ ਅਰੋੜਾ ਅਤੇ ਸਮੁੱਚੀ ਪਾਰਟੀ ਹਾਈਕਮਾਂਡ ਵੱਲੋਂ ਉਨ੍ਹਾਂ ਨੂੰ ਪਟਿਆਲਾ ਜ਼ਿਲ੍ਹਾ ਦਿਹਾਤੀ ਦਾ ਪ੍ਰਧਾਨ ਨਿਯੁਕਤ ਕਰਕੇ ਇੱਕ ਵੱਡਾ ਮਾਨ ਬਖਸ਼ਿਆ ਗਿਆ ਹੈ, ਜੋ ਕਿ ਬੇਹੱਦ ਸ਼ਲਾਘਾਯੋਗ ਫੈਸਲਾ ਹੈ। ਇਸ ਵਿਸ਼ੇਸ਼ ਮਿਲਣੀ ਅਤੇ ਸਨਮਾਨ ਸਮਾਰੋਹ ਦੌਰਾਨ ਉਨ੍ਹਾਂ ਦੇ ਨਾਲ ਗੁਰਚਰਨ ਸਿੰਘ ਰੁਪਾਣਾ (ਵਾਈਸ ਪ੍ਰਧਾਨ, ਮੁਕਤ ਜਾਤੀ ਪੰਜਾਬ) ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

## ਐਚ.ਪੀ.ਵੀ. ਦਾ ਟੀਕਾ ਲਗਵਾ ਕੇ ਸਰਵਾਈਕਲ ਕੈਂਸਰ ਤੋਂ ਆਪਣੀਆਂ ਬੱਚੀਆਂ ਨੂੰ ਬਚਾਓ : ਡਾ.ਸ਼ੈਲੀ ਜੇਤਲੀ

ਪਟਿਆਲਾ, 26 ਮਈ (ਚ.ਨ.ਸ) : ਪਟਿਆਲਾ ਵਿੱਚ ਧੀਆਂ ਦੀ ਸਿਹਤ ਸੁਰੱਖਿਆ ਵੱਲ ਇੱਕ ਇਤਿਹਾਸਕ ਅਤੇ ਦੂਰਅੰਦੇਸ਼ ਕਦਮ ਚੁੱਕਦਿਆਂ ਸਿਹਤ ਵਿਭਾਗ ਪਟਿਆਲਾ ਵੱਲੋਂ ਸਰਵਾਈਕਲ ਕੈਂਸਰ ਵਿਰੁੱਧ ਜ਼ਿਲ੍ਹਾ ਪੱਧਰੀ ਐਚ.ਪੀ.ਵੀ ਟੀਕਾਕਰਨ ਮੁਹਿੰਮ ਚਲਾਈ ਜਾ ਰਹੀ ਹੈ। ਇਹ ਟੀਕਾ ਪਟਿਆਲਾ ਜ਼ਿਲ੍ਹੇ ਦੀਆਂ 30 ਸਿਹਤ ਸੰਸਥਾਵਾਂ ਉੱਤੇ ਲਾਇਆ ਜਾ ਰਿਹਾ ਹੈ। ਹੁਣ ਤੱਕ ਪਟਿਆਲਾ ਜ਼ਿਲ੍ਹੇ ਦੇ 523 ਬੱਚੀਆਂ ਦੀ ਵੈਕਸੀਨੇਸ਼ਨ ਹੋ ਚੁੱਕੀ ਹੈ। ਇਸ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਪਟਿਆਲਾ ਡਾ.ਸ਼ੈਲੀ ਜੇਤਲੀ ਨੇ ਆਖਿਆ ਕਿ ਪੰਜਾਬ ਸਰਕਾਰ ਸਿਹਤਮੰਦ ਅਤੇ ਸੁਰੱਖਿਅਤ ਪੰਜਾਬ ਦੇ ਨਿਰਮਾਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸਰਵਾਈਕਲ ਕੈਂਸਰ ਮਹਿਲਾਵਾਂ ਵਿੱਚ ਪਾਏ ਜਾਣ ਵਾਲੇ ਗੰਭੀਰ ਕੈਂਸਰਾਂ ਵਿੱਚੋਂ ਇੱਕ ਹੈ, ਜੋ ਬੱਚੇਦਾਨੀ ਦੇ ਹੇਠਲੇ ਹਿੱਸੇ ਵਿੱਚ ਹੁੰਦਾ ਹੈ ਅਤੇ ਇਸਦਾ ਮੁੱਖ ਕਾਰਨ ਹਿਊਮਨ ਪੈਪੀਲੋਮਾ ਵਾਇਰਸ (ਐਚ ਪੀ ਵੀ) ਹੈ? ਉਨ੍ਹਾਂ ਕਿਹਾ ਕਿ ਸਮੇਂ



ਸਿਰ ਲਗਾਇਆ ਗਿਆ ਟੀਕਾ ਇਸ ਬਿਮਾਰੀ ਤੋਂ ਬਚਾਅ ਵਿੱਚ ਬਹੁਤ ਪ੍ਰਭਾਵਸ਼ਾਲੀ ਸਾਬਤ ਹੁੰਦਾ ਹੈ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਧੀਆਂ ਦਾ ਐਚ ਪੀ ਵੀ ਟੀਕਾਕਰਨ ਜ਼ਰੂਰ ਕਰਵਾਉਣ ਤਾਂ ਜੋ ਭਵਿੱਖ ਵਿੱਚ ਉਹ ਇਸ ਜਾਨਲੇਵਾ ਰੋਗ ਤੋਂ ਸੁਰੱਖਿਅਤ ਰਹਿ ਸਕਣ।ਉਨ੍ਹਾਂ ਕਿਹਾ ਕਿ ਜੇਕਰ ਸਾਡੀਆਂ ਧੀਆਂ ਸੁਰੱਖਿਅਤ ਹੋਣਗੀਆਂ ਤਾਂ ਹੀ ਆਉਣ ਵਾਲੀਆਂ ਪੀੜ੍ਹੀਆਂ ਸੁਰੱਖਿਅਤ ਹੋਣਗੀਆਂ। ਉਨ੍ਹਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਵੈਕਸੀਨ ਉਹਨਾਂ ਲੜਕੀਆਂ ਨੂੰ ਦਿੱਤੀ ਜਾਵੇਗੀ ਜਿਨ੍ਹਾਂ ਦਾ 14ਵਾਂ ਜਨਮਦਿਨ ਲੰਘ ਚੁੱਕਾ ਹੈ ਅਤੇ 15 ਸਾਲ 3 ਮਹੀਨੇ ਤੋਂ ਉਮਰ ਘੱਟ ਹੈ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ.ਕੁਸ਼ਲਦੀਪ ਗਿੱਲ ਨੇ ਦੱਸਿਆ ਕਿ ਸਿਹਤ ਵਿਭਾਗ ਦਾ ਸਟਾਫ ਆਪਣੀਆ ਬੱਚੀਆਂ ਦਾ ਮੋਹਰੀ ਹੋ ਕੇ ਟੀਕਾਕਰਨ ਕਰਵਾ ਰਿਹਾ ਹੈ।ਉਨ੍ਹਾਂ ਆਖਿਆ ਕਿ ਜਾਗਰੂਕ ਮਾਪਿਆਂ ਵੱਲੋਂ ਵੀ ਵਧ ਚੜ੍ਹ ਕੇ ਇਸ ਟੀਕਾਕਰਨ ਮੁਹਿੰਮ ਵਿੱਚ ਹਿੱਸਾ ਲਿਆ ਜਾ ਰਿਹਾ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸਰਕਾਰ ਦਾ ਟੀਚਾ ਪੰਜਾਬ ਨੂੰ ਭਵਿੱਖ ਵਿੱਚ ਸਰਵਾਈਕਲ ਕੈਂਸਰ ਮੁਕਤ ਰਾਜ ਬਣਾਉਣਾ ਹੈ।

## ਰਣਜੋਧ ਸਿੰਘ ਹਡਾਣਾ ਦੀ ਅਗਵਾਈ 'ਚ ਪਿੰਡ ਪਠਾਣਮਾਜਰਾ ਵਿਖੇ ਕਈ ਪਰਿਵਾਰ 'ਆਪ' 'ਚ ਸ਼ਾਮਲ

ਦੇਵੀਗੜ੍ਹ, 26 ਮਈ (ਗੁਰਜੀਤ ਸਿੰਘ ਢੋਟ) : ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਅਤੇ ਹਲਕੇ ਵਿੱਚ ਕਰਵਾਏ ਜਾ ਰਹੇ ਰਿਕਾਰਡਤੋੜ ਵਿਕਾਸ ਕਾਰਜਾਂ ਸਦਕਾ ਅੱਜ ਹਲਕਾ ਸਨੌਰ ਦੇ ਪਿੰਡ ਪਠਾਣਮਾਜਰਾ ਵਿਖੇ



ਆਮ ਆਦਮੀ ਪਾਰਟੀ ਨੂੰ ਉਸ ਸਮੇਂ ਇਤਿਹਾਸਕ ਮਜ਼ਬੂਤੀ ਮਿਲੀ, ਜਦੋਂ ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਦੀ ਯੋਗ ਅਗਵਾਈ ਹੇਠ ਸੈਂਕੜਿਆਂ ਦੀ ਗਿਣਤੀ ਵਿੱਚ ਸਥਾਨਕ ਨਿਵਾਸੀ ਅਤੇ ਮੋਹਤਬਰ ਪਰਿਵਾਰ ਰਵਾਇਤੀ ਪਾਰਟੀਆਂ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਕੇ 'ਆਪ' ਪਰਿਵਾਰ ਵਿੱਚ ਸ਼ਾਮਲ ਹੋ ਗਏ। ਇਸ ਵੱਡੀ ਸਿਆਸੀ ਹਲਚਲ ਅਤੇ ਲੋਕਾਂ ਦੇ ਉਤਸ਼ਾਹ ਨੇ ਵਿਰੋਧੀ ਖੇਮਿਆਂ ਦੀ ਨੀਂਦ ਉਡਾ ਕੇ ਰੱਖ ਦਿੱਤੀ ਹੈ। ਇਸ ਮੌਕੇ ਪਿੰਡ ਪਠਾਣਮਾਜਰਾ ਦੇ ਆਗੂ ਪ੍ਰਿਥੀਰਾਜ ਦੀ ਪ੍ਰੇਰਨਾ ਅਤੇ ਅਗਵਾਈ ਹੇਠ ਪਿੰਡ ਦੇ ਕਈ ਪ੍ਰਮੁੱਖ ਪਰਿਵਾਰਾਂ, ਨੌਜਵਾਨਾਂ ਅਤੇ ਬਜ਼ੁਰਗਾਂ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ 'ਤੇ ਭਰੋਸਾ ਜਤਾਇਆ। ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਸਾਥੀਆਂ ਨੂੰ ਸਿਰੋਪਾਓ ਭੇਟ ਕਰਕੇ ਜੱਥੇਬੰਦੀ ਵਿੱਚ ਨਿੱਘਾ ਸਵਾਗਤ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਪਾਰਟੀ ਵਿੱਚ ਹਰ ਮਿਹਨਤੀ ਅਤੇ ਵਫ਼ਾਦਾਰ ਸਾਥੀ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਇਕੱਠ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਅਜਿਹੀ ਸਰਕਾਰ ਆਈ ਹੈ, ਜੋ ਸਿਰਫ਼ ਅਤੇ ਸਿਰਫ਼ ਵਿਕਾਸ ਦੇ ਨਾਮ 'ਤੇ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਲਕਾ ਸਨੌਰ ਦੇ ਪਿੰਡਾਂ ਵਿੱਚ ਬਿਨਾਂ ਕਿਸੇ ਪੱਖਪਾਤ ਦੇ ਸੜਕਾਂ, ਗਲੀਆਂ-ਨਾਲੀਆਂ, ਪੀਣ ਵਾਲੇ ਸਾਫ਼ ਪਾਣੀ ਅਤੇ ਖੇਡ ਮੈਦਾਨਾਂ ਦੇ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਹੀ ਅੱਜ ਲੋਕ ਆਪ-ਮੁਹਾਰੇ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਪਠਾਣਮਾਜਰੇ ਵਿਖੇ ਹੋਈ ਇਹ ਵੱਡੀ ਜੁਆਇਨਿੰਗ ਸਾਫ਼ ਇਸ਼ਾਰਾ ਕਰਦੀ ਹੈ ਕਿ ਵਿਰੋਧੀ ਪਾਰਟੀਆਂ ਦੇ ਝੂਠੇ ਲਾਰਿਆਂ ਦਾ ਸਨੌਰ ਖੇਤਰ ਵਿੱਚੋਂ ਪੂਰੀ ਤਰ੍ਹਾਂ ਸਫ਼ਾਇਆ ਹੋ ਚੁੱਕਾ ਹੈ। ਇਸ ਮੌਕੇ ਆਗੂ ਪ੍ਰਿਥੀਰਾਜ ਅਤੇ 'ਆਪ' ਵਿੱਚ ਸ਼ਾਮਲ ਹੋਏ ਹੋਰ ਮੋਹਤਬਰਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਉਹ ਮਾਨ ਸਰਕਾਰ ਦੀ ਇਮਾਨਦਾਰ ਕਾਰਗੁਜ਼ਾਰੀ ਅਤੇ ਹਡਾਣਾ ਸਾਹਿਬ ਵੱਲੋਂ ਦਿਨ-ਰਾਤ ਹਲਕੇ ਦੇ ਲੋਕਾਂ ਦੀ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਨੂੰ ਦੇਖ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਪ੍ਰਣ ਲਿਆ ਕਿ ਉਹ ਪਾਰਟੀ ਦੀਆਂ ਲੋਕ-ਭਲਾਈ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਇਸ ਪ੍ਰਭਾਵਸ਼ਾਲੀ ਸਮਾਗਮ ਮੌਕੇ ਸੁਖਚੈਨ ਸਿੰਘ, ਕਲਵੀਰ ਸਿੰਘ, ਬਲਵਿੰਦਰ ਸਿੰਘ, ਗੁਰਦੀਪ ਸਿੰਘ, ਰਾਜੂ ਰਾਜਵਿੰਦਰ ਸਿੰਘ, ਹਰਜਿੰਦਰ ਸਿੰਘ, ਅਵਤਾਰ ਸਿੰਘ, ਹੈਪੀ ਸਿੰਘ, ਗੁਰਧਿਆਨ ਸਿੰਘ, ਆਮ ਆਦਮੀ ਪਾਰਟੀ ਦੇ ਸੀਨੀਅਰ ਅਹੁਦੇਦਾਰ, ਇਲਾਕੇ ਦੇ ਪੰਚ-ਸਰਪੰਚ, ਮਿਹਨਤੀ ਵਲੰਟੀਅਰ ਅਤੇ ਪਿੰਡ ਪਠਾਣਮਾਜਰਾ ਦੇ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਤਿੰਨ ਬੱਚਿਆਂ ਦੇ ਡੁੱਬਣ ਨਾਲ ਹੋਈ ਮੌਤ ਦੇ ਮਾਮਲੇ 'ਚ 5 ਵਿਰੁੱਧ ਮਾਮਲਾ ਦਰਜ

ਘਨੌਰ, 26 ਮਈ (ਮਦਨ ਲਾਲ) : ਥਾਣਾ ਖੇੜੀ ਗੰਡਿਆ ਪੁਲਿਸ ਕੋਲ ਬਲਕਾਰ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਪਿੰਡ ਮਿਰਾਜਪੁਰ ਨੇ ਕਥਿਤ ਦੋਸ਼ੀਆਂ ਸਵਰਨ ਸਿੰਘ ਪੁੱਤਰ ਸੁੱਚਾ ਸਿੰਘ, ਗੁਰਮੇਲ ਕੌਰ ਪਤਨੀ ਸਵਰਨ ਸਿੰਘ ਵਾਸੀ ਪਿੰਡ ਮੌਜਪੁਰ ਥਾਣਾ ਸੋਹਾਣਾ ਜ਼ਿਲ੍ਹਾ ਮੋਹਾਲੀ,ਅਮਨਦੀਪ ਕੌਰ ਪਤਨੀ ਬਲਵਿੰਦਰ ਸਿੰਘ,ਏਕਾਦੀਪ ਕੌਰ ਪਤਨੀ ਮਹਿੰਦਰ ਸਿੰਘ ਵਾਸੀ ਸਿਆਮੀ ਟਪਰੀਆ ਥਾਣਾ ਖਰੜ ਜ਼ਿਲ੍ਹਾ ਮੋਹਾਲੀ, ਕਿਰਨਜੋਤ ਕੌਰ ਪਤਨੀ ਸ਼ਿਵਪਾਲ ਵਾਸੀ ਪਿੰਡ ਗੁਰਨਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਭੈਣ ਜਸਵਿੰਦਰ ਕੌਰ ਦਾ ਵਿਆਹ ਹਰਪ੍ਰਭਜੋਤ ਸਿੰਘ ਪੁੱਤਰ ਸਵਰਨ ਸਿੰਘ ਨਾਲ ਹੋਇਆ ਸੀ, ਜੋ ਜਸਵਿੰਦਰ ਕੌਰ ਦਾ ਸਹੁਰਾ ਸਰਵਨ ਸਿੰਘ ਅਤੇ ਸੱਸ ਗੁਰਮੇਰ ਕੌਰ, ਜੋ ਕਿ ਆਪਣੀ ਲੜਕੀਆਂ ਅਮਨਦੀਪ ਕੌਰ, ਏਕਾਦੀਪ ਕੌਰ ਅਤੇ ਕਿਰਨਜੋਤ ਵੱਲੋ ਭੜਕਾਉਣ 'ਤੇ ਜਸਵਿੰਦਰ ਕੌਰ ਨੂੰ ਕਾਫੀ ਤੰਗ ਪ੍ਰੇਸ਼ਾਨ ਕਰਦੇ ਸਨ ਅਤੇ ਉਸ ਦੀ ਕੁੱਟਮਾਰ ਕਰਦੇ ਸਨ, ਜੋ ਕਰੀਬ 3-4 ਮਹੀਨੇ ਪਹਿਲਾਂ ਕਾਫੀ ਕੁੱਟਮਾਰ ਕੀਤੀ ਗਈ ਸੀ, ਜਿਸ ਤੋਂ ਬਾਅਦ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਕਰਵਾ ਦਿੱਤੀ ਗਈ ਸੀ ਪਰੰਤੂ ਫਿਰ ਵੀ ਕਥਿਤ ਦੋਸ਼ੀ ਉਸ ਦੀ ਭੈਣ ਅਤੇ ਜੀਜੇ ਹਰਪ੍ਰਭਜੋਤ ਸਿੰਘ ਨੂੰ ਕਾਫੀ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਸਨ। ਕਥਿਤ ਦੋਸ਼ੀਆਂ ਤੋਂ ਤੰਗ ਆ ਕੇ ਉਸ ਦੀ ਭੈਣ ਅਤੇ ਜੀਜਾ ਆਪਣੇ ਤਿੰਨੋਂ ਬੱਚਿਆਂ (ਲੜਕਾ ਏਕਮਜੋਤ ਸਿੰਘ ਉਮਰ 14 ਸਾਲ, ਲੜਕੀ ਮੁਸਕਾਨ ਮਾਗੀ ਉਮਰ 12 ਸਾਲ ਅਤੇ ਇੱਕ ਹੋਰ ਲੜਕੀ ਰਾਜਬੀਰ ਕੌਰ ਉਮਰ 8 ਸਾਲ) ਸਮੇਤ ਮੋਟਰਸਾਇਕਲ ਪਰ ਸਵਾਰ ਹੋ ਕੇ ਪਿੰਡ ਮੰਡੋਲੀ ਵਿਖੇ ਨਹਿਰ ਕਿਨਾਰੇ ਆਤਮ ਹੱਤਿਆ ਕਰਨ ਲਈ ਆਏ ਸਨ। ਉਸ ਦੇ ਜੀਜੇ ਨੇ ਆਤਮ ਹੱਤਿਆ ਕਰਨ ਤੋਂ ਪਹਿਲਾਂ ਇੱਕ ਵੀਡੀਓ ਬਣਾਈ, ਜਿਸ ਵਿੱਚ ਕਥਿਤ ਦੋਸ਼ੀਆਂ ਤੋਂ ਤੰਗ ਆ ਕੇ ਆਤਮ ਹੱਤਿਆ ਕਰਨ ਦਾ ਕਾਰਨ ਦੱਸ ਕੇ ਆਪਣੀ ਪਤਨੀ ਤੇ ਬੱਚਿਆਂ ਸਮੇਤ ਨਹਿਰ ਵਿੱਚ ਛਾਲ ਮਾਰ ਦਿੱਤੀ, ਪਰੰਤੂ ਨਹਿਰ ਪਰ ਖੜ੍ਹੇ ਕੁੱਝ ਵਿਅਕਤੀਆਂ ਵੱਲੋਂ ਉਸ ਦੀ ਭੈਣ ਅਤੇ ਜੀਜੇ ਨੂੰ ਬਾਹਰ ਕੱਢ ਲਿਆ ਗਿਆ ਪਰ ਤਿੰਨੋਂ ਬੱਚਿਆਂ ਦੀ ਨਹਿਰ ਵਿੱਚ ਡੁੱਬਣ ਕਾਰਨ ਮੌਤ ਹੋ ਗਈ। ਪੁਲਿਸ ਨੇ ਧਾਰਾ 108 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਨੇ ਪੰਜਾਬ ਤਾਇਕਵਾਂਡੋ ਜੂਨੀਅਰ ਗਰਲਜ਼ ਚੈਂਪੀਅਨਸ਼ਿਪ ਹਾਸਿਲ ਕੀਤੀ

ਸਮਾਣਾ, 26 ਮਈ (ਵਿਜੇ ਕੁਮਾਰ) : ਸਕੂਲ ਪ੍ਰਿੰਸੀਪਲ ਸੁਨੀਤਾ ਰਾਣੀ ਦੀ ਅਗਵਾਈ ਹੇਠ ਅਤੇ ਵਰਲਡ ਰਿਕਾਰਡ ਹੋਲਡਰ ਤਾਇਕਵਾਂਡੋ ਕੋਚ ਸਤਵਿੰਦਰ ਸਿੰਘ ਅਤੇ ਇੰਟਰਨੈਸ਼ਨਲ ਕੋਚ ਅਰਮਾਨ ਸਿੰਘ ਦੀ ਦੇਖ ਰੇਖ ਹੇਠ ਅੱਠਵਾਂ ਪੰਜਾਬ ਗਰਲਜ਼ ਚੈਂਪੀਅਨਸ਼ਿਪ ਤਾਇਕਵਾਂਡੋ ਕੈਂਪ 2026 ਜੂਨੀਅਰ ਪਟਿਆਲਾ ਤਾਇਕਵਾਂਡੋ ਐਸੋਸੀਏਸ਼ਨ ਵੱਲੋਂ ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ, ਜਿਸ ਵਿੱਚ ਪੂਰੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਬੱਚਿਆਂ ਨੇ ਭਾਗ ਲਿਆ। ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ



ਸਕੂਲ ਦੇ 29 ਵਿਦਿਆਰਥੀਆਂ ਨੇ ਹਿੱਸਾ ਲਿਆ ਜਿਨ੍ਹਾਂ ਵਿੱਚੋਂ 7 ਗੋਲਡ, 13 ਸਿਲਵਰ, 8 ਬਰਾਊਨਜ ਮੈਡਲ ਹਾਸਿਲ ਕੀਤੇ। ਸਕੂਲ ਵੱਲੋਂ ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ, ਪ੍ਰਿੰਸੀਪਲ ਸੁਨੀਤਾ ਰਾਣੀ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਉਪਲਬਧੀਆਂ ਹੋਰ ਵਿਦਿਆਰਥੀਆਂ ਲਈ ਪ੍ਰੇਰਣਾ ਬਣਦੀਆਂ ਹਨ ਅਤੇ ਅੱਜ ਦੇ ਸਮੇਂ ਵਿੱਚ ਸਵੈ ਰੱਖਿਆ ਹਰੇਕ ਵਿਦਿਆਰਥੀ ਨੂੰ ਸਿੱਖਣਾ ਜ਼ਰੂਰੀ ਹੈ। ਸਕੂਲ ਪ੍ਰਧਾਨ ਪਰਦਮਨ ਸਿੰਘ ਵਿਰਕ, ਜਨਰਲ ਸਕਤਰ ਬਲਵਿੰਦਰ ਸਿੰਘ, ਸੀਨੀਅਰਵਾਈਸ-ਪ੍ਰਧਾਨ ਗੁਲਜਾਰ ਸਿੰਘ , ਖਜ਼ਾਨਚੀ ਜਸਵੰਤ ਸਿੰਘ, ਸਕੂਲ ਪ੍ਰਬੰਧਕਕਮੇਟੀ ਦੇ ਮੈਂਬਰ ਗੁਰਦੇਵ ਸਿੰਘ, ਬਾਬਾ ਸਾਹਿਬ ਸਿੰਘ, ਕੁਲਦੀਪ ਸਿੰਘ ਢਿੱਲੋਂ,ਸਕੂਲ ਪ੍ਰਿੰਸੀਪਲ ਸ੍ਰੀ ਮਤੀ ਸੁਨੀਤਾ ਰਾਣੀ , ਬਲਬੀਰ ਸਿੰਘ ਧਾਰੀਵਾਲ ਅਤੇ ਸਮੂਹਸਟਾਫ਼ ਨੇ ਇਸ ਮੌਕੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਸਵਾਮੀ ਬ੍ਰਹਮਦੇਵ ਜੀ ਨੂੰ ਪਦਮ ਸ਼੍ਰੀ ਐਵਾਰਡ ਮਿਲਣ 'ਤੇ ਸੰਗਤਾਂ 'ਚ ਖੁਸ਼ੀ ਦੀ ਲਹਿਰ



ਸਮਾਣਾ, 26 ਮਈ (ਵਿਜੇ ਕੁਮਾਰ) : ਸਵਾਮੀ ਬ੍ਰਹਮਦੇਵ ਜੀ ਮਹਾਰਾਜ (ਗੰਗਾਨਗਰ) ਨੂੰ ਅੱਜ ਭਾਰਤ ਦੀ ਮਾਨਯੋਗ ਰਾਸ਼ਟਰਪਤੀ ਦਰੋਪਤੀ ਮੁਰਮੂ ਵੱਲੋਂ ਪਦਮਸ਼੍ਰੀ ਐਵਾਰਡ ਨਾਲ ਸਨਮਾਨਿਤ ਕੀਤੇ ਜਾਣ 'ਤੇ ਸਮਾਣਾ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਗਈ। ਸ਼੍ਰੀ ਸਵਾਮੀ ਨੂੰ ਪਦਮ ਸ਼੍ਰੀ ਸਨਮਾਨ ਮਿਲਣ ਉਪਰੰਤ ਜਗਦੰਬਾ ਆਸ਼ਰਮ ਕਮੇਟੀ ਅਤੇ ਸਮੂਹ ਸੰਗਤ ਵੱਲੋਂ ਸ੍ਰੀ ਅਗਰਵਾਲ ਧਰਮਸ਼ਾਲਾ ਵਿਖੇ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ। ਇਸ ਮੌਕੇ ਸਮੂਹ ਸੰਗਤਾਂ ਵੱਲੋਂ ਭਾਰਤ ਦੇ ਰਾਸ਼ਟਰਪਤੀ ਦਰੌਪਦੀ ਮੁਰਮੂ ਵੱਲੋਂ ਸਵਾਮੀ ਜੀ ਨੂੰ ਦਿੱਤਾ ਗਿਆ ਪਦਮ ਸ਼੍ਰੀ ਐਵਾਰਡ ਉਹਨਾਂ ਦੀਆਂ ਸਮਾਜ ਪ੍ਰਤੀ ਦਿੱਤੀਆਂ ਜਾ ਰਹੀਆਂ ਲਾਮਿਸਾਲ ਸੇਵਾਵਾਂ ਦੱਸਿਆ। ਇਸ ਮੌਕੇ ਸੰਸਥਾ ਸਰਪ੍ਰਸਤ ਰਮੇਸ਼ ਗਰਗ, ਪ੍ਰਧਾਨ ਰਜਿੰਦਰ ਜੱਜੀ, ਹਰਿੰਦਰ ਭਟੇਜਾ, ਸੁਰਿੰਦਰ ਕੁਮਾਰ, ਸ਼ਸ਼ੀ ਭੂਸ਼ਣ ਸਿੰਗਲਾ, ਹੇਮਰਾਜ, ਵਿਨੋਦ ਕੁਮਾਰ ਮਿੱਤਲ, ਵਿਨੋਦ ਬਾਂਸਲ, ਨਰੇਸ਼ ਕੁਮਾਰ, ਅਰੁਣ ਗੁਪਤਾ (ਕਾਕਾ), ਕੇਵਲ ਕ੍ਰਿਸ਼ਨ, ਪੱਪੀ ਵੂਲ ਸਟੋਰ, ਰਕੇਸ਼ ਕੁਮਾਰ, ਮਾਸਟਰ ਕ੍ਰਿਸ਼ਨ ਕੁਮਾਰ, ਸੁਭਾਸ਼ ਚੰਦਰ, ਦਿਆਲ ਚੰਦ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਤਾਈਕਵਾਂਡੋ ਕੱਪ ਦਾ ਮੇਅਰ ਗੋਗੀਆ ਵੱਲੋਂ ਉਦਘਾਟਨ

ਪਟਿਆਲਾ, 26 ਮਈ (ਚ.ਨ.ਸ) : ਦਾ ਮਿਲੇਨੀਅਮ ਸਕੂਲ ਪਟਿਆਲਾ ਵਿਖੇ 8ਵਾਂ ਪੰਜਾਬ ਤਾਈਕਵਾਂਡੋ ਕੱਪ ਦੇ ਮੁਕਾਬਲੇ ਕਰਵਾਏ ਗਏ , ਜਿਸ ਵਿੱਚ 500 ਤੋਂ ਵੱਧ ਖਿਡਾਰੀਆਂ ਨੇ ਆਪਣਾ ਨਾਮ ਦਰਜ ਕੀਤਾ । ਇਸ ਮੁਕਾਬਲੇ ਨੂੰ ਪਟਿਆਲਾ ਤਾਈਕਵਾਂਡੋ ਵੱਲੋਂ ਦਾ ਮਲੇਨੀਅਮ ਸਕੂਲ ਪਟਿਆਲਾ ਅਤੇ ਪੰਜਾਬ ਓਲੰਪਿਕ ਐਸੋਸੀਏਸ਼ਨ ਵੱਲੋਂ ਮਾਨਤਾ ਪ੍ਰਾਪਤ ਪੰਜਾਬ ਤਾਈਕਵਾਂਡੋ ਐਸੋਸੀਏਸ਼ਨ ਦੇ ਸਹਿਯੋਗ ਨਾਲ ਕਰਵਾਇਆ ਗਿਆ । ਜਾਣਕਾਰੀ ਦਿੰਦੇ ਹੋਏ ਤਾਈਕਵਾਂਡੋ ਕੋਚ ਸਤਵਿੰਦਰ ਸਿੰਘ ਨੇ ਦੱਸਿਆ ਕਿ ਇਸ ਮੁਕਾਬਲੇ ਦਾ ਉਦਘਾਟਨ ਸਮਾਰੋਹ ਲਈ ਕੁੰਦਨ ਗੋਗੀਆ ਮੇਅਰ ਪਟਿਆਲਾ ਸਕੂਲ ਪ੍ਰਿੰਸੀਪਲ ਹਰਪ੍ਰੀਤ ਪੰਧੇਰ ਮਹਾਰਾਜਾ ਰਣਜੀਤ ਸਿੰਘ ਅਵਾਰਡੀ ਸ਼ਿਵ ਕੁਮਾਰ ਪੰਜਾਬ ਪੁਲਿਸ ਅਬਜਰਵਰ ਹਰਮੀਤ ਸਿੰਘ ਰਾਜਕੁਮਾਰ



ਵਰਮਾ ਹਰਪ੍ਰੀਤ ਸਿੰਘ ਸੁਮਨਜੋਤ ਸਿੰਘ ਗਰੇਵਾਲ ਨੈਸ਼ਨਲ ਰੈਫਰੀ ਭੁਪਿੰਦਰ ਸਿੰਘ ਪੁੱਜੇ । ਇਸ ਮੁਕਾਬਲੇ ਵਿੱਚ ਅੰਡਰ 6 8 11 14 18 ਅਤੇ ਸੀਨੀਅਰ ਵਰਗ ਦੇ ਲੜਕੇ ਅਤੇ ਲੜਕੀਆਂ ਖਿਡਾਰੀਆਂ ਨੇ ਭਾਗ ਲਿਆ। ਪ੍ਰਬੰਧਕ ਟੀਮ ਅਤੇ ਟੈਕਨੀਕਲ ਟੀਮ ਵੱਲੋਂ ਬਹੁਤ ਹੀ ਮਿਹਨਤ ਅਤੇ ਸੁਚੱਜੇ ਢੰਗ ਨਾਲ ਕੰਮ ਕੀਤਾ ਗਿਆ , ਜਿਸ ਕਰਕੇ ਇਹ ਮੁਕਾਬਲਾ ਪੰਜਾਬ ਲਈ ਮਿਸਾਲ ਬਣਿਆ ਅਤੇ ਆਏ ਹੋਏ ਸਾਰੇ ਕੋਚ ਅਤੇ ਖਿਡਾਰੀ ਖੁਸ਼ ਹੋਏ । ਇਸ ਮੌਕੇ ਤੇ ਮੁੱਖ ਮਹਿਮਾਨ ਨੇ ਕਿਹਾ ਕਿ ਸੰਚਾਲਕਾਂ ਦੀ ਮਿਹਨਤ ਸਦਕਾ ਇਹ ਕੰਮ ਸਫਲ ਹੋਇਆ ਹੈ ਅਤੇ ਉਨ੍ਹਾਂ ਨੇ ਵਧਾਈਆਂ ਦੇ ਪਾਤਰ ਹਨ । ਇਸ ਮੌਕੇ ਤੇ ਪੰਜਾਬ ਤਾਈਕਵਾਂਡੋ ਐਸੋਸੀਏਸ਼ਨ ਦੇ ਪ੍ਰਧਾਨ ਅਰਪਿਤ ਸ਼ੁਕਲਾ ਆਈਪੀਐਸ ਰਿਟਾਇਰਡ ਸਪੈਸ਼ਲ ਡੀਜੀਪੀ ਪੰਜਾਬ ਅਤੇ ਪੰਜਾਬ ਸਪੋਰਟਸ ਡਾਇਰੈਕਟਰ ਜੀਵਨਜੋਤ ਸਿੰਘ ਤੇਜਾ ਨੇ ਸਕੂਲ ਅਤੇ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਵਧਾਈਆਂ ਦਿੱਤੀਆਂ।

## ਧੋਖਾਧੜੀ ਸਬੰਧੀ ਮਾਮਲਾ ਦਰਜ

ਪਟਿਆਲਾ, 26 ਮਈ (ਵਿਨੋਦ ਸ਼ਰਮਾ) : ਥਾਣਾ ਭਾਦਸੋਂ ਪੁਲਿਸ ਕੋਲ ਗੁਰਤੇਜ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਸੁਧੇਵਾਲ ਨੇ ਕਥਿਤ ਦੋਸ਼ੀਆਂ ਰਾਜਵਿੰਦਰ ਕੌਰ ਵਾਸੀ ਪਿੰਡ ਗਨੇਸ਼ਪੁਰ ਥਾਣਾ ਜੁਲਕਾ ਹਾਲ ਕਿਰਾਏਦਾਰ ਕੇਅਰ ਆਫ ਗਲੀ ਨੰ. 1 ਦਸਮੇਸ਼ ਨਗਰ-ਬੀ ਪਟਿਆਲਾ ਹਾਲ ਜਰਮਨੀ, ਸੁਰਿੰਦਰ ਕੌਰ, ਹਰਮਨਦੀਪ ਸਿੰਘ ਵਾਸੀ ਗਨੇਪੁਰ ਥਾਣਾ ਜੁਲਕਾ ਹਾਲ ਕਿਰਾਏਦਾਰ ਕੇ-ਆਫ ਗਲੀ ਨੰ. 01 ਦਸਮੇਸ਼ ਨਗਰ-ਬੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦਾ ਵਿਆਹ 13-11-16 ਨੂੰ ਕਥਿਤ ਦੋਸ਼ੀ ਮਹਿਲਾ ਰਾਜਵਿੰਦਰ ਕੌਰ ਨਾਲ ਹੋਇਆ ਸੀ, ਜੋ ਵਿਆਹ ਸਮੇਂ ਇਹ ਤੈਅ ਹੋਇਆ ਸੀ ਕਿ ਲੜਕੀ ਵਿਦੇਸ਼ ਜਾ ਕੇ ਉਸ ਨੂੰ ਆਪਣੇ ਪਾਸ ਬੁਲਾਏਗੀ. ਜੋ ਵਿਆਹ ਦਾ ਖਰਚਾ ਤੋਂ ਇਲਾਵਾ ਰਾਜਵਿੰਦਰ ਕੌਰ ਨੂੰ ਵਿਦੇਸ਼ (ਜਰਮਨੀ) ਭੇਜਣ ਦਾ ਖਰਚਾ, ਜੋ ਕਰੀਬ 43 ਲੱਖ ਰੁਪਏ ਬਣਦਾ ਹੈ, ਮੁਦਈ ਧਿਰ ਵੱਲੋਂ ਕੀਤਾ ਗਿਆ ਸੀ, ਪਰ ਰਾਜਵਿੰਦਰ ਕੌਰ ਨੇ ਵਿਦੇਸ਼ ਪੁੱਜ ਕੇ ਉਸ ਨੂੰ ਆਪਣੇ ਪਾਸ ਨਾ ਬੁਲਾ ਕੇ ਧੋਖਾਧੜੀ ਕੀਤੀ ਹੈ। ਪੁਲਿਸ ਨੇ ਧਾਰਾ 316(2), 61(2),318(4) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਖੇਡਾਂ ਹੀ ਨਰੋਏ ਤੇ ਤੰਦਰੁਸਤ ਸਮਾਜ ਦੀ ਸਿਰਜਣਾ ਕਰ ਸਕਦੀਆਂ ਨੇ: ਬਾਜਵਾ, ਭਲਵਾਨ

ਪਟਿਆਲਾ, 26 ਮਈ (ਚ.ਨ.ਸ) : ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵੱਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਅਤੇ ਉੱਚ ਅਧਿਕਾਰੀਆਂ ਦੀ ਅਗਵਾਈ ਹੇਠ ਜੂਡੋ ਦੇ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਰਾਜ ਪੱਧਰੀ ਖਿਡਾਰੀਆਂ ਨੂੰ ਸਨਮਾਨਿਤ ਕਰਨ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ,ਜਿਸ ਵਿੱਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।ਇਸ ਮੌਕੇ ਸਤੀਸ਼ ਕੁਮਾਰ ਗੋਇਲ ਪ੍ਰਿੰਸੀਪਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਿਊ ਪਾਵਰ ਹਾਊਸ ਕਲੋਨੀ ਅਤੇ



ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸਾਰੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਗਿਆ।ਵਿਸ਼ੇਸ਼ ਤੌਰ 'ਤੇ ਵਰਿੰਦਰ ਸਿੰਘ ਸੋਸ਼ਲ ਮੀਡੀਆ ਸੈਲ ਪਟਿਆਲਾ ਪੁਲਿਸ,ਸੁਰਿੰਦਰ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1 ਪਟਿਆਲਾ , ਵਰਿੰਦਰ ਸਿੰਘ ਖਰੌੜ ਡੈਟਾ ਅਪਰੇਟਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਉਪਕਾਰ ਸਿੰਘ , ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਮੈਡਮ ਈਦੂ , ਮੈਡਮ ਮੱਧੂ , ਅਜੀਤ ਵਾਲੀਆ, ਹਰਮਨਜੀਤ ਸਿੰਘ ਰੰਧਾਵਾ, ਰਾਜ ਕੁਮਾਰ, ਭਿੰਦਰ ਜਲਵੇੜਾ ,ਇੰਦਰ ਸਿੰਘ ਵੀ ਹਾਜਰ ਸਨ। ਇਸ ਮੌਕੇ ਕੁਰਾਸ ਜੂਡੋ ਟ੍ਰੇਨਿੰਗ ਸੈਂਟਰ ਸਾਹਿਬ ਨਗਰ ਥੇੜੀ ਦੇ ਕੋਚ ਸੁਰਜੀਤ ਸਿੰਘ ਵਾਲੀਆ ਅਤੇ ਉਹਨਾਂ ਦੇ ਖਿਡਾਰੀਆਂ ਵੀਰ ਦਵਿੰਦਰ ਸਿੰਘ ਅੰਤਰਰਾਸ਼ਟਰੀ ਮੈਡਲਿਸਟ, ਟੀਨਾ ਅੰਤਰਰਾਸ਼ਟਰੀ ਖਿਡਾਰੀ, ਹਰਨੂਰ ਨਾਗਰਾ ਅੰਤਰਰਾਸ਼ਟਰੀ ਖਿਡਾਰੀ, ਨੀਲਮ ਅੰਤਰਰਾਸ਼ਟਰੀ ਮੈਡਲਿਸਟ, ਰਜਨੀ ਅੰਤਰਰਾਸ਼ਟਰੀ ਮੈਡਲਿਸਟ, ਈਸ਼ਾ ਬਰਾਲਾ ਨੈਸ਼ਨਲ ਮੈਡਲਿਸਟ,ਜੈ ਪਾਲ ਬਰਾਲਾ ਨੈਸ਼ਨਲ ਮੈਡਲਿਸਟ, ਵਰਦਾਨ, ਅਭਿਜੀਤ, ਸਾਰੇ ਨੈਸ਼ਨਲ ਮੈਡਲਿਸਟ, ਭਾਵਿਕਾ, ਰੀਤਮਾਨ, ਰਮਨੀਤ ਸਟੇਟ ਮੈਡਲਿਸਟ, ਸਿਮਰਨ, ਕਰਮਨ ਇੰਟਰਨੈਸ਼ਨਲ ਮੈਡਲਿਸਟ ਕੁਰਾਸ, ਸੁਭਦੀਪ ਆਨੰਦ, ਮਨਸੀਰਤ, ਦਰੂਵੀ, ਕੁਸਮ ਸਾਰੇ ਸਟੇਟ ਮੈਡਲਿਸਟ ਜੂਡੋ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ ਪੁਲਿਸ ਦੇ ਇੰਚਾਰਜ ਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਜੂਡੋ ਦੇ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਰਾਜ ਪੱਧਰੀ ਖਿਡਾਰੀਆਂ ਨੂੰ ਪਟਿਆਲਾ ਪੁਲਿਸ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕਰਦਿਆਂ ਕਿਹਾ ਕਿ ਇਹਨਾਂ ਨੌਜਵਾਨਾਂ ਵੱਲੋਂ ਖੇਡਾਂ ਵਿੱਚ ਜਿਥੇ ਆਪਣੇ ਕੋਚ ਸੁਰਜੀਤ ਸਿੰਘ ਵਾਲੀਆ ਅਤੇ ਮਾ ਬਾਪ ਦਾ ਨਾਮ ਰੋਸ਼ਨ ਕੀਤਾ ਹੈ ਉਥੇ ਹੀ ਪਟਿਆਲਾ ਜ਼ਿਲ੍ਹੇ ਦਾ ਨਾਮ ਵੀ ਅੰਤਰਰਾਸ਼ਟਰੀ ਪੱਧਰ ਰੋਸ਼ਨ ਕੀਤਾ ਹੈ। ਉਹਨਾਂ ਕਿਹਾ ਕਿ ਖੇਡਾਂ ਹੀ ਨਿਰੋਏ ਸਮਾਜ ਦੀ ਸਿਰਜਣਾ ਕਰ ਸਕਦੀਆਂ ਹਨ ਇਸ ਲਈ ਵੱਧ ਤੋਂ ਵੱਧ ਨੌਜਵਾਨਾਂ ਨੂੰ ਖੇਡਾਂ ਵੱਲ ਰੁਚੀ ਲੈਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਖੇਡਾਂ ਵੱਲ ਰੁਚੀ ਲੈਣ ਨਾਲ ਨਸ਼ਿਆਂ ਤੋਂ ਵੀ ਦੂਰ ਰਹਿ ਸਕਦੇ ਹਨ । ਇਸ ਮੌਕੇ ਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਨੇ ਸ਼ਕਤੀ ਐਪ,ਪੀ ਪੀ ਸਾਂਝ ਐਪ ਅਤੇ ਸਾਈਬਰ ਸੁਰੱਖਿਆ, ਬੱਚਿਆਂ ਔਰਤਾਂ , ਬੁਜ਼ੁਰਗਾਂ ਦੀ ਸੁਰੱਖਿਆ ਲਈ ਸ਼ੁਰੂ ਕੀਤੇ 112, 181, 1091 ਨੰਬਰਾਂ ਬਾਰੇ ਵੀ ਖਿਡਾਰੀਆਂ ਨੂੰ ਜਾਣਕਾਰੀ ਦਿੱਤੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਅੱਜ ਤੱਕ ਦੇ ਸ਼ਹੀਦਾਂ ਦੀ ਯਾਦ ਵਿੱਚ



ਡਾ. ਸਰਬ ਸਿੰਘ ਬਾਨੀ ਗੁਰੂ ਅਰਜਨ ਕੀਰਤਨ ਮੰਡਲ

ਸ਼ਹੀਦੀ ਜੋੜ-ਮੇਲ

ਅੱਜ ਦਾ ਪ੍ਰੋਗਰਾਮ

27-5-2026

ਦਿਨ-ਬੁੱਧਵਾਰ



ਭਾਈ ਤਖ਼ਤ ਸਿੰਘ ਜੀ ਸਾਬਕਾ ਪ੍ਰਧਾਨ ਗੁਰੂ ਅਰਜਨ ਕੀਰਤਨ ਮੰਡਲ

ਗੁ: ਗੁਰ ਪ੍ਰਸ਼ਾਦਿ, ਘੁੰਮਣ ਨਗਰ (ਸਰਹਿੰਦ ਰੋਡ) ਪਟਿਆਲਾ।

ਕੀਰਤਨ ਰਾਤ 7.00 ਵਜੇ ਤੋਂ 9.00 ਵਜੇ ਤੱਕ।

ਸੰਪਰਕ ਕਰੋ : 98887-42047, 99157-70074

ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਭਾ ਕਮੇਟੀਆਂ ਦੇ ਸਹਿਯੋਗ ਨਾਲ ਗੁਰੂ ਅਰਜਨ ਕੀਰਤਨ ਮੰਡਲ (ਰਜਿ.) ਪਟਿਆਲਾ



# ਪਟਿਆਲਾ-ਆਸ/ਪਾਸ



# ਸਮਾਣਾ ਨਗਰ ਕੌਂਸਲ ਚੋਣਾਂ 'ਚ ਵੋਟਰਾਂ ਤੇ ਪੁਲਿਸ ਵਿਚਾਲੇ ਟਕਰਾਅ

## ➢ਪੁਲਿਸ ਨੇ ਚਲਾਈ ਗੋਲ਼ੀ, ਕਰੰਟ ਲੱਗਣ ਨਾਲ ਨੌਜਵਾਨ ਜ਼ਖ਼ਮੀ





ਸਮਾਣਾ, 26 ਮਈ (ਵਿਜੇ ਕੁਮਾਰ/ ਸੁਖਜਿੰਦਰ ਕੁਲਾਰਾਂ) : ਨਗਰ ਕੌਂਸਲ ਚੋਣਾਂ ਦੌਰਾਨ 21 ਵਾਰਡਾਂ ਵਿੱਚੋਂ ਜ਼ਿਆਦਾਤਰ ਵਾਰਡਾਂ ਵਿੱਚ ਅੱਜ ਭਾਰੀ ਹੰਗਾਮਾ ਹੋਇਆ। ਕਈ ਵਾਰਡਾਂ ਵਿੱਚ ਹਿੰਸਕ ਝੜੱਪਾਂ ਹੋਣ ਦੇ ਬਾਵਜੂਦ ਸਵੇਰ ਤੋਂ ਸ਼ਾਮ ਤੱਕ ਸਥਿਤੀ ਤਣਾਅਪੂਰਨ ਬਣੀ ਰਹੀ, ਜਦੋਂ ਕਿ ਸ਼ਹਿਰ ਦੇ ਇੱਕ ਵਾਰਡ ਵਿੱਚ ਕੀਤੀ ਜਾ ਰਹੀ ਬੂਥ ਕੈਪਚਰਿੰਗ ਦੀ ਰਿਪੋਰਟ 'ਤੇ ਪੁਲਿਸ ਵੱਲੋਂ ਹਵਾਈ ਫਾਇਰਿੰਗ ਕੀਤੀ ਗਈ, ਜਿਸ ਕਾਰਨ ਭਾਰੀ ਗਿਣਤੀ ਵਿੱਚ ਵੋਟਰ ਵੀ ਆਪਣੀ ਵੋਟ ਪਾਉਣ ਤੋਂ ਵਾਂਝੇ ਰਹਿ ਗਏ। ਸਮਾਣਾ ਦੇ ਵਾਰਡ ਨੰਬਰ 10 ਦੇ ਬੂਥ ਨੰਬਰ 24, 25 'ਤੇ ਸਵੇਰੇ ਪੋਲਿੰਗ ਸ਼ੁਰੂ ਹੋਣ ਦੇ ਕੁਝ ਸਮੇਂ ਬਾਅਦ ਹੀ ਸੱਤਾਧਾਰੀ ਪਾਰਟੀ ਦੇ ਸਮਰਥਕਾਂ ਵੱਲੋਂ ਹੁੱਲੜਬਾਜ਼ੀ ਕੀਤੀ ਗਈ। ਇਸ ਤੋਂ ਬਾਅਦ ਧੱਕਾ-ਮੁੱਕੀ ਕਰਕੇ ਅਤੇ ਦਰਵਾਜ਼ੇ ਬੰਦ ਕਰਕੇ ਇੱਕ ਬੂਥ ਦੇ ਕੈਮਰੇ ਤੋੜ ਦਿੱਤੇ ਗਏ ਅਤੇ ਨਾਜਾਇਜ਼ ਪੋਲਿੰਗ ਕੀਤੀ ਗਈ। ਚੋਣ ਲੜ ਰਹੇ ਦੂਜੀਆਂ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਸ਼ਰਾਰਤੀ ਅਨਸਰਾਂ ਦੀ ਹੁੱਲੜਬਾਜ਼ੀ ਨੂੰ ਰੋਕਣ ਦੀ ਕੋਸ਼ਿਸ਼ ਅਸਫਲ ਰਹੀ, ਜਿਸ ਤੋਂ ਬਾਅਦ ਸੂਚਨਾ ਮਿਲਣ 'ਤੇ ਡੀ.ਐਸ.ਪੀ. ਦੀ ਅਗਵਾਈ ਹੇਠ ਭਾਰੀ ਪੁਲਿਸ ਫੋਰਸ ਨੇ ਪਹੁੰਚ ਕੇ ਹੁੱਲੜਬਾਜ਼ਾਂ ਨੂੰ ਉੱਥੋਂ ਖਦੇੜਿਆ। ਪੁਲਿਸ ਦੇ ਪਹੁੰਚਣ 'ਤੇ ਹੁੱਲੜਬਾਜ਼ਾਂ ਦੀ ਪਛਾਣ ਕਰਨ ਦੌਰਾਨ ਸ਼ਰਾਰਤੀ ਅਨਸਰਾਂ ਵੱਲੋਂ ਕਾਂਗਰਸੀ ਉਮੀਦਵਾਰ ਨਾਲ ਕੁੱਟਮਾਰ ਕੀਤੀ ਗਈ। ਚੋਣਾਂ ਦੀ ਕਵਰੇਜ ਕਰ ਰਹੇ ਇਕ ਨਿੱਜੀ ਚੈਨਲ ਦੇ ਪੱਤਰਕਾਰ ਦਾ ਮੋਬਾਈਲ ਫੋਨ ਖੋਹ ਕੇ ਸ਼ਰਾਰਤੀ ਅਨਸਰ ਫਰਾਰ ਹੋ ਗਏ। ਇਸ ਮਾਮਲੇ ਦੀਆਂ ਸਾਰੀਆਂ ਵੀਡੀਓਜ਼ ਵਾਇਰਲ ਹੋ ਜਾਣ ਕਾਰਨ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਅਤੇ ਜ਼ਿਆਦਾਤਰ ਲੋਕ ਪੋਲਿੰਗ ਬੂਥਾਂ 'ਤੇ ਵੋਟ ਪਾਉਣ ਨਹੀਂ ਗਏ ਅਤੇ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਤੋਂ ਵਾਂਝੇ ਰਹਿ ਗਏ। ਅਗਲੇ ਪੜਾਅ ਵਿੱਚ ਦੁਪਹਿਰ ਤੋਂ ਬਾਅਦ ਪੁਲਿਸ ਦੀ ਮੌਜੂਦਗੀ ਵਿੱਚ ਹੀ ਵਾਰਡ ਨੰਬਰ 10 ਵਿੱਚ ਪਹੁੰਚੇ ਸੱਤਾਧਾਰੀ ਪਾਰਟੀ ਦੇ ਸਮਰਥਕਾਂ ਨੇ ਬਾਕੀ ਸਾਰੀਆਂ ਪਾਰਟੀਆਂ ਦੇ ਪੋਲਿੰਗ ਏਜੰਟਾਂ, ਸਮਰਥਕਾਂ ਅਤੇ ਵੋਟਰਾਂ ਨੂੰ ਬਾਹਰ ਜਾਣ ਦਾ ਹੁਕਮ ਦੇ ਕੇ ਦਰਵਾਜ਼ੇ ਬੰਦ ਕਰ ਲਏ ਅਤੇ ਬੂਥ ਕੈਪਚਰਿੰਗ ਦੀ ਘਟਨਾ ਨੂੰ ਅੰਜਾਮ ਦੇ ਕੇ ਨਜਾਇਜ਼ ਵੋਟਿੰਗ ਕੀਤੀ। ਵਾਰਡ ਨੰਬਰ 19 ਵਿੱਚ ਜਾਅਲ੍ਹੀ ਵੋਟਿੰਗ ਦੀ ਰਿਪੋਰਟ ਮਿਲਣ ਤੋਂ ਬਾਅਦ ਪਹੁੰਚੀ ਪੁਲਿਸ ਪਾਰਟੀ ਨੇ ਜਦੋਂ ਜਾਅਲ੍ਹੀ ਵੋਟਿੰਗ ਕਰਨ ਵਾਲਿਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਘਰਾਂ ਦੀਆਂ ਛੱਤਾਂ 'ਤੇ ਚੜ੍ਹੇ ਕੁਝ ਲੋਕਾਂ ਨੇ ਪੁਲਿਸ ਪਾਰਟੀ 'ਤੇ ਇੱਟਾਂ ਬਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਚੇਤਾਵਨੀ ਦੇ ਬਾਵਜੂਦ ਨਾ ਰੁਕਣ 'ਤੇ ਪੁਲਿਸ ਵੱਲੋਂ ਹਵਾਈ ਫਾਇਰ ਕੀਤੇ ਗਏ। ਇਸ ਕਾਰਨ ਛੱਤ 'ਤੇ ਖੜ੍ਹੇ ਨੌਜਵਾਨਾਂ ਵਿੱਚ ਮਚੀ ਭਗਦੜ ਦੌਰਾਨ 23 ਸਾਲਾ ਜਾਖੂਕ ਪੁੱਤਰ ਚਿੜੀ ਰਾਮ ਵਾਸੀ ਰਾਮ ਬਸਤੀ ਸਮਾਣਾ ਛੱਤ ਤੋਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਦੀ ਲਪੇਟ ਵਿੱਚ ਆ ਕੇ ਝੁਲਸ ਗਿਆ, ਜਿਸ ਨੂੰ ਤੁਰੰਤ ਸਿਵਲ ਹਸਪਤਾਲ ਸਮਾਣਾ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਗੰਭੀਰ ਦੇਖਦਿਆਂ ਪਟਿਆਲਾ ਰੈਫਰ ਕਰ ਦਿੱਤਾ ਗਿਆ। ਵਾਰਡ ਦੇ ਲੋਕਾਂ ਨੇ ਰਿਟਰਨਿੰਗ ਅਫ਼ਸਰ ਨੂੰ ਇੱਕ ਮੰਗ ਪੱਤਰ ਦੇ ਕੇ ਦੋਸ਼ੀ ਪੁਲਿਸ ਪਾਰਟੀ ਖ਼ਿਲਾਫ਼ ਕਾਰਵਾਈ ਕਰਨ ਅਤੇ ਵਾਰਡ ਵਿੱਚ ਦੁਬਾਰਾ ਵੋਟਿੰਗ ਕਰਵਾਉਣ ਦੀ ਅਪੀਲ ਕੀਤੀ। ਇਸੇ ਤਰ੍ਹਾਂ ਵਾਰਡ ਨੰਬਰ 3 ਅਤੇ 15 ਵਿੱਚ ਸੱਤਾਧਾਰੀ ਪਾਰਟੀ ਦੇ ਉਮੀਦਵਾਰਾਂ ਦੇ ਸਮਰਥਕਾਂ ਵੱਲੋਂ ਕਾਂਗਰਸੀ ਅਤੇ ਭਾਜਪਾ ਉਮੀਦਵਾਰਾਂ ਦੇ ਬੂਥ ਤੋੜ ਦਿੱਤੇ ਗਏ, ਜਿਸ ਕਾਰਨ ਬੂਥ ਨੰਬਰ 15 ਦੇ ਕਾਂਗਰਸੀ ਉਮੀਦਵਾਰ ਨੇ ਉਨ੍ਹਾਂ ਨੂੰ ਪੁਲਿਸ ਮੁਲਾਜ਼ਮਾਂ ਦੀ ਹਾਜ਼ਰੀ ਵਿੱਚ ਗੈਰ ਸਮਾਜੀ ਅਨਸਰਾਂ ਵੱਲੋਂ ਧੱਕੇ ਨਾਲ ਬਾਹਰ ਕੱਢੇ ਜਾਣ ਉਪਰੰਤ ਉਨ੍ਹਾਂ ਚੋਣਾ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ। ਪੰਜਾਬ ਕਾਂਗਰਸ ਦੀ ਸਾਬਕਾ ਮਹਿਲਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਸ਼ਰਾਰਤੀ ਅਨਸਰਾਂ 'ਤੇ ਵਾਰਡ ਨੰਬਰ 3 ਵਿੱਚੋਂ 97 ਬੈਲਟ ਪੇਪਰ ਖੋਹ ਕੇ ਫਰਾਰ ਹੋਣ, ਜਾਲੀ ਵੋਟਾਂ ਪਾਉਣ ਦਾ ਦੋਸ਼ ਲਗਾਇਆ, ਜਦਕਿ ਇਸ ਬਾਰੇ ਰਿਟਰਨਿੰਗ ਅਫ਼ਸਰ ਅਤੇ ਪੁਲਿਸ ਕੁਝ ਵੀ ਦੱਸਣ ਨੂੰ ਤਿਆਰ ਨਹੀਂ ਹੈ। ਸਥਾਨਕ ਵੋਟਰਾਂ ਨੇ ਦੋਸ਼ ਲਗਾਇਆ ਕਿ ਪ੍ਰਸ਼ਾਸਨ ਵੱਲੋਂ ਬੂਥਾਂ 'ਤੇ ਪੀਣ ਵਾਲੇ ਪਾਣੀ, ਵ੍ਹੀਲਚੇਅਰ ਅਤੇ ਧੁੱਪ ਤੇ ਗਰਮੀ ਤੋਂ ਬਚਣ ਲਈ ਕੋਈ ਇੰਤਜ਼ਾਮ ਨਹੀਂ ਕੀਤਾ ਗਿਆ ਸੀ।

# ਡਾ. ਬਲਬੀਰ ਸਿੰਘ ਵੱਲੋਂ ਅਰਬਨ ਅਸਟੇਟ 'ਚ 5 ਕਰੋੜ ਨਾਲ 25 ਕਿਲੋਮੀਟਰ ਸੜਕਾਂ ਦਾ ਕੰਮ ਸ਼ੁਰੂ



ਪਟਿਆਲਾ, 26 ਮਈ (ਰੁਪਾਣਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦੇ ਅਰਬਨ ਅਸਟੇਟ ਫੇਜ਼-2 ਵਿੱਚ ਕਰੀਬ 5 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੀਆਂ 25 ਕਿਲੋਮੀਟਰ ਸੜਕਾਂ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸੂਬੇ ਦੇ ਹਰ ਸ਼ਹਿਰ ਤੇ ਪਿੰਡ ਦਾ ਸਰਵਪੱਖੀ ਵਿਕਾਸ ਯਕੀਨੀ ਬਣਾਇਆ ਜਾ ਰਿਹਾ ਹੈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਅਰਬਨ ਅਸਟੇਟ ਫੇਜ਼-2 ਦੀਆਂ ਸੜਕਾਂ ਦੇ ਨਵੀਨੀਕਰਨ ਨਾਲ ਇਲਾਕਾ ਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਆਵਾਜਾਈ ਹੋਰ ਸੁਗਮ ਬਣੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਲਾਕੇ ਦੇ ਪਾਰਕਾਂ ਦੀ ਮੁਰੰਮਤ ਅਤੇ ਸੁੰਦਰਤਾ ਵਧਾਉਣ ਲਈ ਵੀ ਵਿਸ਼ੇਸ਼ ਫੰਡ ਜਾਰੀ ਕੀਤੇ ਗਏ ਹਨ ਜੋ ਲੋਕਾਂ ਨੂੰ ਸਾਫ-ਸੁਥਰਾ ਅਤੇ ਹਰਾ-ਭਰਾ ਵਾਤਾਵਰਨ ਮਿਲ ਸਕੇ। ਸਿਹਤ ਮੰਤਰੀ ਨੇ ਇਲਾਕਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਪਣੇ ਆਲੇ-ਦੁਆਲੇ ਦਾ ਵਾਤਾਵਰਨ ਸਾਫ-ਸੁਥਰਾ ਰੱਖਣਾ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਜਗ੍ਹਾ-ਜਗ੍ਹਾ ਗੰਦਗੀ ਦੇ ਢੇਰ ਨਾ ਲੱਗਣ ਦਿੱਤੇ ਜਾਣ ਅਤੇ ਲੋਕ ਆਪਣੇ ਘਰਾਂ ਅਤੇ ਮੁਹੱਲਿਆਂ ਦੀ ਸਫਾਈ ਵੱਲ ਖਾਸ ਧਿਆਨ ਦੇਣ। ਉਨ੍ਹਾਂ ਅਰਬਨ ਅਸਟੇਟ ਦੇ ਵਾਸੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਲਾਕੇ ਦੇ ਲੋਕਾਂ ਨੇ ਆਪਣੇ ਇਲਾਕੇ ਨੂੰ ਬਹੁਤ ਹੀ ਸਾਫ-ਸੁਥਰਾ ਅਤੇ ਸੁਚੱਜਾ ਬਣਾਕੇ ਇੱਕ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਹੋਰ ਇਲਾਕਿਆਂ ਦੇ ਲੋਕਾਂ ਨੂੰ ਵੀ ਇਸ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਡਾ. ਬਲਬੀਰ ਸਿੰਘ ਨੇ ਲੋਕਾਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਰੁੱਖ ਲਗਾਉਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਪੌਦੇ ਸਾਡੇ ਵਾਤਾਵਰਨ ਨੂੰ ਸੁੱਚਾ ਰੱਖਣ ਦੇ ਨਾਲ-ਨਾਲ ਮਨੁੱਖੀ ਜੀਵਨ ਲਈ ਆਕਸੀਜਨ ਦਾ ਮੁੱਖ ਸਰੋਤ ਹਨ। ਉਨ੍ਹਾਂ ਕਿਹਾ ਕਿ ਕੁਦਰਤ ਨਾਲ ਜੁੜ ਕੇ ਹੀ ਮਨੁੱਖ ਅਸਲ ਸੁੱਖ ਅਤੇ ਸ਼ਾਂਤੀ ਦਾ ਅਨੰਦ ਮਾਣ ਸਕਦਾ ਹੈ। ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਮਕਸਦ ਸੂਬੇ ਦੇ ਹਰ ਨਾਗਰਿਕ ਤੱਕ ਬਿਹਤਰ ਬੁਨਿਆਦੀ ਸਹੂਲਤਾਂ ਪਹੁੰਚਾਉਣਾ ਹੈ। ਇਸੇ ਵਚਨਬੱਧਤਾ ਨਾਲ ਸਰਕਾਰ ਪੰਜਾਬ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਦਿਨ-ਰਾਤ ਕੰਮ ਕਰ ਰਹੀ ਹੈ। ਇਸ ਮੌਕੇ ਪੀ ਡੀ ਏ ਦੇ ਮੁੱਖ ਪ੍ਰਸ਼ਾਸ਼ਕ ਮਿਸ ਅਪਰਨਾ, ਚੀਫ਼ ਇੰਜੀਨੀਅਰ ਅਜੇ ਗਰਗ, ਐਸ ਈ ਵਰੁਣ ਗਰਗ, ਐਕਸੀਅਨ ਇੰਜ: ਮੁਨੀਸ਼ ਮਹਿਤਾ, ਐਸ ਡੀ ਈ ਇੰਜ: ਰਾਜੀਵ ਕੁਮਾਰ, ਜੇ ਈ ਇੰਜ: ਅਵਤਾਰ ਸਿੰਘ ਤੋਂ ਇਲਾਵਾ ਇਲਾਕਾ ਵਾਸੀ ਮੌਜੂਦ ਸਨ।

# ਮਲੇਰਕੋਟਲਾ ਨੇ ਫਿਰ ਦਿੱਤਾ ਭਾਈਚਾਰਕ ਸਾਂਝ ਤੇ ਅਮਨ-ਅਮਾਨ ਦਾ ਸੁਨੇਹਾ : ਗੁਰਮੀਤ ਸਿੰਘ

ਮਲੇਰਕੋਟਲਾ, 26 ਮਈ (ਬਲਜੀਤ ਸਿੰਘ ਟਿੱਬਾ) :ਨਗਰ ਕੌਂਸਲ ਚੋਣਾਂ ਦੌਰਾਨ ਵਾਰਡ ਨੰਬਰ-8 ਵਿਖੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਸੀਨੀਅਰ ਕਪਤਾਨ ਪੁਲਿਸ ਮਾਲੇਰਕੋਟਲਾ ਗੁਰਮੀਤ ਸਿੰਘ ਨੇ ਕਿਹਾ ਕਿ ਮਾਲੇਰਕੋਟਲਾ ਹਮੇਸ਼ਾ ਤੋਂ ਭਾਈਚਾਰਕ ਸਾਂਝ, ਅਮਨ-ਅਮਾਨ ਅਤੇ ਆਪਸੀ ਪਿਆਰ ਦਾ ਪ੍ਰਤੀਕ ਰਿਹਾ ਹੈ ਅਤੇ ਇਸ ਵਾਰ ਵੀ ਚੋਣਾਂ ਦੌਰਾਨ ਲੋਕਾਂ ਨੇ ਉਸ ਪਰੰਪਰਾ ਨੂੰ ਕਾਇਮ ਰੱਖਿਆ ਹੈ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਕੁਝ ਅਫਵਾਹਾਂ ਫੈਲਾਈਆਂ ਜਾ ਰਹੀਆਂ ਸਨ ਕਿ ਵਾਰਡ ਨੰਬਰ-8 ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਆ ਸਕਦੀ ਹੈ, ਪਰ ਸਾਰੇ ਉਮੀਦਵਾਰਾਂ, ਸਿਆਸੀ ਪਾਰਟੀਆਂ, ਵਰਕਰਾਂ ਅਤੇ ਵੋਟਰਾਂ ਨੇ ਮਿਲਜੁਲ ਕੇ ਸ਼ਾਂਤਮਈ ਅਤੇ ਨਿਰਪੱਖ ਚੋਣ ਪ੍ਰਕਿਰਿਆ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਦੱਸਿਆ ਕਿ ਸਾਰੇ ਉਮੀਦਵਾਰਾਂ ਨੇ ਆਪਸੀ ਸਹਿਮਤੀ ਨਾਲ ਭਾਈਚਾਰਕ ਸਾਂਝ ਅਤੇ ਕਾਨੂੰਨ ਦੀ



ਪਾਲਣਾ ਨੂੰ ਪਹਿਲ ਦਿੱਤੀ, ਜਿਸ ਕਾਰਨ ਲੋਕ ਨੇ ਬਿਨਾਂ ਕਿਸੇ ਡਰ ਜਾਂ ਦਬਾਅ ਤੋਂ ਆਪਣੀ ਵੋਟ ਦਾ ਇਸਤੇਮਾਲ ਕੀਤਾ । ਐੱਸ.ਐੱਸ.ਪੀ. ਨੇ ਕਿਹਾ ਕਿ ਪੁਲਿਸ ਵੱਲੋਂ ਲਗਾਤਾਰ ਇਲਾਕੇ ਵਿੱਚ ਚੌਕਸੀ ਅਤੇ ਮੁਸਤੈਦੀ ਨਾਲ ਡਿਊਟੀ ਨਿਭਾਈ ਜਾ ਰਹੀ ਹੈ ਅਤੇ ਹਰ ਪੋਲਿੰਗ ਬੂਥ 'ਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ।

# 21, 22 ਤੇ 23 ਅਗਸਤ ਨੂੰ ਲੱਗੇਗੀ ਵਿਸ਼ੇਸ਼ ਲੋਕ ਅਦਾਲਤ

ਪਟਿਆਲਾ, 26 ਮਈ (ਚ.ਨ.ਸ.) : ਮਾਨਯੋਗ ਸੁਪਰੀਮ ਕੋਰਟ ਵੱਲੋਂ ਲੰਬੇ ਸਮੇਂ ਤੋਂ ਲੰਬਿਤ ਮਾਮਲਿਆਂ ਦੇ ਨਿਪਟਾਰੇ ਦੇ ਉਦੇਸ਼ ਨਾਲ 21, 22 ਅਤੇ 23 ਅਗਸਤ, 2026 ਨੂੰ ਵਿਸ਼ੇਸ਼ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਪਹਿਲ ਮਾਣਯੋਗ ਸੁਪਰੀਮ ਕੋਰਟ ਦੀ ਉਸ ਲਗਾਤਾਰ ਵਚਨਬੱਧਤਾ ਦਾ ਹਿੱਸਾ ਹੈ, ਜਿਸਦਾ ਮਕਸਦ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਦੀ ਗਿਣਤੀ ਘਟਾਉਣਾ ਹੈ, ਤਾਂ ਜੋ ਲੋਕਾਂ ਨੂੰ ਸਸਤਾ, ਸੌਖਾ, ਤੇਜ਼ ਅਤੇ ਪ੍ਰਭਾਵਸ਼ਾਲੀ ਇਨਸਾਫ ਮਿਲ ਸਕੇ। ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਕਮ - ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ , ਪਟਿਆਲਾ ਸ਼੍ਰੀ ਅਵਤਾਰ ਸਿੰਘ, ਦੀ ਅਗਵਾਈ ਹੇਠ 21, 22 ਅਤੇ 23 ਅਗਸਤ, 2026 ਨੂੰ ਜ਼ਿਲ੍ਹੇ ਵਿੱਚ ਵਿਸੇਸ ਲੋਕ ਅਦਾਲਤ ਲਗਾਈ ਜਾਵੇਗੀ। ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਅਸ਼ੋਕ ਕੁਮਾਰ ਚੌਹਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿਸ਼ੇਸ਼ ਲੋਕ ਅਦਾਲਤ ਦੌਰਾਨ ਆਪਸੀ ਸਹਿਮਤੀ, ਰਾਜੀਨਾਮੇ ਅਤੇ ਸਮਝੌਤੇ ਰਾਹੀਂ ਨਿਪਟਾਏ ਜਾ ਸਕਣ ਵਾਲੇ ਯੋਗ ਮਾਮਲਿਆਂ ਨੂੰ ਸੁਣਵਾਈ ਲਈ ਲਿਆ ਜਾਵੇਗਾ। ਇਹਨਾਂ ਵਿੱਚ ਵਿਆਹ ਅਤੇ ਪਰਿਵਾਰਿਕ ਝਗੜੇ, ਮੋਟਰ ਹਾਦਸਾ ਕਲੇਮ ਮਾਮਲੇ, ਸਰਵਿਸ ਮਾਮਲੇ, ਭੂਮੀ ਅਧਿਗ੍ਰਹਿਣ ਮਾਮਲੇ, ਉਪਭੋਗਤਾ ਵਿਵਾਦ, ਬੈਂਕ ਰਿਕਵਰੀ ਮਾਮਲੇ ਨੇਗੋਸ਼ੀਏਬਲ ਇੰਸਟਰੂਮੈਂਟ ਐਕਟ ਦੀ ਧਾਰਾ 138 ਨਾਲ ਸੰਬੰਧਿਤ ਚੈੱਕ ਬਾਊਂਸ ਮਾਮਲੇ ਅਤੇ ਹੋਰ ਸਿਵਲ ਅਤੇ ਸਮਝੌਤਾਯੋਗ ਮਾਮਲੇ ਸਾਮਲ ਹੋ ਸਕਦੇ ਹਨ। ਉਹਨਾਂ ਹੋਰ ਦੱਸਿਆ ਕਿ ਨਿਆਂਇਕ ਅਧਿਕਾਰੀਆਂ ਵਾਲੀਆਂ ਵਿਸੇਸ ਬੈਂਚਾਂ, ਵਕੀਲਾਂ, ਪੱਖਕਾਰਾਂ, ਬੈਂਕਾਂ, ਬੀਮਾ ਕੰਪਨੀਆਂ, ਸਰਕਾਰੀ ਵਿਭਾਗਾਂ ਅਤੇ ਹੋਰ ਸੰਬੰਧਿਤ ਧਿਰਾਂ ਦੇ ਸਹਿਯੋਗ ਨਾਲ ਮਾਮਲਿਆਂ ਦੇ ਨਿਪਟਾਰੇ ਦੀ ਪ੍ਰਕਿਰਿਆ ਨੂੰ ਸੁਗਮ ਬਣਾਉਣਗੀਆਂ। ਪਛਾਣੇ ਗਏ ਮਾਮਲਿਆਂ ਦੇ ਪੱਖਕਾਰਾਂ ਨੂੰ ਪਹਿਲਾਂ ਹੀ ਸੂਚਿਤ ਕੀਤਾ ਜਾ ਰਿਹਾ ਹੈ, ਤਾਂ ਜੋ ਕਾਰਵਾਈ ਵਿੱਚ ਸੁਚਾਰੂ ਭਾਗੀਦਾਰੀ ਯਕੀਨੀ ਬਣਾਈ ਜਾ ਸਕੇ। ਇਸ ਵਿਸ਼ੇਸ਼ ਲੋਕ ਅਦਾਲਤ ਤੋਂ ਉਮੀਦ ਹੈ ਕਿ ਪੱਖਕਾਰਾਂ ਨੂੰ ਤੇਜ਼ ਅਤੇ ਸਹਿਮਤੀ ਆਧਾਰਿਤ ਰਾਹਤ ਪ੍ਰਾਪਤ ਕਰਨ ਲਈ ਇੱਕ ਪ੍ਰਭਾਵਸ਼ਾਲੀ ਮੰਚ ਮਿਲੇਗਾ, ਜਿਸ ਨਾਲ ਲੰਬੇ ਮੁਕੱਦਮਿਆਂ ਤੋਂ ਬਚਾਉ, ਸਮੇਂ ਅਤੇ ਧਨ ਦੀ ਬਚਤ ਅਤੇ ਆਪਸੀ ਸਾਂਝ ਅਤੇ ਸਦਭਾਵਨਾ ਨੂੰ ਪ੍ਰੋਤਸਾਹਨ ਮਿਲੇਗਾ। ਇਸ ਦੇ ਨਾਲ ਹੀ ਇਹ ਪਹਿਲ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਦੇ ਬੋਝ ਨੂੰ ਘਟਾਉਣ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਏਗੀ। ਜ਼ਿਲ੍ਹਾ ਕਾਨੂੰਨੀ ਸੇਵਾਂਵਾਂ ਅਥਾਰਟੀ ਪਟਿਆਲਾ ਵੱਲੋਂ ਵਕੀਲ ਭਾਈਚਾਰੇ, ਪੱਖਕਾਰਾਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸਮਾਧਾਨ ਸਮਾਰੋਹ 2026 ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਇਸ ਮਹੱਤਵਪੂਰਨ ਪਹਿਲ ਨੂੰ ਕਾਮਯਾਬ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ। ਇਸ ਤੋਂ ਇਲਾਵਾ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅਸ਼ੋਕ ਕੁਮਾਰ ਚੌਹਾਨ ਨੇ ਦੱਸਿਆ ਕਿ ਪਾਰਟੀਆਂ ਅਤੇ ਉਨ੍ਹਾਂ ਦੇ ਵਕੀਲ ਨਿਰਧਾਰਿਤ ਗੂਗਲ ਫਾਰਮ ਭਰ ਕੇ ਆਪਣੀ ਬੇਨਤੀ ਸਬਮਿਟ ਕਰ ਸਕਦੇ ਹਨ। ਇਹ ਗੂਗਲ ਫਾਰਮ https://www.sci.gov.in/ 'ਤੇ ਉਪਲੱਬਧ ਹੈ। ਉਨ੍ਹਾਂ ਨੇ ਅੱਗੇ ਦੱਸਿਆ ਕਿ ਗੂਗਲ ਫਾਰਮ ਭਰਨ ਦੀ ਆਖਰੀ ਤਾਰੀਖ 31 ਮਈ, 2026 ਹੈ। ਇਸ ਸੰਬੰਧੀ ਵਿਸਤਰਿਤ ਜਾਣਕਾਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਏ ਡੀ ਆਰ ਸੈਂਟਰ, ਜ਼ਿਲ੍ਹਾ ਅਦਾਲਤਾਂ ਕੰਪਲੈਕਸ, ਪਟਿਆਲਾ ਦੇ ਦਫ਼ਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਕੇਂਦਰ ਵੱਲੋਂ ਲਗਾਤਾਰ ਵੱਧ ਰਹੀਆਂ ਤੇਲ ਦੀਆਂ ਕੀਮਤਾਂ 'ਤੇ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਨਿਖੇਧੀ

ਦੇਵੀਗੜ੍ਹ, 26 ਮਈ (ਗੁਰਜੀਤ ਸਿੰਘ ਢੋਟ): ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਪ੍ਰਧਾਨ ਐਸ ਕੇ ਐਮ ਦੇ ਆਗੂ ਬੂਟਾ ਸਿੰਘ ਸ਼ਾਦੀਪੁਰ ਵੱਲੋਂ ਕੇਂਦਰ ਸਰਕਾਰ ਵੱਲੋਂ ਵਧਾਈਆਂ ਜਾ ਰਹੀਆਂ ਵਾਰ-ਵਾਰ ਤੇਲ ਦੀਆਂ ਕੀਮਤਾਂ ਤੇ ਚਿੰਤਾ ਜਾਹਰ ਕੀਤੀ। ਸ਼ਾਦੀਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਦੀ ਸਰਕਾਰ ਵੱਲੋਂ ਲੋਕਾਂ 'ਤੇ ਮਹਿਗਾਈ ਦਾ ਅਣ ਅਧਿਕਾਰਤ ਬੋਝ ਲੱਦ ਦਿੱਤਾ ਗਿਆ ਤੇਲ ਦੀਆਂ ਵਧਾਈਆਂ ਜਾ ਰਹੀਆਂ ਵਾਰ ਵਾਰ ਕੀਮਤਾਂ ਦੇ ਨਾਲ ਜਿੱਥੇ ਹਰ ਵਰਗ 'ਤੇ ਬਹੁਤ ਵੱਡਾ ਬੋਝ ਪੈ ਗਿਆ ਉੱਥੇ ਨਾਲ ਹੀ ਕਿਸਾਨੀ ਦੇ ਉੱਤੇ ਲੱਕ ਤੋੜਵਾਂ ਬੋਝ ਸਰਕਾਰ ਨੇ ਪਾ ਦਿੱਤਾ ਹੈ। ਸ਼ਾਦੀਪੁਰ ਨੇ ਕਿਹਾ ਕਿ ਕਿਸਾਨ ਨੂੰ ਪਹਿਲਾਂ ਹੀ ਕੇਂਦਰ ਸਰਕਾਰ ਵੱਲੋਂ ਫਸਲਾਂ ਦਾ ਪੂਰਾ ਭਾਅ ਨਾ ਦੇ ਕੇ ਕਿਸਾਨੀ ਨੂੰ ਕਮਜ਼ੋਰ ਕੀਤਾ ਗਿਆ ਹੈ ਜਦੋਂ ਕਿ ਕਿਸਾਨ



ਜਥੇਬੰਦੀਆਂ ਵੱਲੋਂ ਪੂਰੇ ਭਾਅ (ਰੇਟ) ਦੀ ਮੰਗ ਕਰਦਿਆਂ ਹੋਇਆਂ ਡਾਕਟਰ ਸਵਾਮੀਨਾਥਨ ਦੀ ਰਿਪੋਰਟ ਦੇ ਮੁਤਾਬਕ ਸੀ ਟੂ ਪਲੱਸ 50% ਦੇ ਮੁਤਾਬਿਕ ਸਾਰੀਆਂ ਫਸਲਾਂ ਦੀ ਰੇਟ ਮੰਗੇ ਜਾ ਰਹੇ ਹਨ ਪ੍ਰੰਤੂ ਕੇਂਦਰ ਸਰਕਾਰ ਦੀਆਂ ਮਾੜੀਆਂ ਨੀਤੀਆਂ ਤੇ ਸਟੇਟ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਦੇ ਕਾਰਨ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖੁਦਕਸ਼ੀਆਂ ਵਿੱਚ ਹੋਰ ਵਾਧਾ ਹੋ ਰਿਹਾ ਹੈ। ਸ਼ਾਦੀਪੁਰ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਕਿ ਅੰਦਰ ਬੈਠਣ ਦਾ ਸਮਾਂ ਨਹੀਂ ਇਸ ਮਹਿਗਾਈ ਦੇ ਖਿਲਾਫ ਲੋਕਾਂ ਨੂੰ ਸੜਕਾਂ 'ਤੇ ਆਉਣਾ ਪਵੇਗਾ।

# ਤੇਜ਼ ਰਫ਼ਤਾਰ ਟਰੱਕ ਦੀ ਟੱਕਰ ਨਾਲ ਜ਼ਖ਼ਮੀ

ਪਟਿਆਲਾ, 26 ਮਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਕੋਲ ਮੀਨਾਕਸ਼ੀ ਵਸ਼ਿਸ਼ਟ ਪਤਨੀ ਅਜੇ ਕੁਮਾਰ ਵਾਸੀ ਗਲੀ ਨੰ. 3 ਵਿਜੇ ਨਗਰ ਪਟਿਆਲਾ ਨੇ ਟਰੱਕ ਦੇ ਅਣਪਛਾਤੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੀ ਕਾਰ 'ਤੇ ਸਵਾਰ ਹੋ ਕੇ ਗਾਰਡਨ ਹਾਈਟਸ ਨੇੜੇ ਵਿਜੈ ਨਗਰ ਪਾਸ ਜਾ ਰਹੀ ਸੀ ਤਾਂ ਅਣਪਛਾਤੇ ਡਰਾਈਵਰ ਨੇ ਆਪਣਾ ਟਰੱਕ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰਿਆ, ਜੋ ਐਕਸੀਡੈਂਟ ਵਿੱਚ ਉਸ ਦੇ ਕਾਫੀ ਸੱਟਾ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# ਸੜਕ ਹਾਦਸੇ 'ਚ ਦੋ ਦੀ ਮੌਤ

ਘਨੌਰ, 26 ਮਈ (ਮਦਨ ਲਾਲ) : ਥਾਣਾ ਘਨੌਰ ਪੁਲਿਸ ਕੋਲ ਗੁਰਦਿਆਲ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਪਿੰਡ ਚੌਰਾ ਥਾਣਾ ਅਰਬਨ ਅਸਟੇਟ ਪਟਿਆਲਾ ਨੇ ਟਰੱਕ ਦੇ ਡਰਾਇਵਰ ਮੋਹਿਤ ਕੁਮਾਰ ਵਾਸੀ ਭਗਵੰਤਪੁਰ ਯੂ.ਪੀ. ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਲੜਕਾ ਸੁਖਜਿੰਦਰ ਸਿੰਘ, ਜੋ ਕਿ ਆਪਣੀ ਕਾਰ ਪਰ ਸਵਾਰ ਹੋ ਕੇ ਪਿੰਡ ਸੰਧਾਰਸੀ ਪਾਸ ਜਾ ਰਿਹਾ ਸੀ ਤਾਂ ਕਥਿਤ ਦੋਸ਼ੀ ਡਰਾਇਵਰ ਨੇ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਆਪਣਾ ਟਰੱਕ ਲਿਆ ਕੇ ਸਾਹਮਣੇ ਤੋਂ ਆ ਰਹੇ ਟਿੱਪਰ ਵਿੱਚ ਮਾਰਿਆ, ਜਿਸ ਕਾਰਨ ਉਸ ਦੇ ਲੜਕੇ ਦੀ ਕਾਰ ਵੀ ਕਥਿਤ ਦੋਸ਼ੀ ਦੇ ਟਰੱਕ ਪਿੱਛੇ ਲੱਗੀ, ਜੋ ਐਕਸੀਡੈਂਟ ਵਿੱਚ ਉਸ ਦੇ ਲੜਕੇ ਅਤੇ ਟਿੱਪਰ ਡਰਾਇਵਰ ਮੋਹਨ ਸਿੰਘ ਪੁੱਤਰ ਰਾਮ ਸਿੰਘ ਵਾਸੀ ਪਿੰਡ ਜਖਪੇਲ ਦੀ ਮੌਤ ਹੋ ਗਈ। ਪੁਲਿਸ ਨੇ ਧਾਰਾ 281,106(1), 324(4) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਸਰਕਾਰੀ ਨੌਕਰੀਆਂ 'ਤੇ ਪੱਕੇ ਹੋਣ ਦੀ ਵਰ੍ਹੇਗੰਢ ਮੌਕੇ ਸ਼ੁਕਰਾਨੇ ਵਜੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ

ਪਟਿਆਲਾ, 26 ਮਈ (ਚ.ਨ.ਸ) : ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਅੰਦਰ 20-20 ਸਾਲਾਂ ਤੋਂ ਮਸਟਰੋਲ 'ਤੇ ਕੰਮ ਕਰਦੇ ਮੁਲਾਜ਼ਮ ਲੰਮੇ ਸੰਘਰਸ਼ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ 24 ਮਈ 2011 ਨੂੰ ਪੱਕੇ ਕੀਤੇ ਗਏ ਸਨ, ਪੱਕੇ ਹੋਣ ਤੋਂ ਬਾਅਦ ਇਹਨਾਂ ਮੁਲਾਜ਼ਮਾ ਵੱਲੋਂ ਹਰ ਸਾਲ ਪਰਮਾਤਮਾ ਦੇ ਸ਼ੁਕਰਾਨੇ ਵਜੋਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਜਾਂਦੇ ਹਨ। ਉਸੇ ਲੜੀ ਵਜੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੀ ਡਬਲਿਊ ਡੀ ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਪਟਿਆਲਾ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਸਮੂਹ ਮੁਲਾਜ਼ਮਾਂ ਵੱਲੋਂ ਨਾਭਾ ਰੋਡ ਸਥਿਤ ਉਪ ਮੰਡਲ ਨੰਬਰ 5 ਅਤੇ ਮੰਡਲ ਨੰਬਰ 2 ਵਿਖੇ ਮਿਤੀ 23, 24, 25 ਮਈ 2026 ਨੂੰ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਗਏ ਮੁਲਾਜ਼ਮਾਂ ਦੇ ਪੱਕੇ ਹੋਣ ਅਤੇ ਪ੍ਰਮੋਟ ਹੋਣ 'ਤੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਗਿਆ ਅਤੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਹੋਣ ਅਤੇ ਰਹਿੰਦੇ ਮੁਲਾਜ਼ਮਾਂ ਦੀ ਪ੍ਰਮੋਸ਼ਨ ਲਈ ਅਰਦਾਸ



ਕੀਤੀ ਗਈ। ਅੱਜ ਅਖੰਡ ਪਾਠ ਸਾਹਿਬ ਦੇ ਭੋਗ 'ਤੇ ਇਕੱਤਰ ਹੋਏ ਪੀ. ਡਬਲਿਊ. ਡੀ.ਫ਼ੀਲਡ ਅਤੇ ਵਰਕਸ਼ਾਪ ਵਰਕਰਜ ਯੂਨੀਅਨ ਦੇ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਸੰਜੀਵ ਕੌਂਡਲ ਜਲੰਧਰ, ਕੁਲਵੰਤ ਸਿੰਘ ਬਠਿੰਡਾ, ਤੇਜਵੰਤ ਸਿੰਘ, ਰਾਜਪਾਲ ਸਿੰਘ ਲਸੋਈ, ਦਰਸ਼ਨ ਸਿੰਘ ਬੇਲੂਮਾਜਰਾ, ਜਸਵਿੰਦਰ ਸਿੰਘ ਸੌਜਾ, ਚੰਦ ਸਿੰਘ ਰਸੂਲੜਾ , ਦਰਸ਼ਨ ਸਿੰਘ ਫਤਿਹਗੜ੍ਹ ਸਾਹਿਬ , ਜਸਵੀਰ ਸਿੰਘ ਖੋਖਰ, ਧਰਮਪਾਲ ਸਿੰਘ ਲੌਟ, ਲਖਵਿੰਦਰ ਸਿੰਘ ਖਾਨਪੁਰ, ਹਰਵੀਰ ਸਿੰਘ ਸੁਨਾਮ ਰਕੇਸ਼ ਪਰੋਚਾ ਸੰਗਰੂਰ, ਜੀਤ ਸਿੰਘ ਰਈਆ, ਜਸਵਿੰਦਰ ਸਿੰਘ ਬੰਡੂਗਰ,ਐਸਡੀਓ ਇਮਾਨਜੋਤ ਸਿੰਘ ਸੰਧੂ, ਜਗਜੀਤ ਸਿੰਘ, ਸੁਖਦੇਵ ਸਿੰਘ, ਰਾਜੇਸ਼ ਵਰਮਾ, ਅਜੇਪਾਲ ਸਿੰਘ, ਡਿਪਲੋਮਾ ਇੰਜੀਨੀਅਰ ਐਸੋਸੀਏਸਨ ਦੇ ਪ੍ਰਧਾਨ ਪਵਨਪ੍ਰੀਤ ਸਿੰਘ ਸੇਖੋਂ, ਕਰਮਚਾਰੀ ਦਲ ਪੰਜਾਬ ਦੇ ਰਜੇਸ਼ ਬਾਤਿਸ਼, ਜਲ ਸਪਲਾਈ ਮਸਟਰੋਲ ਯੂਨੀਅਨ ਦੇ ਮੁਕੇਸ਼ ਕੰਡਾ, ਰਾਜਿੰਦਰਾ ਹਸਪਤਾਲ ਜੁਆਇੰਟ ਐਕਸਨ ਕਮੇਟੀ ਦੇ ਪ੍ਰਧਾਨ ਸਵਰਨ ਸਿੰਘ ਬੰਗਾ, ਦਰਜਾ ਚਾਰ ਕਰਮਚਾਰੀ ਯੂਨੀਅਨ ਰਜਿੰਦਰਾ ਹਸਪਤਾਲਾ ਦੀ ਪ੍ਰਧਾਨ ਮੋਨਿਕਾ ਮਸੀਹ, ਰਣਵੀਰ ਸਿੰਘ ਟੂਸੇ ,ਸਤਨਾਮ ਸਿੰਘ ਲਬਾਣਾ ,ਹਰਦੀਪ ਬਾਵਾ ਮੋਗਾ ਆਦਿ ਨੇ ਸ਼ਮੂਲੀਅਤ ਕੀਤੀ ਅਤੇ ਸਮੂਹ ਸੰਗਤ ਦਾ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ ਅਤੇ ਰਾਜਪਾਲ ਸਿੰਘ ਲਸੋਈ ਨੇ ਧੰਨਵਾਦ ਕੀਤਾ ਅਤੇ ਅਤੁਟ ਲੰਗਰ ਵਰਤਾਇਆ ਗਿਆ।

# ਡੀਜ਼ਲ-ਪੈਟਰੋਲ ਦੀਆਂ ਕੀਮਤਾਂ 'ਚ ਕੀਤਾ ਵਾਧਾ ਵਾਪਸ ਲਵੇ ਕੇਂਦਰ : ਜਥੇ: ਬਘੌਰਾ

ਪਟਿਆਲਾ, 26 ਮਈ (ਚ.ਨ.ਸ) : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਚਾਰ ਸਕੱਤਰ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕੇਂਦਰ ਸਰਕਾਰ ਵਲੋਂ ਪਿਛਲੇ ਦਿਨੀ ਝੋਨੇ ਦੀ ਫਸਲ ਦੇ ਵਿੱਚ 72 ਰੁਪਏ ਵਾਧਾ ਕਰਨ ਦੀ ਗੱਲ ਕੀਤੀ ਜੋ ਇੱਕ ਵਾਜਬ ਨਹੀਂ ਲਗਦਾ ਪਰੰਤੂ ਡੀਜ਼ਲ ਪੈਟਰੋਲ ਦੀ ਕੀਮਤ ਵਿੱਚ ਚੌਥੀ ਵਾਰ ਵਾਧਾ ਕੀਤਾ ਗਿਆ ਹੈ ਜਿਸ ਨਾਲ



ਕਿਸਾਨਾਂ ਵਪਾਰੀਆਂ ਅਤੇ ਹਰੇਕ ਵਰਗ ਤੇ ਭਾਰੀ ਬੋਝ ਪਾਇਆ ਗਿਆ ਹੈ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕਿ ਅੱਜ ਡੀਜ਼ਲ ਅਤੇ ਪੈਟਰੋਲ ਦੀਆਂ ਕੀਮਤਾਂ ਵਿੱਚ ਵਾਰ ਵਾਰ ਵਾਧਾ ਕੀਤਾ ਜਾ ਰਿਹਾ ਹੈ। ਇਸ ਨਾਲ ਪੰਜਾਬ ਦੇ ਲੋਕ ਤੇ ਮਹਿਗਾਈ ਦੀ ਮਾਰ ਹੇਠ ਆਉਣਗੇ ਜਥੇਦਾਰ ਸੁਖਜੀਤ ਬਘੌਰਾ ਨੇ ਕਿਹਾ ਕਿ ਕਿਹ ਇਹ ਡੀਜ਼ਲ ਅਤੇ ਪੈਟਰੋਲ ਵਿੱਚ ਜਿਹੜਾ ਵਾਧਾ ਕੀਤਾ ਗਿਆ ਹੈ ਇਹ ਘੱਟੋ-ਘੱਟ ਇਹ ਪੰਜ ਰੁਪਏ ਲੀਟਰ ਡੀਜ਼ਲ ਵੱਧ ਸਕਦਾ ਹੈ ਤਾਂ ਕਣਕ ਅਤੇ ਝੋਨੇ ਅਤੇ ਹੋਰ ਫ਼ਸਲਾਂ ਉਤੇ ਵੀ ਰੇਟ ਵੀ ਘੱਟੋ ਘੱਟ ਚਾਰ ਤੋਂ 500 ਕੁਇੰਟਲ ਵੱਧਣਾ ਚਾਹੀਦਾ ਕਿਉਂਕਿ 72 ਰੁਪਏ ਪ੍ਰਤੀ ਕੁਇੰਟਲ ਵਾਧਾ ਕਰਕੇ ਕਿਸਾਨਾਂ ਨਾਲ ਕੋਝਾ ਮਜਾਕ ਕੀਤਾ ਗਿਆ ਹੈ । ਅਖੀਰ ਵਿੱਚ ਜਥੇਦਾਰ ਸੁਖਜੀਤ ਸਿੰਘ ਭਘੌਰਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਿਹੜਾ ਪੈਟਰੋਲ ਤੇ ਡੀਜ਼ਲ ਦੇ ਵਿੱਚ ਵਾਧਾ ਕੀਤਾ ਗਿਆ ਹੈ। ਇਸ ਨੂੰ ਤੁਰੰਤ ਵਾਪਸ ਲਿਆ ਜਾਵੇ।

# ਐਮ.ਬੀ.ਐਸ. ਪੰਜਾਬ ਸਪੋਰਟਸ ਯੂਨੀਵਰਸਿਟੀ ਵੱਲੋਂ ਪੰਜਾਬ 'ਚ ਖੇਡ ਸਿੱਖਿਆ ਅਤੇ ਐਥਲੀਟ ਵਿਕਾਸ ਨੂੰ ਮਜ਼ਬੂਤ ਕਰਨ ਲਈ ਵੱਡੀ ਪਹਿਲਕਦਮੀ

## ➢ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਵੱਲੋਂ ਜ਼ਿਲ੍ਹਾ ਖੇਡ ਅਧਿਕਾਰੀਆਂ ਨਾਲ ਮੀਟਿੰਗ



ਪਟਿਆਲਾ, 26 ਮਈ (ਚ.ਨ.ਸ) : ਪੰਜਾਬ ਵਿੱਚ ਖੇਡ ਵਾਤਾਵਰਨ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਪਹਿਲਕਦਮੀ ਕਰਦਿਆਂ, ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਨੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਪੰਜਾਬ ਖੇਡ ਵਿਭਾਗ ਦੇ ਜ਼ਿਲ੍ਹਾ ਖੇਡ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ। ਮੀਟਿੰਗ ਵਿੱਚ ਡਾਇਰੈਕਟਰ ਖੇਡ ਵਿਭਾਗ ਹਰਪ੍ਰੀਤ ਸਿੰਘ ਸੂਦਨ ਸਮੇਤ ਰਾਜ ਭਰ ਦੇ 23 ਜ਼ਿਲ੍ਹਾ ਖੇਡ ਅਧਿਕਾਰੀਆਂ ਨੇ ਔਨਲਾਈਨ ਸ਼ਿਰਕਤ ਕੀਤੀ, ਜਦੋਂ ਕਿ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ ਨੇ ਯੂਨੀਵਰਸਿਟੀ ਕੈਂਪਸ ਵਿੱਚ ਹਿੱਸਾ ਲਿਆ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਕਿਹਾ ਕਿ ਗੱਲਬਾਤ ਦਾ ਮੁੱਖ ਉਦੇਸ਼ ਯੂਨੀਵਰਸਿਟੀ ਅਤੇ ਇਸਦੇ ਸਬੰਧਤ ਕਾਲਜਾਂ ਦੇ ਅਕਾਦਮਿਕ ਪ੍ਰੋਗਰਾਮਾਂ, ਯੋਗਤਾ ਮਾਪਦੰਡਾਂ ਅਤੇ ਦਾਖਲਾ ਪ੍ਰਕਿਰਿਆਵਾਂ ਬਾਰੇ ਚਾਹਵਾਨ ਖਿਡਾਰੀਆਂ ਵਿੱਚ ਜਾਗਰੂਕਤਾ ਫੈਲਾਉਣਾ ਰਿਹਾ ਤਾਂ ਜੋ ਪ੍ਰਤਿਭਾਸ਼ਾਲੀ ਖਿਡਾਰੀ ਆਪਣੇ ਖੇਡ ਕਰੀਅਰ ਦੇ ਨਾਲ-ਨਾਲ ਮਿਆਰੀ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਗੁਆ ਨਾ ਸਕਣ। ਵਾਈਸ ਚਾਂਸਲਰ ਨੇ ਕਿਹਾ ਕਿ ਕਾਲਜਾਂ ਵਿੱਚ ਖੇਡ ਵਿੰਗਾਂ ਦੀ ਮੁੜ ਸੁਰਜੀਤੀ, ਅੰਤਰ-ਕਾਲਜ ਟੂਰਨਾਮੈਂਟਾਂ ਨੂੰ ਮਜ਼ਬੂਤ ਕਰਨ, ਏਆਈਯੂ ਮੁਕਾਬਲਿਆਂ ਦੇ ਨਿਰਪੱਖ ਅਤੇ ਪਾਰਦਰਸ਼ੀ ਆਯੋਜਨ ਨੂੰ ਯਕੀਨੀ ਬਣਾਉਣ, ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਦਾਖਲਿਆਂ ਲਈ ਸਲਾਹ ਦੇਣ, ਪਿੰਡ ਦੇ ਜਿਮ ਇੰਸਟ੍ਰਕਟਰਾਂ ਲਈ ਸਿਖਲਾਈ ਪ੍ਰੋਗਰਾਮ ਆਯੋਜਿਤ ਕਰਨ ਅਤੇ ਰੁਜ਼ਗਾਰ ਦੇ ਮੌਕਿਆਂ ਨਾਲ ਜੁੜੇ ਵਿਸ਼ੇਸ਼ ਖੇਡ ਉਦਯੋਗ-ਅਧਾਰਤ ਕੋਰਸ ਸ਼ੁਰੂ ਕਰਨ 'ਤੇ ਵੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਅੱਗੇ ਦੱਸਿਆ ਕਿ ਪੰਜਾਬ ਭਰ ਦੇ ਖਿਡਾਰੀਆਂ ਵਿੱਚ ਦਾਖਲਾ ਜਾਣਕਾਰੀ, ਪ੍ਰਾਸਪੈਕਟਸ ਅਤੇ ਆਊਟਰੀਚ ਸਮੱਗਰੀ ਦੀ ਨਿਯਮਤ ਸਾਂਝੇਦਾਰੀ ਲਈ ਯੂਨੀਵਰਸਿਟੀ ਅਤੇ ਜ਼ਿਲ੍ਹਾ ਖੇਡ ਅਧਿਕਾਰੀਆਂ ਵਿਚਕਾਰ ਇੱਕ ਸਮਰਪਿਤ ਸੰਚਾਰ ਵਿਧੀ ਨੂੰ ਵੀ ਅੰਤਿਮ ਰੂਪ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਰੇ ਏਜੰਡੇ ਨੂੰ ਅੱਗੇ ਲੋੜੀਂਦੀ ਕਾਰਵਾਈ ਲਈ ਸਰਬਸੰਮਤੀ ਨਾਲ ਅਪਣਾਇਆ ਗਿਆ ਹੈ।

# ਲੋੜਵੰਦ ਬੱਚਿਆਂ ਨੂੰ ਸਾਈਕਲ ਦਿੱਤੇ



ਭਾਦਸੋਂ,26 ਮਈ (ਭਰਪੂਰ ਸਿੰਘ ਮੱਟਰਾਂ) : ਡੇਰਾ ਬਾਬਾ ਸ੍ਰੀਚੰਦ ਜੀ ਪਿੰਡ ਲੌਟ ਵਿਖੇ ਦਸਮੀ ਦਾ ਦਿਹਾੜਾ ਮਨਾਇਆ ਗਿਆ, ਜਿਸ ਵਿਚ ਸ.ਲਖਵੀਰ ਸਿੰਘ ਜੀ ਲੌਟ ਸਾਬਕਾ ਚੇਅਰਮੈਨ ਤੇ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਬਾਬਾ ਰਾਜ ਸਿੰਘ ਲੌਟ, ਅਮਨਦੀਪ ਸਿੰਘ ਲੁਧਿਆਣਾ ਵੱਲੋਂ ਲੋੜਵੰਦ ਬੱਚਿਆਂ ਨੂੰ ਸਾਇਕਲ ਦਿੱਤੇ ਗਏ ਅਤੇ ਇਸ ਸਮੇਂ ਮਹੰਤ ਤਾਰਾ ਸਿੰਘ ਜੀ ਨਾਭਾ,ਸ੍ਰੀ ਸ੍ਰੀ ਸੰਤ ਦਇਆ ਨੰਦ ਜੀ ਲੁਬਾਣਾ, ਕਵੀਸ਼ਰੀ ਜੱਥਾ ਗੁਰੂ ਕਿਰਪਾ ਪੇਦਨ, ਗੁਰਦੇਵ ਸਿੰਘ ਬੌੜਾ, ਗੁਰਦੇਵ ਸਿੰਘ ਪੇਦਨ, ਹਰਵਿੰਦਰ ਸਿੰਘ ਸੌਂਟੀ, ਗੁਲਸ਼ਨ ਸਿੰਘ ਸੌਂਟੀ, ਸਤਨਾਮ ਦਾਸ,ਚਾਹਤ ਸਿੰਘ, ਜੋਤੀ ਸਿੰਘ ਆਦਿ ਸਮੇਂ 'ਤੇ ਹਾਜ਼ਰ ਸਨ।

# ਟੀ.ਵੀ. ਅਦਾਕਾਰ ਅਨਾਸ ਰਾਸ਼ਿਦ ਵੱਲੋਂ ਨਾਗਰਿਕਾਂ ਨੂੰ ਡਿਜ਼ੀਟਲ ਜਨਗਣਨਾ 'ਚ ਪੂਰਾ ਸਹਿਯੋਗ ਦੇਣ ਦੀ ਅਪੀਲ

## ➢13 ਜੂਨ ਤੱਕ ਚੱਲ ਰਹੇ ਪਹਿਲੇ ਪੜਾਅ ਦੌਰਾਨ ਗਿਣਤੀਕਾਰ ਘਰ-ਘਰ ਜਾ ਕੇ ਇਕੱਠੀ ਕਰ ਰਹੇ ਨੇ ਜਾਣਕਾਰੀ

ਮਲੇਰਕੋਟਲਾ, 26 ਮਈ (ਚ.ਨ.ਸ.) : ਪ੍ਰਸਿੱਧ ਭਾਰਤੀ ਟੈਲੀਵਿਜ਼ਨ ਸੀਰੀਅਲ 'ਦੀਆ ਔਰ ਬਾਤੀ ਹਮ' ਵਿੱਚ ਸੂਰਜ ਰਾਠੀ ਦੇ ਕਿਰਦਾਰ ਨਾਲ ਘਰ-ਘਰ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਵਾਲੇ ਅਦਾਕਾਰ ਅਨਾਸ ਰਾਸ਼ਿਦ ਨੇ ਦੇਸ਼ ਦੇ ਸਮੂਹ ਨਾਗਰਿਕਾਂ ਨੂੰ ਜਨਗਣਨਾ ਦੌਰਾਨ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਅਨਾਸ ਰਾਸ਼ਿਦ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਭਾਰਤ ਸਰਕਾਰ ਵੱਲੋਂ ਜਨਗਣਨਾ ਦੇ ਪਹਿਲੇ ਪੜਾਅ ਦੀ ਸ਼ੁਰੂਆਤ 15 ਮਈ 2026 ਤੋਂ ਕਰ ਦਿੱਤੀ ਗਈ ਹੈ, ਜੋ 13 ਜੂਨ 2026 ਤੱਕ ਜਾਰੀ ਰਹੇਗੀ। ਇਸ ਦੌਰਾਨ ਗਿਣਤੀ ਕਰਨ ਵਾਲੇ ਕਰਮਚਾਰੀ (ਗਿਣਤੀਕਾਰ) ਹਰ ਘਰ ਦਾ ਦੌਰਾ ਕਰਕੇ 33 ਸਵਾਲਾਂ ਰਾਹੀਂ ਜਾਣਕਾਰੀ ਇਕੱਠੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਜਨਗਣਨਾ ਪਹਿਲੀ ਵਾਰ ਪੂਰੀ ਤਰ੍ਹਾਂ ਡਿਜ਼ਿਟਲ ਢੰਗ ਨਾਲ ਕਰਵਾਈ ਜਾ ਰਹੀ ਹੈ ਅਤੇ ਸਾਰਾ ਡਾਟਾ ਆਨਲਾਈਨ ਭਰਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਨਗਣਨਾ ਦੌਰਾਨ ਘਰਾਂ ਨਾਲ ਸੰਬੰਧਿਤ ਮੁਢਲੀਆਂ ਸਹੂਲਤਾਂ ਜਿਵੇਂ ਕੱਚਾ ਘਰ ਹੋਣਾ, ਟਾਇਲਟ ਜਾਂ ਬਾਥਰੂਮ ਦੀ ਘਾਟ ਅਤੇ ਹੋਰ ਬੁਨਿਆਦੀ ਲੋੜਾਂ ਬਾਰੇ ਵੀ ਜਾਣਕਾਰੀ ਦਰਜ ਕੀਤੀ ਜਾ ਰਹੀ ਹੈ, ਤਾਂ ਜੋ ਸਰਕਾਰ ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਲੋਕ ਭਲਾਈ ਨਾਲ ਸੰਬੰਧਿਤ ਸਕੀਮਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਤਿਆਰ ਅਤੇ ਲਾਗੂ ਕਰ ਸਕੇ। ਅਨਾਸ ਰਾਸ਼ਿਦ ਨੇ ਕਿਹਾ ਕਿ ਮਾਲੇਰਕੋਟਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੀ ਲੋਕਾਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਤਾਂ ਜੋ ਕੋਈ ਵੀ ਘਰ ਸਰਕਾਰੀ ਸਹੂਲਤਾਂ ਤੋਂ ਵਾਂਝਾ ਨਾ ਰਹਿ ਸਕੇ ਅਤੇ ਹਰ ਪਰਿਵਾਰ ਦਾ ਵੇਰਵਾ ਰਿਕਾਰਡ ਵਿੱਚ ਦਰਜ ਹੋ ਸਕੇ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ, ਜੇਕਰ ਸਰਕਾਰ ਵੱਲੋਂ ਨਿਯੁਕਤ ਗਿਣਤੀਕਾਰ ਤੁਹਾਡੇ ਘਰ ਆਉਂਦੇ ਹਨ ਤਾਂ ਉਨ੍ਹਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਸਹੀ ਜਵਾਬ ਦੇ ਕੇ ਦੇਸ਼ ਦੇ ਵਿਕਾਸ ਵਿੱਚ ਆਪਣੀ ਭੂਮਿਕਾ ਨਿਭਾਓ। ਇਸ ਸਾਲ ਦੀ ਜਨਗਣਨਾ ਪਿਛਲੀਆਂ ਜਨਗਣਨਾਵਾਂ ਨਾਲੋਂ ਵਿਲੱਖਣ ਹੈ ਕਿਉਂਕਿ ਪੂਰੀ ਪ੍ਰਕਿਰਿਆ ਡਿਜ਼ਿਟਲ ਅਤੇ ਆਨਲਾਈਨ ਢੰਗ ਨਾਲ ਕੀਤੀ ਜਾ ਰਹੀ ਹੈ।' ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਜਨਗਣਨਾ ਟੀਮਾਂ ਨਾਲ ਪੂਰਾ ਸਹਿਯੋਗ ਕਰੇ ।

# ਆਈ.ਡੀ.ਪੀ. ਨੇ ਨਗਰ ਕੌਂਸਲ ਚੋਣਾਂ 'ਚ ਬੂਥਾਂ 'ਤੇ ਹੋਈਆਂ ਧੱਕੇਸ਼ਾਹੀਆਂ ਦੀ ਕੀਤੀ ਨਿੰਦਾ

ਸਮਾਣਾ, 26 ਮਈ (ਵਿਜੇ ਕੁਮਾਰ) ਨਗਰ ਕੌਂਸਲ ਚੋਣਾਂ ਵਿੱਚ ਸਮਾਣਾ ਵਿਖੇ ਵੱਖ ਵੱਖ ਬੂਥਾਂ 'ਤੇ ਹੋਈਆਂ ਧੱਕੇਸ਼ਾਹੀਆਂ ਤੇ ਪੱਤਰਕਾਰ ਦੇ ਫੋਨ ਖੋਹਣ ਦੀ ਵਾਰਦਾਤ ਦੀ ਸਖ਼ਤ ਨਿੰਦਿਆ ਕਰਦੇ ਹੋਏ ਇੰਟਰਨੈਸ਼ਨਲਿਸਟ ਡੈਮੋਕ੍ਰੇਟਿਕ ਪਲੇਟਫਾਰਮ (ਆਈ.ਡੀ.ਪੀ.) ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਧਨੇਠਾ ਅਤੇ ਜ਼ਿਲ੍ਹਾ ਸਕੱਤਰ ਗੁਰਤੇਜ ਸਿੰਘ



ਸਮਾਣਾ ਨੇ ਕਿਹਾ ਕਿ ਬਹੁਤ ਕੁਰਬਾਨੀਆਂ ਨਾਲ ਮਿਲਿਆ ਵੋਟ ਦਾ ਹੱਕ ਪੈਸਾ, ਨਸ਼ਾ ਅਤੇ ਤਾਕਤ ਨਾਲ ਲੁੱਟ ਲਿਆ ਗਿਆ ਹੈ, ਇਸ ਲਈ ਦੇਸ਼ ਦੀ ਅਜਾਦੀ ਦੇ 79 ਸਾਲ ਬੀਤ ਜਾਣ ਦੇ ਵੀ ਸ਼ਹਿਰਾਂ, ਪਿੰਡਾਂ ਦਾ ਵਿਕਾਸ ਗਲੀਆਂ ਨਾਲੀਆਂ ਤੋਂ ਅੱਗੇ ਨਹੀਂ ਵੱਧ ਸਕਿਆ, ਕਿਉਂਕਿ ਪਹਿਲਾਂ ਵੀ ਪਾਰਟੀਆਂ ਏਨਾਂ ਚੋਣਾਂ ਵਿੱਚ ਧੱਕੇਸ਼ਾਹੀ ਕਰਦੀਆਂ ਰਹੀਆਂ ਹਨ,ਹੁਣ ਨਵੇਂ ਬਦਲਾਵ ਵਿੱਚ ਹੋਰ ਵੀ ਵੱਧ ਹੋ ਗਿਆ ਹੈ, ਪਿਛਲੇ ਦਿਨੀਂ ਸਮਾਣਾ ਅਤੇ ਸ਼ਤਰਾਣਾ ਹਲਕੇ ਦੇ ਐਮ.ਐਲ. ਏ.ਦਾ ਲੋਕ ਫਤਵੇ ਨੂੰ ਧੱਕੇ ਨਾਲ ਲੁੱਟਣ ਦਾ ਬਿਆਨ ਲੋਕਤੰਤਰ ਲਈ ਗੰਭੀਰ ਖਤਰਾ ਅਤੇ ਸਭ ਨੂੰ ਮਿਲੇ ਵੋਟ ਦੇ ਮੌਲਿਕ ਹੱਕ ਉਪਰ ਸਿੱਧਾ ਹਮਲਾ ਸੀ, ਅੱਜ ਚੋਣਾਂ ਵਿੱਚ ਉਸ ਬਿਆਨ ਦਾ ਪ੍ਰਤੀਕਰਮ ਹੀ ਹੋਇਆ ਹੈ। ਇਸ ਲਈ ਲੋਕਾਂ ਨੂੰ ਵਿਆਪਕ ਚੋਣ ਸੁਧਾਰਾਂ ਵਾਸਤੇ ਅੱਗੇ ਆਉਣਾ ਪਵੇਗਾ।

# ਹਰਦੀਪ ਸਿੰਘ ਸਨੌਰ ਦਾ ਖ਼ੂਨਦਾਨ ਦੇ ਖ਼ੇਤਰ 'ਚ ਵੱਡਮੁੱਲੀਆਂ ਸੇਵਾਵਾਂ ਦੇਣ ਲਈ ਸਨਮਾਨ

ਪਟਿਆਲਾ, 26 ਮਈ (ਚ.ਨ.ਸ) : ਪੋਲਿਊਸ਼ਨ ਫਰੀ ਇੰਡੀਆ ਪ੍ਰੋਜੈਕਟ ਇੰਟਲੈਕਚੁਅਲ ਫੋਰਮ ਵੱਲੋਂ ਖ਼ੂਨਦਾਨ ਦੇ ਖ਼ੇਤਰ ਵਿਚ ਵਿਸ਼ਵ ਪੱਧਰੀ ਰਿਕਾਰਡ ਸੇਵਾਵਾਂ ਦੇਣ ਅਤੇ ਖ਼ੂਨ ਦੀਆਂ 35000 ਤੋਂ ਵੱਧ ਯੂਨਿਟਾਂ ਦਾਨ ਕਰਵਾ ਕੇ ਇੱਕ ਲੱਖ ਤੋਂ ਵੱਧ ਜ਼ਿੰਦਗੀਆਂ ਬਚਾਉਣ ਵਾਲੇ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਹਰਦੀਪ ਸਿੰਘ ਸਨੌਰ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਵਿਖੇ ਸਨਮਾਨਿਤ ਕੀਤਾ ਗਿਆ। ਸ਼੍ਰੀ ਹਰਦੀਪ ਸਿੰਘ ਸਨੌਰ ਨੂੰ ਸਨਮਾਨਿਤ ਕਰਦਿਆਂ ਅੰਤਰਾਸ਼ਟਰੀ ਲੇਖਕ, ਸਿੱਖਿਆ ਸ਼ਾਸਤਰੀ ਅਤੇ ਸੰਸਥਾ ਦੇ ਸੰਚਾਲਕ ਅਨਿਲ ਕੁਮਾਰ ਭਾਰਤੀ ਨੇ ਦੱਸਿਆ ਕਿ ਪਿਛਲੇ 14 ਸਾਲਾਂ ਤੋਂ ਹਰ ਮਹੀਨੇ ਦੀ 5 ਅਤੇ 20 ਤਰੀਕਾਂ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਲਗਾਤਾਰ ਖ਼ੂਨਦਾਨ ਕੈਂਪ ਲਗਾਉਣ ਦਾ ਵਿਸ਼ਵ ਰਿਕਾਰਡ ਸਥਾਪਿਤ ਕਰਨ ਕਾਰਨ ਹਰਦੀਪ ਸਿੰਘ ਸਨੌਰ ਦਾ ਸਨਮਾਨ ਕਰਦੇ ਹੋਏ ਉਹ ਖ਼ੁਦ ਨੂੰ ਸਨਮਾਨਿਤ ਮਹਿਸੂਸ ਕਰ ਰਹੇ ਹਨ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਪਟਿਆਲਾ ਦੇ ਚੇਅਰਮੈਨ ਤੇਜਿੰਦਰ ਮਹਿਤਾ ਨੇ ਵੀ ਇਸ ਸਨਮਾਨ ਸਮਾਰੋਹ ਵਿੱਚ ਪਧਾਰ ਕੇ ਮਿਸ਼ਨ ਲਾਲੀ ਤੇ ਹਰਿਆਲੀ ਰਾਹੀਂ ਹਰਦੀਪ ਸਿੰਘ ਸਨੌਰ ਦੇ ਅਤੁੱਲ ਸੇਵਾ ਕਾਰਜਾਂ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। ਇਸ ਮੌਕੇ 'ਤੇ ਅੰਤਰਰਾਸ਼ਟਰੀ ਲੇਖਕ, ਸਿੱਖਿਆ ਸ਼ਾਸਤਰੀ ਅਤੇ ਪੋਲਯੂਸ਼ਨ ਫਰੀ ਇੰਡੀਆ ਪ੍ਰੋਜੈਕਟ ਇੰਟਲੈਕਚੁਅਲ ਫੋਰਮ ਦੇ



ਸੰਚਾਲਕ ਅਨਿਲ ਕੁਮਾਰ ਭਾਰਤੀ ਨੇ ਦੱਸਿਆ ਕਿ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਹਰਦੀਪ ਸਿੰਘ ਸਨੌਰ ਪਿਛਲੇ 20 ਸਾਲਾਂ ਤੋਂ ਖ਼ੂਨਦਾਨ ਸੇਵਾ ਵਿਚ ਜੁਟੇ ਹੋਏ ਹਨ। ਇਸ ਸਨਮਾਨ ਸਮਾਰੋਹ ਵਿੱਚ ਸਨਮਾਨਿਤ ਹੋਣ ਤੋਂ ਬਾਅਦ ਹਰਦੀਪ ਸਿੰਘ ਸਨੌਰ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਇਹ ਵੀ ਕਿਹਾ ਕਿ ਉਹ ਪਿਛਲੇ 14 ਸਾਲਾਂ ਤੋਂ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਵਿਚ ਹਰ ਮਹੀਨੇ ਦੀ 5 ਅਤੇ 20 ਤਰੀਕ ਨੂੰ ਖ਼ੂਨਦਾਨ ਕੈਂਪ ਲਗਾ ਕੇ ਲੋੜਵੰਦ ਮਰੀਜ਼ਾਂ ਨੂੰ ਖ਼ੂਨ ਮੁਹੱਈਆ ਕਰਵਾਉਂਦੇ ਆ ਰਹੇ ਹਨ।